
# ਫਰੈਡਰਿਕ ਏਂਗਲਜ਼

# ਸੋਸ਼ਲਿਜ਼ਮ:
# ਵਿਗਿਆਨਕ ਅਤੇ ਯੂਟੋਪੀਆਈ



ਸਾਰੇ ਦੇਸ਼ਾਂ ਦੇ ਮਜ਼ਦੂਰੋ, ਇੱਕ ਹੋ ਜਾਓ!

ਫ਼. ਏਂਗਲਜ਼

# ਸੋਸ਼ਲਿਜ਼ਮ:
# ਵਿਗਿਆਨਕ ਅਤੇ ਯੂਟੋਪੀਆਈ



ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ

(ਪੰਜਾਬੀ ਵਿਭਾਗ ਰਾਹੁਲ ਫਾਉਂਡੇਸ਼ਨ-ਲਖਨਊ)

ਸੋਸ਼ਲਿਜ਼ਮਃ ਵਿਗਿਆਨਕ ਅਤੇ ਯੂਟੋਪੀਆਈ — ਫ਼. ਏਂਗਲਜ਼

Socialism: Utopian and Scientific — F. Engels

ਇਹ ਐਡੀਸ਼ਨ — ਅਪ੍ਰੈਲ 2010

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ-ਲਖਨਊ)

ਪਤਾ — 69, ਬਾਬਾ ਕਾ ਪੁਰਵਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ-226006

ਟਾਈਪ ਸੈਟਿੰਗ — ਕੰਪਿਊਟਰ ਵਿਭਾਗ, ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ।

ਛਾਪਕ — ਸੈਂਟੋ ਪ੍ਰੈਸ, ਜੋਸ਼ੀ ਇਸਟੇਟ, ਨੇੜੇ ਟਾਂਡਾ ਫਾਟਕ, ਜਲੰਧਰ।

**ਕੀਮਤ : 35 ਰੁਪਏ**

# ਤਤਕਰਾ

1892 ਦੀ ਅੰਗ੍ਰੇਜ਼ੀ ਛਾਪ ਲਈ ਵਿਸ਼ੇਸ਼ ਭੂਮਿਕਾ . . . . . . . . . . . . . . . . . 5

**ਸੋਸ਼ਲਿਜ਼ਮ: ਵਿਗਿਆਨਕ ਅਤੇ ਯੂਟੋਪੀਆਈ**

I . . . . . . . . . . . . . . . . . . . . . . . . . . . . . . . . . . . . . . . 30

II . . . . . . . . . . . . . . . . . . . . . . . . . . . . . . . . . . . . . . 43

III . . . . . . . . . . . . . . . . . . . . . . . . . . . . . . . . . . . . . 52

ਨੋਟ . . . . . . . . . . . . . . . . . . . . . . . . . . . . . . . . . . . . 74

ਨਾਮਾਵਲੀ . . . . . . . . . . . . . . . . . . . . . . . . . . . . . . . . . 84

# 1892[1] ਦੀ ਅੰਗ੍ਰੇਜ਼ੀ ਛਾਪ ਲਈ ਵਿਸ਼ੇਸ਼ ਭੂਮਿਕਾ

ਇਹ ਨਿੱਕੀ ਕਿਤਾਬ ਮੁੱਢ ਵਿੱਚ ਇੱਕ ਵਡੇਰੀ ਇਕਾਈ ਦਾ ਹਿੱਸਾ ਸੀ। 1875 ਦੇ ਲਗਭਗ ਡਾ. ਯੂ. ਡੂਹਰਿੰਗ ਨੇ, ਜਿਹੜਾ ਬਰਲਿਨ ਯੂਨੀਵਰਸਿਟੀ ਵਿਖੇ ਇੱਕ **ਮੀਤ-ਪ੍ਰੋਫ਼ੈਸਰ** ਹੈ, ਅਚਾਨਕ ਅਤੇ ਕੁੱਝ ਸ਼ੋਰੀਲੇ ਢੰਗ ਨਾਲ਼ ਸੋਸ਼ਲਿਜ਼ਮ ਵੱਲ ਆਪਣੇ ਵਿਚਾਰਾਂ ਦੀ ਬਦਲੀ ਦਾ ਐਲਾਨ ਕਰ ਦਿੱਤਾ ਅਤੇ ਜਰਮਨ ਜਨਤਾ ਸਾਹਮਣੇ ਇੱਕ ਵਿਸਥਾਰਿਆ ਸੋਸ਼ਲਿਸਟ ਸਿਧਾਂਤ ਹੀ ਨਹੀਂ ਸਗੋਂ ਸਮਾਜ ਦੀ ਮੁੜ-ਜਥੇਬੰਦੀ ਲਈ ਇੱਕ ਮੁਕੰਮਲ ਅਮਲੀ ਪਲਾਨ ਵੀ ਪੇਸ਼ ਕਰ ਦਿੱਤੀ। ਅਸਲ ਗੱਲ ਤਾਂ ਇਹ ਹੈ ਕਿ ਉਹਨੇ ਆਪਣੇ ਤੋਂ ਪਹਿਲਿਆਂ ਸਭਨਾਂ ਉੱਤੇ ਹੱਲਾ ਬੋਲ ਦਿੱਤਾ ਅਤੇ ਉਹਨੇ ਸਭ ਤੋਂ ਵੱਧ, ਮਾਰਕਸ ਦੇ ਸਿਰ ਉੱਤੇ ਆਪਣੇ ਗ਼ੁੱਸੇ ਦੇ ਪੂਰੇ ਘੜੇ ਖ਼ਾਲੀ ਕਰਕੇ ਉਹਦਾ ਮਾਣ ਵਧਾਇਆ।

ਇਹ ਗੱਲ ਉਸ ਸਮੇਂ ਵਾਪਰੀ ਜਦੋਂ ਜਰਮਨੀ ਵਿੱਚ ਸੋਸ਼ਲਿਸਟ ਪਾਰਟੀ ਦੇ ਦੋ ਹਿੱਸੇ—ਆਈਜ਼ੇਨਾਖ਼ਵਾਦੀ ਅਤੇ ਲਾਸਾਲਵਾਦੀ[2]—ਇਕੱਠੇ ਹੋ ਗਏ ਸਨ ਅਤੇ ਇਉਂ ਉਹਨਾਂ ਨਾ ਕੇਵਲ ਆਪਣੀ ਸ਼ਕਤੀ ਵਿੱਚ ਅਥਾਹ ਵਾਧਾ ਪ੍ਰਾਪਤ ਕਰ ਲਿਆ ਸੀ ਸਗੋਂ, ਜਿਸ ਗੱਲ ਦੀ ਵਧੇਰੇ ਮਹੱਤਤਾ ਹੈ, ਆਪਣੀ ਸਮੁੱਚੀ ਸ਼ਕਤੀ ਨੂੰ ਸਾਂਝੇ ਦੁਸ਼ਮਣ ਵਿਰੁੱਧ ਵਰਤਣ ਦੀ ਯੋਗਤਾ ਪ੍ਰਾਪਤ ਕਰ ਲਈ ਸੀ। ਜਰਮਨੀ ਵਿੱਚ ਸੋਸ਼ਲਿਸਟ ਪਾਰਟੀ ਬੜੀ ਤੇਜ਼ੀ ਨਾਲ਼ ਇੱਕ ਸ਼ਕਤੀ ਬਣਦੀ ਜਾ ਰਹੀ ਸੀ। ਪਰ ਇਹਦੇ ਇੱਕ ਸ਼ਕਤੀ ਬਣਨ ਲਈ ਪਹਿਲੀ ਸ਼ਰਤ ਇਹ ਸੀ ਕਿ ਨਵੀਂ-ਜਿੱਤੀ ਏਕਤਾ ਨੂੰ ਖ਼ਤਰੇ ਵਿੱਚ ਨਾ ਪਾਇਆ ਜਾਵੇ। ਅਤੇ ਡਾ. ਡੂਹਰਿੰਗ ਨੇ ਖੁੱਲ੍ਹਮ-ਖੁੱਲ੍ਹਾ ਆਪਣੇ ਦਵਾਲ਼ੇ ਇੱਕ ਸੰਪ੍ਰਦਾ, ਭਵਿੱਖ ਦੀ ਇੱਕ ਵਿਸ਼ੇਸ਼ ਪਾਰਟੀ ਦਾ ਕੇਂਦਰਿਕ ਖੜਾ ਕਰਨ ਸ਼ੁਰੂ ਕਰ ਦਿੱਤਾ। ਇਸ ਲਈ ਇਹ ਲਾਜ਼ਮੀ ਹੋ ਗਿਆ ਕਿ ਅਸੀਂ ਬੀੜਾ ਚੁੱਕੀਏ ਅਤੇ ਭਾਵੇਂ ਸਾਨੂੰ ਚੰਗਾ ਲੱਗੇ ਭਾਵੇਂ ਨਾਂਹ, ਘੋਲ਼ ਅੰਤ ਤੱਕ ਲੜੀਏ।

ਇਹ ਗੱਲ, ਭਾਵੇਂ ਇਹ ਅਤਿ-ਅੰਤ ਔਖੀ ਨਾ ਹੋਵੇ, ਪ੍ਰਤੱਖ ਹੀ ਲੰਮੀਆਂ ਗੱਲਾਂ ਦਾ ਮਾਮਲਾ ਜਾਪਦੀ ਸੀ। ਜਿਹਾ ਕਿ ਚੰਗੀ ਤਰ੍ਹਾਂ ਪਤਾ ਹੀ ਹੈ ਸਾਡੇ ਜਰਮਨਾਂ ਵਿੱਚ ਇੱਕ ਭਿਆਨਕ ਹੱਦ ਤੱਕ ਬੋਝਲ Grundlichkeit, ਗੰਭੀਰ ਡੂੰਘਿਆਈ ਜਾਂ ਡੂੰਘੀ ਗੰਭੀਰਤਾ, ਜੋ ਵੀ ਨਾਂ ਤੁਸੀਂ ਇਹਨੂੰ ਦੇਣਾ ਚਾਹੋ, ਹੈ। ਜਦੋਂ ਸਾਡੇ ਵਿੱਚੋਂ ਕੋਈ ਵੀ ਉਹ ਗੱਲ ਪੇਸ਼ ਕਰਦਾ ਹੈ ਜਿਸਨੂੰ ਉਹ ਨਵੀਂ ਵਿਚਾਰਧਾਰਾ ਖ਼ਿਆਲ ਕਰਦਾ ਹੈ, ਤਾਂ ਇਹ ਲਾਜ਼ਮੀ ਹੈ ਕਿ ਉਹ ਇੱਕ ਵਿਆਪਕ ਪ੍ਰਬੰਧ ਵਿਸਥਾਰੇ। ਉਹਨੂੰ ਇਹ ਸਾਬਤ ਕਰਨਾ ਪੈਂਦਾ ਹੈ ਕਿ ਮੰਤਕ ਦੇ ਪਹਿਲੇ ਨਿਯਮ ਅਤੇ ਬ੍ਰਹਿਮੰਡ ਦੇ ਬੁਨਿਆਦੀ ਨਿਯਮ, ਜਿਹੜੇ ਆਦਿ-ਜੁਗਾਦ ਤੋਂ ਹੋਂਦ ਵਿੱਚ ਰਹੇ ਹਨ, ਕੇਵਲ ਇਸ ਮੰਤਵ ਲਈ ਹੋਂਦ ਵਿੱਚ ਰਹੇ ਹਨ ਕਿ ਉਹ ਅੰਤ ਇਸ ਨਵੇਂ-ਲੱਭੇ ਅੰਤਮ ਸਿਧਾਂਤ ਤੱਕ ਅਪੜਨ ਅਤੇ ਇਸ ਸਬੰਧ ਵਿੱਚ ਡਾ. ਡੂਹਰਿੰਗ ਇਸ ਕੌਮੀ ਪੱਧਰ 'ਤੇ ਐਨ ਪੂਰਾ ਉਤਰਿਆ। ਇੱਕ ਮੁਕੰਮਲ ਦਿਮਾਗ਼ੀ, ਸਦਾਚਾਰਕ, ਪ੍ਰਕਿਰਤਕ ਅਤੇ ਇਤਿਹਾਸਕ

"ਦਰਸ਼ਨ ਦੀ ਪ੍ਰਣਾਲੀ"; ਇੱਕ ਮੁਕੰਮਲ "ਰਾਜਨੀਤਕ ਆਰਥਕਤਾ ਅਤੇ ਸੋਸ਼ਲਿਜ਼ਮ ਦੀ ਪ੍ਰਣਾਲੀ" ਅਤੇ ਅੰਤ ਇੱਕ "ਰਾਜਨੀਤਕ ਆਰਥਕਤਾ ਦਾ ਪੜਚੋਲੀ ਇਤਿਹਾਸ"—ਤਿੰਨ ਮੋਟੀਆਂ ਅੱਠ-ਪੱਤਰੀ ਸੈਂਚੀਆਂ, ਜਿਹੜੀਆਂ ਅੰਤਰਮੁਖੀ ਅਤੇ ਬਾਹਰਮੁਖੀ ਦੋਹਾਂ ਪੱਖਾਂ ਤੋਂ ਬੋਝਲ ਸਨ, ਦਲੀਲਾਂ ਦੀਆਂ ਤਿੰਨ ਫ਼ੌਜੀ ਕੋਰਾਂ ਜਿਹੜੀਆਂ ਪਹਿਲੀਆਂ ਦੇ ਸਭਨਾਂ ਦਾਰਸ਼ਨਿਕਾਂ ਅਤੇ ਅਰਥ-ਵਿਗਿਆਨੀਆਂ ਅਤੇ ਵਿਸ਼ੇਸ਼ ਤੌਰ 'ਤੇ ਮਾਰਕਸ ਵਿਰੁੱਧ ਲਾਮ-ਬੰਦ ਕੀਤੀਆਂ ਗਈਆਂ ਸਨ—ਤੱਥ ਤਾਂ ਇਹ ਹੈ ਕਿ "ਵਿਗਿਆਨ ਵਿੱਚ" ਮੁਕੰਮਲ "ਇਨਕਲਾਬ" ਦਾ ਯਤਨ—ਮੈਨੂੰ ਜਿਸ ਗੱਲ ਨਾਲ਼ ਨਿਬੜਨਾ ਪਿਆ ਉਹ ਇਸ ਤੋਂ ਘੱਟ ਕੁੱਝ ਨਹੀਂ ਸੀ। ਮੈਨੂੰ ਸਭਨਾਂ ਅਤੇ ਹਰ ਸੰਭਵ ਵਿਸ਼ੇ ਨਾਲ਼ ਨਿਬੜਨਾ ਪਿਆ, ਸਮੇਂ ਅਤੇ ਸਥਾਨ ਦੇ ਸੰਕਲਪ ਤੋਂ ਲੈ ਕੇ ਦੋਧਾਤੀਵਾਦ[3] ਤੱਕ; ਪਦਾਰਥ ਅਤੇ ਗਤੀ ਦੀ ਅਨੰਤਤਾ ਤੋਂ ਲੈ ਕੇ ਸਦਾਚਾਰਕ ਵਿਚਾਰਾਂ ਦੀ ਨਾਸ਼ਵਾਨਤਾ ਤੱਕ; ਡਾਰਵਿਨ ਦੇ ਪ੍ਰਕਿਰਤਕ ਚੋਣ ਦੇ ਸਿਧਾਂਤ ਤੋਂ ਭਵਿੱਖ ਦੇ ਸਮਾਜ ਵਿੱਚ ਜਵਾਨਾਂ ਦੀ ਵਿੱਦਿਆ ਤੱਕ. ਪਰ, ਮੇਰੇ ਵਿਰੋਧੀ ਦੀ ਨੇਮ-ਬੱਧ ਵਿਆਪਕਤਾ ਨੇ ਮੈਨੂੰ ਇਸ ਗੱਲ ਦਾ ਅਵਸਰ ਦਿੱਤਾ ਕਿ ਮੈਂ ਉਹਦੇ ਵਿਰੋਧ ਵਿੱਚ ਅਤੇ ਪਹਿਲਾਂ ਕਿਸੇ ਸਮੇਂ ਨਾਲ਼ੋਂ ਵਧੇਰੇ ਜੁੜੇ ਰੂਪ ਵਿੱਚ ਅਨੇਕ ਵਿਸ਼ਿਆਂ ਸਬੰਧੀ ਉਹਨਾਂ ਵਿੱਚਾਰਾਂ ਨੂੰ ਵਿਕਸਤ ਕਰਾਂ ਜਿਹੜੇ ਮਾਰਕਸ ਅਤੇ ਮੈਂ ਰੱਖਦੇ ਸਾਂ ਅਤੇ ਇਸੇ ਕਾਰਨ ਮੈਨੂੰ ਇਹ ਨਾਸ਼ੁਕਰਾ ਕੰਮ ਕਰਨ 'ਤੇ ਮਜਬੂਰ ਹੋਣਾ ਪਿਆ।

ਮੇਰਾ ਜਵਾਬ ਲਾਈਪਜ਼ਿਗ ਤੋਂ ਛੱਪਦੇ ਪੱਤਰ "Vorwarts" ਵਿੱਚ, ਜਿਹੜਾ ਸੋਸ਼ਲਿਸਟ ਪਾਰਟੀ ਦਾ ਮੁੱਖ ਤਰਜਮਾਨ ਹੈ, ਲੜੀਵਾਰ ਅਤੇ ਪਿੱਛੋਂ ਜਾ ਕੇ ਪੁਸਤਕ "Herrn Eugen Duhring's Umwalzung der Wissenschaft" ("ਸ਼੍ਰੀ ਯੂ. ਡੂਹਰਿੰਗ ਦੀ ਵਿਗਿਆਨ ਵਿੱਚ ਇਨਕਲਾਬ") ਦੇ ਰੂਪ ਵਿੱਚ ਛਪਿਆ, ਜਿਸਦੀ ਦੂਜੀ ਛਾਪ 1886 ਵਿੱਚ ਜ਼ਿਊਰਿਖ਼ ਵਿਖੇ ਪ੍ਰਕਾਸ਼ਤ ਹੋਈ।

ਆਪਣੇ ਮਿੱਤਰ ਪਾਲ ਲਫ਼ਾਰਗ ਦਾ ਬੇਨਤੀ ਉੱਤੇ, ਜਿਹੜਾ ਹੁਣ ਫ਼ਰਾਂਸੀਸੀ ਪ੍ਰਤਿਨਿੱਧ ਸਭਾ ਵਿੱਚ ਲਿਲੀ ਦਾ ਪ੍ਰਤਿਨਿੱਧ ਹੈ, ਮੈਂ ਇਸ ਪੁਸਤਕ ਦੇ ਤਿੰਨ ਕਾਂਡ ਇੱਕ ਪੈਂਫ਼ਲਟ ਦੇ ਰੂਪ ਵਿੱਚ ਜੋੜੇ, ਜਿਸਦਾ ਉਹਨੇ ਅਨੁਵਾਦ ਕੀਤਾ ਅਤੇ 1880 ਵਿੱਚ ਇਸ ਸਿਰਲੇਖ ਹੇਠ ਛਾਪਿਆ "Socialisme utopique it Socialisme scientifique"। ਇਸ ਫ਼ਰਾਂਸੀਸੀ ਪਾਠ ਤੋਂ ਇੱਕ ਪੋਲਿਸਤਾਨੀ ਅਤੇ ਇੱਕ ਸਪੇਨੀ ਛਾਪ ਤਿਆਰ ਕੀਤੀ ਗਈ। 1883 ਵਿੱਚ ਸਾਡੇ ਜਰਮਨ ਮਿੱਤਰਾਂ ਨੇ ਪੈਂਫ਼ਲਟ ਇਹਦੀ ਅਸਲੀ ਭਾਸ਼ਾ ਵਿੱਚ ਛਾਪਿਆ। ਉਸ ਤੋਂ ਪਿੱਛੋਂ ਜਰਮਨ ਛਾਪ ਉੱਤੇ ਆਧਾਰਤ ਅਤਾਲਵੀ, ਰੂਸੀ, ਡੇਨਿਸ਼, ਡੱਚ ਅਤੇ ਰੁਮਾਨਵੀ ਭਾਸ਼ਾਵਾਂ ਦੀਆਂ ਛਾਪਾਂ ਪ੍ਰਕਾਸ਼ਤ ਕੀਤੀਆਂ ਗਈਆਂ। ਸੋ, ਇਸ ਅੰਗ੍ਰੇਜ਼ੀ ਛਾਪ ਨਾਲ਼ ਇਹ ਨਿੱਕੀ ਪੁਸਤਕ ਦਸਾਂ ਭਾਸ਼ਾਵਾਂ ਵਿੱਚ ਪ੍ਰਚਲਤ ਹੋ ਗਈ ਹੈ। ਮੈਨੂੰ ਇਸ ਗੱਲ ਦਾ ਪਤਾ ਨਹੀਂ ਕਿ ਕੋਈ ਹੋਰ ਸੋਸ਼ਲਿਸਟ ਕਿਰਤ, ਸਾਡਾ 1848 ਦਾ "ਕਮਿਊਨਿਸਟ ਮੈਨੀਫ਼ੈਸਟੋ" ਜਾਂ ਮਾਰਕਸ ਦਾ 'ਸਰਮਾਇਆ' ਵੀ ਏਨੀ ਵਾਰ ਅਨੁਵਾਦੇ ਗਏ ਹਨ। ਜਰਮਨੀ ਵਿੱਚ ਇਹਦੀਆਂ ਚਾਰ ਛਾਪਾਂ ਕੁੱਲ ਲਗਭਗ 20,000 ਕਾਪੀਆਂ ਵਿੱਚ ਛਪ ਚੁੱਕੀਆਂ

ਹਨ।

ਜ਼ਮੀਮਾ "ਮਾਰਕ"[4] ਜਰਮਨ ਸੋਸ਼ਲਿਸਟ ਪਾਰਟੀ ਅੰਦਰ ਜਰਮਨੀ ਵਿੱਚ ਭੋਂ ਦੀ ਮਾਲਕੀ ਦੇ ਇਤਿਹਾਸ ਅਤੇ ਵਿਕਾਸ ਸਬੰਧੀ ਕੁੱਝ ਮੁੱਢਲਾ ਗਿਆਨ ਫੈਲਾਉਣ ਲਈ ਲਿਖਿਆ ਗਿਆ ਸੀ। ਇਹ ਅਜਿਹੇ ਸਮੇਂ ਹੋਰ ਵੀ ਜ਼ਰੂਰੀ ਜਾਪਦਾ ਸੀ ਜਦੋਂ ਉਸ ਪਾਰਟੀ ਵੱਲੋਂ ਸ਼ਹਿਰਾਂ ਦੇ ਕਿਰਤੀ ਲੋਕਾਂ ਨੂੰ ਸਮੋ ਲੈਣ ਦਾ ਅਮਲ ਮੁਕੰਮਲ ਹੋਣ ਦੇ ਚੋਖਾ ਨੇੜੇ ਅੱਪੜ ਗਿਆ ਸੀ ਅਤੇ ਜਦੋਂ ਖੇਤ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਹੱਥ ਵਿੱਚ ਲਿਆ ਜਾਣਾ ਸੀ। ਇਹ ਜ਼ਮੀਮਾ ਇਸ ਅਨੁਵਾਦ ਵਿੱਚ ਸ਼ਾਮਲ ਕਰ ਲਿਆ ਗਿਆ ਹੈ ਕਿਉਂਕਿ ਸਭਨਾਂ ਟਿਊਟਾਨਕ ਕਬੀਲਿਆਂ ਵਿੱਚ ਸਾਂਝੀ ਜ਼ਮੀਨ-ਮਾਲਕੀ ਦੇ ਮੁੱਢਲੇ ਰੂਪਾਂ ਅਤੇ ਉਹਨਾਂ ਦੇ ਨਿਘਾਰ ਦੇ ਇਤਿਹਾਸ ਦੀ ਇੰਗਲੈਂਡ ਵਿੱਚ ਜਰਮਨੀ ਨਾਲ਼ੋਂ ਵੀ ਘੱਟ ਵਾਕਫ਼ੀ ਹੈ। ਮੈਂ ਪਾਠ ਨੂੰ ਉਸੇ ਰੂਪ ਵਿੱਚ ਰਹਿਣ ਦਿੱਤਾ ਹੈ ਜਿਸ ਵਿੱਚ ਇਹ ਮੌਲਕ ਲਿਖਤ ਵਿੱਚ ਹੈ ਅਤੇ ਉਸ ਮਿੱਥਣ ਵੱਲ ਇਸ਼ਾਰਾ ਨਹੀਂ ਕੀਤਾ ਜਿਹੜੀ ਪਿੱਛੇ ਜਿਹੇ ਮੈਕਸਿਮ ਕੋਵਲੇਵਸਕੀ ਨੇ ਸ਼ੁਰੂ ਕੀਤੀ ਹੈ, ਜਿਸ ਅਨੁਸਾਰ ਮਾਰਕ ਦੇ ਵਿਅਕਤੀਆਂ ਵਿੱਚ ਵਾਹੀ-ਯੋਗ ਅਤੇ ਚਰਾਂਦਾਂ ਦੇ ਭੋਂ ਦੀ ਵੰਡ ਤੋਂ ਪਹਿਲਾਂ ਇਹ ਸਾਂਝੇ-ਖਾਤੇ 'ਤੇ ਇੱਕ ਵੱਡੇ ਪਿੱਤਰੀ ਪਰਿਵਾਰਕ ਭਾਈਚਾਰੇ ਵੱਲੋਂ, ਜਿਸ ਵਿੱਚ ਕਈ ਪੀੜ੍ਹੀਆਂ ਸਨ, ਵਾਹੀ ਜਾਂਦੀ ਰਹੀ (ਜਿਵੇਂ ਅੱਜ ਤੱਕ ਸਥਾਪਤ ਦੱਖਣੀ ਸਲਾਵੋਨੀਅਨ ਜ਼ਾਦਰੂਗਾ ਤੋਂ ਸਾਬਤ ਹੁੰਦਾ ਹੈ); ਅਤੇ ਪਿੱਛੋਂ ਜਾ ਕੇ ਵੰਡ ਉਦੋਂ ਹੋਈ ਜਦੋਂ ਭਾਈਚਾਰਾ ਏਨਾ ਵੱਡਾ ਹੋ ਗਿਆ ਕਿ ਸਾਂਝੇ-ਖਾਤੇ ਦੇ ਪ੍ਰਬੰਧ ਲਈ ਇਹ ਸਾਂਭਣਯੋਗ ਨਾ ਰਿਹਾ। ਸ਼ਾਇਦ ਕੋਵਾਲੇਵਸਕੀ ਠੀਕ ਹੈ ਪਰ ਮਾਮਲਾ ਅਜੇ sub judice (ਜ਼ੇਰ-ਸਮਾਅਤ) ਹੈ। ਇਸ ਕਿਰਤ ਵਿੱਚ ਜਿਹੜੀਆਂ ਆਰਥਕ ਇਸਤਲਾਹਾਂ ਵਰਤੀਆਂ ਗਈਆਂ ਹਨ, ਜਿੱਥੋਂ ਤੱਕ ਉਹ ਨਵੀਆਂ ਹਨ, ਉਹ ਮਾਰਕਸ ਦੀ "ਪੂੰਜੀ" ਦੇ ਅੰਗ੍ਰੇਜ਼ੀ ਅਨੁਵਾਦ ਵਿੱਚ ਵਰਤੀਆਂ ਇਸਤਲਾਹਾਂ ਨਾਲ਼ ਮੇਲ ਖਾਂਦੀਆਂ ਹਨ। ਅਸੀਂ "ਜਿਣਸਾਂ ਦਾ ਉਤਪਾਦਨ" ਉਸ ਆਰਥਕ ਪੜਾਅ ਨੂੰ ਕਹਿੰਦੇ ਹਾਂ ਜਿਸ ਵਿੱਚ ਵਸਤਾਂ ਉਹਨਾਂ ਦੇ ਉਪਜਕਾਰਾਂ ਦੀ ਵਰਤੋਂ ਲਈ ਹੀ ਨਹੀਂ ਸਗੋਂ ਵਟਾਂਦਰੇ ਦੇ ਮੰਤਵ ਲਈ ਵੀ ਪੈਦਾ ਕੀਤੀਆਂ ਜਾਂਦੀਆਂ ਹਨ, ਅਰਥਾਤ **ਜਿਣਸਾਂ ਵਜੋਂ** ਨਾ ਕਿ ਵਰਤੋਂ ਕਦਰਾਂ ਵਜੋਂ। ਇਹ ਦੌਰ ਵਟਾਂਦਰੇ ਲਈ ਉਤਪਾਦਨ ਦੇ ਪਹਿਲੇ ਮੁੱਢ ਤੋਂ ਸਾਡੇ ਵਰਤਮਾਨ ਸਮੇਂ ਤੱਕ ਫੈਲਿਆ ਹੋਇਆ ਹੈ; ਇਹ ਆਪਣਾ ਪੂਰਾ ਵਿਕਾਸ ਸਰਮਾਏਦਾਰ ਉਤਪਾਦਨ ਅਧੀਨ ਹੀ ਪ੍ਰਾਪਤ ਕਰਦਾ ਹੈ, ਅਰਥਾਤ, ਉਹਨਾਂ ਪ੍ਰਸਥਿਤੀਆਂ ਅਧੀਨ ਜਿੱਥੇ ਸਰਮਾਏਦਾਰ, ਉਤਪਾਦਨ ਦੇ ਸਾਧਨਾਂ ਦਾ ਮਾਲਕ, ਮਜ਼ਦੂਰਾਂ ਨੂੰ, ਅਜਿਹੇ ਲੋਕਾਂ ਨੂੰ ਜਿਹੜੇ ਆਪਣੀ ਕਿਰਤ-ਸ਼ਕਤੀ ਤੋਂ ਬਿਨਾਂ ਉਤਪਾਦਨ ਦੇ ਸਭ ਸਾਧਨਾਂ ਤੋਂ ਵਿਰਵੇ ਹਨ, ਉਜਰਤ ਉੱਤੇ ਨੌਕਰ ਰੱਖਦਾ ਹੈ ਅਤੇ ਵਸਤਾਂ ਦੀ ਲਾਗਤ ਤੋਂ ਵਾਧੂ ਵਿਕਰੀ-ਕੀਮਤ ਆਪਣੇ ਜੇਬ ਵਿੱਚ ਪਾ ਲੈਂਦਾ ਹੈ। ਅਸੀਂ ਮੱਧ-ਕਾਲ ਤੋਂ ਸਨਅਤੀ ਉਤਪਾਦਨ ਨੂੰ ਤਿੰਨ ਸਮਿਆਂ ਵਿੱਚ ਵੰਡਦੇ ਹਾਂ: 1. ਦਸਤਕਾਰੀ, ਨਿੱਕੇ ਉਸਤਾਦ ਕਾਰੀਗਰ ਜਿਨ੍ਹਾਂ ਨਾਲ਼ ਕੁੱਝ ਦਿਹਾੜੀਦਾਰ ਕਾਰੀਗਰ ਅਤੇ ਸ਼ਾਗਿਰਦ ਹੁੰਦੇ ਸਨ, ਜਿੱਥੇ ਹਰ ਮਜ਼ਦੂਰ ਪੂਰੀ ਵਸਤ ਤਿਆਰ ਕਰਦਾ ਹੈ; 2. ਕਾਰਖਾਨੇਦਾਰੀ (manufacture), ਜਿਸ ਵਿੱਚ ਕਿਰਤੀਆਂ ਦੀ ਵਡੇਰੀ ਗਿਣਤੀ, ਜਿਨ੍ਹਾਂ ਨੂੰ ਇੱਕ ਵੱਡੀ

ਸੰਸਥਾ ਵਿੱਚ ਇਕੱਤਰ ਕੀਤਾ ਜਾਂਦਾ ਹੈ, ਜੋ ਕਿਰਤ ਦੀ ਵੰਡ ਦੇ ਆਧਾਰ ਉੱਤੇ ਮੁਕੰਮਲ ਵਸਤ ਤਿਆਰ ਕਰਦੇ ਹਨ, ਹਰ ਕਿਰਤੀ ਇੱਕ ਜੁਜ਼ਵੀ ਅਮਲ ਕਰਦਾ ਹੈ ਅਤੇ ਵਸਤ ਵਾਰੋ-ਵਾਰੀ ਸਭਨਾਂ ਹੱਥਾਂ ਵਿੱਚੋਂ ਲੰਘਣ ਪਿੱਛੋਂ ਹੀ ਮੁਕੰਮਲ ਹੁੰਦੀ ਹੈ; 3. ਨਵੀਨ ਸਨਅਤ, ਜਿੱਥੇ ਉਪਜ ਸ਼ਕਤੀ ਨਾਲ਼ ਚੱਲਦੀ ਮਸ਼ੀਨ ਰਾਹੀਂ ਤਿਆਰ ਕੀਤੀ ਜਾਂਦੀ ਹੈ ਅਤੇ ਮਜ਼ਦੂਰ ਦਾ ਕੰਮ ਮਸ਼ੀਨੀ ਸਾਧਨ ਦੇ ਕੰਮਾਂ ਦੀ ਨਿਗਰਾਨੀ ਕਰਨਾ ਅਤੇ ਇਹਨੂੰ ਠੀਕ ਕਰਨਾ ਹੀ ਰਹਿ ਜਾਂਦਾ ਹੈ।

ਮੈਨੂੰ ਇਸ ਗੱਲ ਦੀ ਪੂਰੀ ਸੋਝੀ ਹੈ ਕਿ ਬਰਤਾਨਵੀ ਜਨਤਾ ਦੇ ਚੋਖੇ ਹਿੱਸੇ ਵੱਲੋਂ ਇਸ ਕਿਰਤ ਦੀ ਸਮੱਗਰੀ ਉੱਤੇ ਇਤਰਾਜ਼ ਕੀਤੇ ਜਾਣਗੇ। ਪਰ ਜੇ ਅਸਾਂ ਮਹਾਂਦੀਪੀਆਂ ਨੇ ਬਰਤਾਨਵੀ "ਸਾਊਪੁਣੇ" ਦੇ ਤਅੱਸਬਾਂ ਦੇ ਮਾੜੇ ਤੋਂ ਮਾੜਾ ਖ਼ਿਆਲ ਵੀ ਰੱਖਿਆ ਹੁੰਦਾ ਤਾਂ ਸਾਡੀ ਹਾਲਤ ਅੱਜ ਤੋਂ ਵੀ ਨਿੱਘਰੀ ਹੁੰਦੀ। ਇਹ ਪੁਸਤਕ "ਇਤਿਹਾਸਕ ਪਦਾਰਥਵਾਦ" ਦੀ ਹਮਾਇਤ ਕਰਦੀ ਹੈ ਅਤੇ "ਪਦਾਰਥਵਾਦ" ਦਾ ਸ਼ਬਦ ਬਰਤਾਨਵੀ ਪਾਠਕਾਂ ਦੀ ਭਾਰੀ ਬਹੁ-ਗਿਣਤੀ ਦੇ ਕੰਨਾਂ ਵਿੱਚ ਰੜਕਦਾ ਹੈ। "ਅ-ਬੋਧਵਾਦ"[5] ਸਹਾਰਿਆ ਜਾ ਸਕਦਾ ਹੈ ਪਰ ਪਦਾਰਥਵਾਦ ਉੱਕਾ ਹੀ ਨਹੀਂ ਸਹਾਰਿਆ ਜਾ ਸਕਦਾ।

ਪਰ ਇਹਦੇ ਬਾਵਜੂਦ ਸਤਾਰ੍ਹਵੀਂ ਸਦੀ ਤੋਂ ਲੈ ਕੇ ਸਾਰੇ ਨਵੀਨ ਪਦਾਰਥਵਾਦ ਦਾ ਘਰ ਇੰਗਲੈਂਡ ਹੈ।

"ਪਦਾਰਥਵਾਦ ਮਹਾਨ ਬਰਤਾਨੀਆ ਦਾ ਸਕਾ ਪੁੱਤਰ ਹੈ। ਬਰਤਾਨਵੀਂ schoolman[6] ਡਨਜ਼ ਸਕਾਟਸ ਨੇ ਪਹਿਲਾਂ ਹੀ ਪੁੱਛਿਆ 'ਕੀ ਪਦਾਰਥ ਲਈ ਸੋਚਣਾ ਅਸੰਭਵ ਸੀ ?'

"ਇਹ ਚਮਤਕਾਰ ਕਰਨ ਲਈ ਉਹਨੇ ਪ੍ਰਮਾਤਮਾ ਦੀ ਸਰਬ-ਸ਼ਕਤੀਮਾਨਤਾ ਪਿੱਛੇ ਸ਼ਰਨ ਲਈ, ਅਰਥਾਤ, ਉਹਨੇ ਧਰਮ-ਵਿੱਦਿਆ[7] ਤੋਂ ਪਦਾਰਥਵਾਦ ਦਾ ਪ੍ਰਚਾਰ ਕਰਵਾਇਆ। ਇਹੋ ਨਹੀਂ ਉਹ ਨਾਂ-ਵਾਦੀ[8] ਸੀ। ਨਾਂ-ਵਾਦ, ਜਿਹੜਾ ਪਦਾਰਥਵਾਦ ਦਾ ਪਹਿਲਾ ਰੂਪ ਹੈ, ਮੁੱਖ ਤੌਰ 'ਤੇ ਅੰਗ੍ਰੇਜ਼ schoolman ਵਿੱਚ ਮਿਲਦਾ ਹੈ।

"ਅੰਗ੍ਰੇਜ਼ੀ ਪਦਾਰਥਵਾਦ ਦਾ ਅਸਲ ਜਨਮ-ਦਾਤਾ ਬੇਕਨ ਹੈ। ਉਹਦੇ ਲਈ ਪ੍ਰਕਿਰਤਕ ਦਰਸ਼ਨ ਇੱਕੋ ਇੱਕ ਸੱਚਾ ਦਰਸ਼ਨ ਹੈ ਅਤੇ ਇੰਦਰੀਆਂ ਦੇ ਅਨੁਭਵ ਉੱਤੇ ਅਧਾਰਤ ਭੌਤਕ-ਵਿਗਿਆਨਕ ਪ੍ਰਕਿਰਤਕ ਦਰਸ਼ਨ ਦਾ ਸਭ ਤੋਂ ਪ੍ਰਮੁੱਖ ਹਿੱਸਾ ਹੈ। ਅਨਾਜ਼ਾਗੋਰਾਸ ਅਤੇ ਉਹਦੇ ਪਦਾਰਥ ਦੇ ਹੋਮਿਓਮੀਰੀਏ[9], ਡੈਮੋਕਰਾਈਟਸ ਅਤੇ ਉਹਦੀਆਂ ਐਟਮਾਂ ਦੀ ਉਹ ਅਕਸਰ ਅਧਿਕਾਰਤ ਵਿਅਕਤੀਆਂ ਵਜੋਂ ਟੂਕ ਦੇਂਦਾ ਹੈ। ਉਸ ਅਨੁਸਾਰ ਸਭੇ ਗਿਆਨ-ਇੰਦਰੀਆਂ ਅਭੁੱਲ ਹਨ ਅਤੇ ਉਹ ਸਾਰੇ ਗਿਆਨ ਦਾ ਸੋਮਾ ਹਨ। ਸਾਰਾ ਵਿਗਿਆਨ ਅਨੁਭਵ ਉੱਤੇ ਅਧਾਰਤ ਹੈ ਅਤੇ ਇਹ ਇੰਦਰੀਆਂ ਵੱਲੋਂ ਦਿੱਤੀ ਸਮੱਗਰੀ ਨੂੰ ਖੋਜ ਦੇ ਮੰਤਕੀ ਢੰਗਾਂ ਨਾਲ਼ ਪਰਖਣਾ ਹੈ। ਵਿਆਪਤੀ, ਵਿਸ਼ਲੇਸ਼ਣ, ਤੁਲਨਾ, ਨਿਰੀਖਣ, ਤਜ਼ਰਬਾ ਅਜਿਹੇ ਮੰਤਕੀ ਢੰਗ ਦੇ ਮੁੱਖ ਰੂਪ ਹਨ। ਪਦਾਰਥ ਵਿੱਚ ਜਿਹੜੀਆਂ ਅੰਤ੍ਰੀਵ ਸਿਫ਼ਤਾਂ ਹਨ, ਉਹਨਾਂ ਵਿੱਚੋਂ ਗਤੀ ਪਹਿਲੀ ਅਤੇ ਪ੍ਰਮੁੱਖ ਹੈ, ਨਾ ਕੇਵਲ ਮਸ਼ੀਨੀ ਅਤੇ

ਗਣਤਕ ਗਤੀ ਦੇ ਰੂਪ ਵਿੱਚ ਸਗੋਂ ਮੁੱਖ ਤੌਰ 'ਤੇ ਪਦਾਰਥ ਦੀ ਇੱਕ ਲਹਿਰ, ਇੱਕ ਲਾਜ਼ਮੀ ਭਾਵ, ਇੱਕ ਖਿਚਾਅ—ਜਾਂ ਜੈਕਬ ਬੋਹਮੇ ਦੀ ਇਸਤਲਾਹ ਵਰਤਦੇ ਹੋਏ [Qual] ("ਵੇਦਨਾ")—ਵਜੋਂ।

"ਇਹਦੇ ਰਚਣਹਾਰੇ ਬੇਕਨ ਵਿੱਚ, ਪਦਾਰਥਵਾਦ ਆਪਣੇ ਆਪ ਵਿੱਚ ਬਹੁ-ਪੱਖੀ ਵਿਕਾਸ ਦੇ ਅੰਕੁਰ ਡਕਦਾ ਹੈ। ਇੱਕ ਹੱਥ ਪਦਾਰਥ, ਜਿਹੜਾ ਇੰਦਰਿਆਵੀ, ਕਾਵਿਮਈ ਠਾਠ ਨਾਲ਼ ਘਿਰਿਆ ਹੋਇਆ ਹੈ, ਰਿਝਾਉਣੀਆਂ ਮੁਸਕਾਨਾਂ ਨਾਲ਼ ਮਨੁੱਖ ਦੀ ਸਾਰੀ ਹੋਂਦ ਨੂੰ ਖਿੱਚਦਾ ਜਾਪਦਾ ਹੈ। ਦੂਜੇ ਹੱਥ ਗੁਰਾਂ ਰਾਹੀਂ ਨਿਰੂਪਿਆ ਸਿਧਾਂਤ ਧਰਮ-ਵਿੱਦਿਆ ਤੋਂ ਦਰਾਮਦ ਕੀਤੇ ਅਣਮੇਲਾਂ ਨਾਲ਼ ਭਰਪੂਰ ਹੈ।

"ਆਪਣੇ ਹੋਰ ਵਿਕਾਸ ਵਿੱਚ ਪਦਾਰਥਵਾਦ ਇੱਕ-ਪੱਖੀ ਹੋ ਜਾਂਦਾ ਹੈ। ਹਾਬਜ਼ ਉਹ ਵਿਅਕਤੀ ਹੈ ਜਿਹੜਾ ਬੇਕਨਵਾਦੀ ਪਦਾਰਥਵਾਦ ਨੂੰ ਸੂਤਰਬੱਧ ਕਰਦਾ ਹੈ। ਇੰਦਰੀਆਂ ਦੇ ਆਧਾਰ ਉੱਤੇ ਪ੍ਰਾਪਤ ਗਿਆਨ ਦਾ ਕਾਵਿਮਈ ਖੇੜਾ ਖ਼ਤਮ ਹੋ ਜਾਂਦਾ ਹੈ, ਇਹ ਗਣਿਤ-ਵਿਗਿਆਨੀ ਦੇ ਸੂਖਮ ਅਨੁਭਵ ਵਿੱਚ ਤਬਦੀਲ ਹੋ ਜਾਂਦਾ ਹੈ; ਰੇਖਾ-ਗਣਿਤ ਦੇ ਵਿਗਿਆਨਾਂ ਦੀ ਮਲਕਾ ਹੋਣ ਦਾ ਐਲਾਨ ਕਰ ਦਿੱਤਾ ਜਾਂਦਾ ਹੈ। ਪਦਾਰਥਵਾਦ ਮਨੁੱਖ-ਦੋਖ ਵੱਲ ਪੈ ਜਾਂਦਾ ਹੈ। ਆਪਣੇ ਵਿਰੋਧੀ, ਮਨੁੱਖ-ਦੋਖੀ, ਚਮਕ-ਹੀਣ ਅਧਿਆਤਮਵਾਦ ਉੱਤੇ ਕਾਬੂ ਪਾਉਣ ਲਈ ਅਤੇ ਉਹ ਵੀ ਪਿਛਲੇਰੇ ਦੇ ਆਪਣੇ ਖੇਤਰ ਵਿੱਚ ਕਾਬੂ ਪਾਉਣ ਲਈ, ਪਦਾਰਥਵਾਦ ਨੂੰ ਆਪਣੇ ਆਪ ਨੂੰ ਤਸੀਹੇ ਦੇਣੇ ਪਏ ਅਤੇ ਸਨਿਆਸੀ ਬਣਨਾ ਪਿਆ। ਸੋ ਇਹ ਇੰਦਰਿਆਵੀ ਤੋਂ ਬੌਧਕ ਹੋਂਦ ਵਿੱਚ ਤਬਦੀਲ ਹੋ ਗਿਆ; ਪਰ ਅਜਿਹਾ ਕਰਦੇ ਹੋਏ ਵੀ ਇਹ ਸਿੱਟਿਆਂ ਦੀ ਪਰਵਾਹ ਕੀਤੇ ਬਿਨਾਂ ਉਹ ਸਾਰੀ ਨਿਰੰਤਰਤਾ ਵਿਕਸਤ ਕਰ ਲੈਂਦਾ ਹੈ ਜਿਹੜੀ ਬੋਧ ਦੀ ਲਖਣਾਇਕ ਹੈ।

"ਬੇਕਨ ਦੇ ਕੰਮ ਨੂੰ ਜਾਰੀ ਰੱਖਣ ਵਾਲ਼ੇ ਵਜੋਂ ਹਾਬਜ਼ ਇਉਂ ਦਲੀਲ ਦੇਂਦਾ ਹੈਃ ਜੇ ਸਾਰਾ ਮਨੁੱਖੀ ਗਿਆਨ ਇੰਦਰੀਆਂ ਰਾਹੀਂ ਪ੍ਰਾਪਤ ਹੁੰਦਾ ਹੈ ਤਾਂ ਸਾਡੇ ਸੰਕਲਪ ਅਤੇ ਵਿਚਾਰ ਉਹਨਾਂ ਦੇ ਇੰਦਰਿਆਵੀ ਰੂਪਾਂ ਤੋਂ ਵੰਚਿਤ ਕੀਤੇ ਯਥਾਰਥਕ ਦੁਨੀਆਂ ਦੇ ਖ਼ਿਆਲੀ ਰੂਪ ਹਨ। ਦਰਸ਼ਨ ਤਾਂ ਇਹਨਾਂ ਖ਼ਿਆਲੀ ਰੂਪ ਨੂੰ ਬਸ ਨਾਂ ਹੀ ਦੇ ਸਕਦਾ ਹੈ। ਇੱਕ ਨਾਂ ਉਹਨਾਂ ਵਿੱਚੋਂ ਇੱਕ ਤੋਂ ਵੱਧ ਨੂੰ ਦਿੱਤਾ ਜਾ ਸਕਦਾ ਹੈ। ਇੱਥੋਂ ਤੱਕ ਕਿ ਨਾਵਾਂ ਦੇ ਵੀ ਨਾਂ ਹੋ ਸਕਦੇ ਹਨ। ਜੇ ਅਸੀਂ ਇੱਕ ਹੱਥ ਇਹ ਕਹੀਏ ਕਿ ਸਾਰੇ ਵਿਚਾਰਾਂ ਦਾ ਆਦਿ ਇੰਦਰੀਆਂ ਦੇ ਸੰਸਾਰ ਵਿੱਚ ਹੋਇਆ ਹੈ ਅਤੇ ਦੂਜੇ ਹੱਥ ਇਹ ਕਹੀਏ ਕਿ ਸ਼ਬਦ ਸ਼ਬਦ ਤੋਂ ਵੱਧ ਹੈ; ਕਿ ਜਿਨ੍ਹਾਂ ਵਜੂਦਾਂ ਨੂੰ ਅਸੀਂ ਇੰਦਰੀਆਂ ਰਾਹੀਂ ਜਾਣਦੇ ਹਾਂ, ਵਜੂਦ ਜਿਹੜੇ ਇੱਕ ਅਤੇ ਸਾਰੇ ਵਿਕੋਲਤ੍ਰੇ ਹਨ, ਅਜਿਹੇ ਵਜੂਦ ਵੀ ਹਨ ਜਿਹੜੇ ਵਿਕੋਲਤ੍ਰੇ ਨਹੀਂ ਸਗੋਂ ਆਮ ਖ਼ਾਸੇ ਵਾਲ਼ੇ ਹਨ ਤਾਂ ਇਹਦਾ ਅਰਥ ਇੱਕ ਵਿਰੋਧ ਹੋਵੇਗਾ। ਇੱਕ ਸਰੀਰ ਤੋਂ ਬਿਨਾਂ ਪਦਾਰਥ ਉਸ ਤਰ੍ਹਾਂ ਵਾਹਯਾਤੀ ਹੈ ਜਿਵੇਂ ਸਰੀਰ ਤੋਂ ਬਿਨਾਂ ਸਰੀਰ। ਸਰੀਰ, ਹੋਂਦ, ਪਦਾਰਥ ਇੱਕੋ ਯਥਾਰਥ ਲਈ ਵੱਖ ਵੱਖ ਸ਼ਬਦ ਹਨ। **ਵਿਚਾਰ ਨੂੰ ਸੋਚਣ ਵਾਲ਼ੇ ਪਦਾਰਥ ਤੋਂ ਵੱਖ ਵੱਖ ਕਰਨਾ ਅਸੰਭਵ ਹੈ।** ਇਹ ਪਦਾਰਥ ਦੁਨੀਆਂ ਵਿੱਚ ਹੋ ਰਹੀਆਂ ਸਭਨਾਂ ਤਬਦੀਲੀਆਂ ਦੀ ਹੇਠਲੀ-ਪਰਤ ਹੈ। ਜੇ ਸਾਡਾ

ਮਨ ਜੋੜ ਦਾ ਅਨੰਤ ਅਮਲ ਕਰਨ ਦੇ ਯੋਗ ਨਹੀਂ ਤਾਂ ਅਨੰਤ ਸ਼ਬਦ ਅਰਥ-ਹੀਣ ਹੈ। ਕਿਉਂਕਿ ਅਸੀਂ ਕੇਵਲ ਪਦਾਰਥਕ ਵਸਤਾਂ ਨੂੰ ਹੀ ਅਨੁਭਵ ਕਰ ਸਕਦੇ ਹਾਂ ਇਸ ਲਈ ਅਸੀਂ ਰੱਬ ਦੀ ਹੋਂਦ ਸਬੰਧੀ ਕੁੱਝ ਨਹੀਂ ਜਾਣ ਸਕਦੇ। ਮੇਰੀ ਆਪਣੀ ਹੋਂਦ ਇੱਕੋ ਇੱਕ ਨਿਸ਼ਚਿਤ ਗੱਲ ਹੈ। ਹਰ ਮਨੁੱਖੀ ਵੇਗ ਇੱਕ ਮਸ਼ੀਨੀ ਹਰਕਤ ਹੈ ਜਿਸਦਾ ਆਦਿ ਅਤੇ ਅੰਤ ਹੁੰਦਾ ਹੈ। ਤਰੰਗ ਦੇ ਵਿਸ਼ੇ ਉਹ ਹਨ ਜਿਨ੍ਹਾਂ ਨੂੰ ਅਸੀਂ ਚੰਗਾ ਕਹਿੰਦੇ ਹਾਂ। ਮਨੁੱਖ ਉਨਾਂ ਹੀ ਨਿਯਮਾਂ ਅਧੀਨ ਹੈ ਜਿਹੜੇ ਪ੍ਰਕਿਰਤੀ ਉੱਤੇ ਲਾਗੂ ਹੁੰਦੇ ਹਨ। ਸ਼ਕਤੀ ਅਤੇ ਅਜ਼ਾਦੀ ਸਗਵੇਂ ਹਨ।

"ਹਾਬਜ਼ ਨੇ ਬੇਕਨ ਦੇ ਬੁਨਿਆਦੀ ਨਿਯਮ ਦਾ ਕਿ ਸਾਰੇ ਮਨੁੱਖੀ ਗਿਆਨ ਦਾ ਆਦਿ ਇੰਦਰੀਆਂ ਦੇ ਸੰਸਾਰ ਵਿੱਚ ਹੁੰਦਾ ਹੈ, ਕੋਈ ਸਬੂਤ ਦਿੱਤੇ ਬਿਨਾਂ, ਬੇਕਨ ਨੂੰ ਸੂਤਰ-ਬੱਧ ਕੀਤਾ। ਇਹ ਲਾਕ ਸੀ ਜਿਸਨੇ ਆਪਣੇ 'ਮਨੁੱਖੀ ਸੂਝ ਸਬੰਧੀ ਲੇਖ' ਵਿੱਚ ਇਹ ਸਬੂਤ ਪੇਸ਼ ਕੀਤਾ।

"ਹਾਬਜ਼ ਨੇ ਬੇਕਨਵਾਦੀ ਪਦਾਰਥਵਾਦ ਦੇ ਆਸਤਕਤਾਵਾਦੀ[10] ਤੁਅੱਸਬਾਂ ਨੂੰ ਖ਼ਤਮ ਕੀਤਾ; ਕੋਲਿਨਜ਼, ਡਾਡਵੈਲ, ਕਾਵਰ, ਹਾਰਟਲੇ, ਪ੍ਰੀਸਟਲੇ ਨੇ ਇਸੇ ਹੀ ਤਰ੍ਹਾਂ ਉਹਨਾਂ ਧਰਮ-ਵਿਦਿਆਵੀ ਸੀਖਾਂ ਨੂੰ ਤੋੜਿਆ ਜਿਨ੍ਹਾਂ ਲਾਕ ਦੇ ਇੰਦਰੀਵਾਦ ਨੂੰ ਘੇਰਿਆ ਹੋਇਆ ਸੀ। ਭਾਵੇਂ ਕੁੱਝ ਹੋਵੇ ਪਦਾਰਥਵਾਦੀਆਂ ਲਈ ਈਸ਼ਵਾਦ[11] ਧਰਮ ਤੋਂ ਛੁਟਕਾਰਾ ਪਾਉਣ ਦਾ ਸੁੱਖ-ਰਹਿਣਾ ਢੰਗ ਹੈ।"[12]

ਇਉਂ ਕਾਰਲ ਮਾਰਕਸ ਨੇ ਨਵੀਨ ਪਦਾਰਥਵਾਦ ਦੇ ਬਰਤਾਨਵੀ ਆਦਿ ਬਾਰੇ ਲਿਖਿਆ। ਜੇ ਅੱਜ ਕੱਲ ਅੰਗ੍ਰੇਜ਼ ਉਸ ਸਿਫ਼ਤ ਨੂੰ ਪਸੰਦ ਨਹੀਂ ਕਰਦੇ ਜਿਹੜੀ ਉਨ੍ਹਾਂ ਨੇ ਉਹਨਾਂ ਦੇ ਵਡੇਰਿਆ ਦੀ ਕੀਤੀ ਤਾਂ ਇਹ ਹੋਰ ਵਧੇਰੇ ਮਾੜੀ ਗੱਲ ਹੈ। ਇਹਦੇ ਬਾਵਜੂਦ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਬੇਕਨ, ਹਾਬਜ਼ ਅਤੇ ਲਾਕ ਫਰਾਂਸੀਸੀ ਪਦਾਰਥਵਾਦੀਆਂ ਦੀ ਉਸ ਪਰਪਾਟੀ ਦੇ ਪਿਤਾਮਾ ਹਨ ਜਿਸਨੇ ਜਰਮਨਾਂ ਅਤੇ ਅੰਗ੍ਰੇਜ਼ਾਂ ਵੱਲੋਂ ਧਰਤੀ ਅਤੇ ਸਮੁੰਦਰ ਉੱਤੇ ਫਰਾਂਸੀਸੀਆਂ ਵਿਰੁੱਧ ਜਿੱਤੀਆਂ ਸਭ ਲੜਾਈਆਂ ਦੇ ਬਾਵਜੂਦ ਅਠਾਰ੍ਹਵੀਂ ਸਦੀ ਨੂੰ ਮੁੱਖ ਤੌਰ 'ਤੇ ਫ਼ਰਾਂਸੀਸੀ ਸਦੀ ਬਣਾ ਦਿੱਤਾ, ਉਸ ਸਿਖਰੀ ਫ਼ਰਾਂਸੀਸੀ ਇਨਕਲਾਬ ਤੋਂ ਵੀ ਪਹਿਲਾਂ ਜਿਸ ਦੇ ਸਿੱਟੇ ਅਸੀਂ ਵਿਦੇਸ਼ੀ ਲੋਕ ਇੰਗਲੈਂਡ ਅਤੇ ਜਰਮਨੀ ਵਿੱਚ ਵੀ ਰਚਾਣ-ਮਿਚਾਣ ਦਾ ਯਤਨ ਕਰ ਰਹੇ ਹਾਂ।

ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਸਦੀ ਦੇ ਅੱਧ ਦੇ ਲਗਭਗ ਇੰਗਲੈਂਡ ਵਿੱਚ ਵਾਸ ਅਖ਼ਤਿਆਰ ਕਰਨ ਵਾਲ਼ੇ ਹਰ ਸਭਿਅ ਵਿਦੇਸ਼ੀ ਨੂੰ ਜਿਹੜੀ ਗਲ ਖੁੜਕਦੀ ਉਹ ਇਹ ਸੀ ਕਿ ਉਹ ਅੰਗ੍ਰੇਜ਼ ਸਾਊ ਮੱਧ-ਸ਼੍ਰੇਣੀ ਦੇ ਧਾਰਮਕ ਤੁਅੱਸਬ ਅਤੇ ਮੂਰਖਤਾ ਨੂੰ ਵਿਚਾਰਨ 'ਤੇ ਮਜਬੂਰ ਸੀ। ਅਸੀਂ ਸਾਰੇ ਉਸ ਸਮੇਂ ਪਦਾਰਥਵਾਦੀ ਜਾਂ ਘੱਟੋ ਘੱਟ ਬਹੁਤ ਅੱਗੇ-ਵਧੂ ਅਜ਼ਾਦ-ਖ਼ਿਆਲੀਏ ਸਾਂ ਅਤੇ ਇਹ ਗੱਲ ਸਾਡੇ ਵਿਚਾਰ ਵਿੱਚ ਵੀ ਨਹੀਂ ਸੀ ਆ ਸਕਦੀ ਕਿ ਇੰਗਲੈਂਡ ਵਿੱਚ ਲਗਭਗ ਸਾਰੇ ਪੜ੍ਹੇ ਲਿਖੇ ਲੋਕ ਹਰ ਤਰ੍ਹਾਂ ਦੇ ਅਸੰਭਵ ਚਮਤਕਾਰਾਂ ਵਿੱਚ ਯਕੀਨ ਰੱਖ ਸਕਦੇ ਸਨ ਅਤੇ ਇਹ ਕਿ ਬਕਲੈਂਡ ਅਤੇ ਮੈਨਟਲ ਜਿਹੇ ਭੂ-ਗਰਭ-ਵਿਗਿਆਨੀ ਆਪਣੇ ਵਿਗਿਆਨ ਦੇ ਤੱਥਾਂ ਨੂੰ ਇਉਂ ਤੋੜਦੇ ਮਰੋੜਦੇ ਕਿ ਉਹ

ਸੰਸਾਰ ਦੀ ਉੱਤਪਤੀ ਸਬੰਧੀ ਅੰਜੀਲ ਦੇ ਪਹਿਲੇ ਅਧਿਆਏ ਵਿੱਚ ਦਿੱਤੇ ਮਿੱਥਾਂ ਨਾਲ਼ ਬਹੁਤੀ ਟੱਕਰ ਨਾ ਖਾਣ; ਇੱਚਰ, ਅਜਿਹੇ ਲੋਕਾਂ ਨੂੰ ਢੂੰਡਣ ਲਈ ਜਿਹੜੇ ਧਾਰਮਕ ਮਾਮਲਿਆਂ ਸਬੰਧੀ ਆਪਣੀ ਅਕਲ ਵਰਤਣ ਦੀ ਹਿੰਮਤ ਕਰਦੇ ਸਨ, ਤੁਹਾਨੂੰ ਅਨਪੜ੍ਹਾਂ, "ਮਹਾਨ ਅਣਧੋਤਿਆਂ", ਜਿਹਾ ਕਿ ਉਹਨਾਂ ਨੂੰ ਕਿਹਾ ਜਾਂਦਾ ਸੀ, ਕਿਰਤੀ ਲੋਕਾਂ, ਵਿਸ਼ੇਸ਼ ਤੌਰ 'ਤੇ ਓਵਨਵਾਦ ਸੋਸ਼ਲਿਸਟਾਂ ਵਿਚਕਾਰ ਜਾਣਾ ਪੈਂਦਾ ਸੀ।

ਪਰ ਉਸ ਤੋਂ ਪਿੱਛੋਂ ਇੰਗਲੈਂਡ "ਸਭਿਅ" ਬਣ ਗਿਆ ਹੈ। 1851 ਦੀ ਨੁਮਾਇਸ਼[13] ਨੇ ਪਹਿਲੀਆਂ ਦੀ ਅੰਗ੍ਰੇਜ਼ੀ ਸੰਕੀਰਣ ਵਖਰਤ ਦਾ ਅੰਤ ਕਰ ਦਿੱਤਾ। ਹੌਲ਼ੀ ਹੌਲ਼ੀ ਇੰਗਲੈਂਡ ਦਾ ਖਾਣੇ ਵਿੱਚ, ਚੱਜ-ਆਚਾਰ ਵਿੱਚ, ਵਿਚਾਰਾਂ ਵਿੱਚ ਕੌਮਾਂਤ੍ਰੀਕਰਣ ਹੋ ਗਿਆ ਹੈ; ਇਸ ਹੱਦ ਤੱਕ ਕਿ ਮੈਂ ਇਹ ਇੱਛਾ ਕਰਨ ਲੱਗ ਪੈਂਦਾ ਹਾਂ ਕਿ ਕੁੱਝ ਅੰਗ੍ਰੇਜ਼ ਚਜ-ਆਚਾਰ ਅਤੇ ਰਿਵਾਜ ਉਸ ਹੱਦ ਤੱਕ ਮਹਾਂ-ਦੀਪ ਵਿੱਚ ਫੈਲ ਜਾਂਦੇ ਜਿਸ ਹੱਦ ਤੱਕ ਹੋਰ ਮਹਾਂ-ਦੀਪੀ ਆਦਤਾਂ ਉੱਥੇ ਫੈਲੀਆਂ ਹਨ। ਕੁੱਝ ਵੀ ਹੋਵੇ, ਸਲਦਾ ਦੇ ਤੇਲ ਦੇ ਪ੍ਰਵੇਸ਼ ਅਤੇ ਫੈਲਣ (1851 ਤੋਂ ਪਹਿਲਾਂ ਕੇਵਲ ਅਮੀਰਸ਼ਾਹੀ ਹੀ ਇਸ ਤੋਂ ਜਾਣੂ ਸੀ) ਦੇ ਨਾਲ਼ ਨਾਲ਼ ਧਾਰਮਕ ਮਾਮਲਿਆਂ ਵਿੱਚ ਮਹਾਂ-ਦੀਪੀ ਸ਼ੰਕਾਵਾਦ ਮਾਰੂ ਹੱਦ ਤੱਕ ਫੈਲ ਗਿਆ ਹੈ ਅਤੇ ਮਾਮਲਾ ਇੱਥੋਂ ਤੱਕ ਅਪੜ ਗਿਆ ਹੈ ਕਿ ਭਾਵੇਂ ਅਨਾਸਤਕਤਾ ਅਜੇ ਐਨ ਚਰਚ ਆਫ਼ ਇੰਗਲੈਂਡ ਵਾਂਗ "ਅਸਲੀ ਸ਼ੈ" ਤਾਂ ਨਹੀਂ ਸਮਝੀ ਜਾਂਦੀ, ਜਿੱਥੋਂ ਤੱਕ ਸਾਊਪੁਣੇ ਦਾ ਸਬੰਧ ਹੈ, ਇਹਨੂੰ ਬਪਤਸਮਾਵਾਦੀਆਂ ਦੇ ਨਾਲ਼ ਸਾਵਾਂ ਗਿਣਿਆ ਜਾਂਦਾ ਹੈ ਅਤੇ ਮੁਕਤੀ ਫ਼ੌਜ[14] ਤੋਂ ਤਾਂ ਜ਼ਰੂਰ ਹੀ ਉੱਪਰ ਗਿਣਿਆ ਜਾਂਦਾ ਹੈ। ਮੈਂ ਇਹ ਯਕੀਨ ਕੀਤੇ ਬਿਨਾਂ ਨਹੀਂ ਰਹਿ ਸਕਦਾ ਕਿ ਇਹਨਾਂ ਪ੍ਰਸਥਿਤੀਆਂ ਵਿੱਚ ਇਹ ਗੱਲ ਉਹਨਾਂ ਵਿੱਚੋਂ ਅਨੇਕਾਂ ਨੂੰ ਤਸੱਲੀ ਦੇਣ ਵਾਲ਼ੀ ਹੋਵੇਗੀ ਜਿਹੜੇ ਨਾਸਤਕਤਾ ਦੇ ਇਸ ਵਾਧੇ ਉੱਤੇ ਸੱਚੇ ਦਿਲੋਂ ਦੁੱਖੀ ਹਨ ਅਤੇ ਇਹਦੀ ਨਖੇਧੀ ਕਰਦੇ ਹਨ ਕਿ ਇਹ "ਨਵੇਂ ਘੜੇ ਵਿਚਾਰ" ਵਿਦੇਸ਼ੀ ਆਦਿ ਵਾਲ਼ੇ ਨਹੀਂ, ਨਿਤ ਵਰਤੋਂ ਦੀਆਂ ਹੋਰ ਅਨੇਕਾਂ ਵਸਤਾਂ ਵਾਂਗ "ਜਰਮਨੀ ਵਿੱਚ ਬਣੇ ਹੋਏ" ਨਹੀਂ ਸਗੋਂ ਨਿਰਸੰਦੇਹ ਪੁਰਾਣੇ ਅੰਗ੍ਰੇਜ਼ੀ ਹਨ ਅਤੇ ਇਹ ਕਿ ਦੋ ਸੋ ਵਰ੍ਹੇ ਪਹਿਲਾਂ ਉਹਨਾਂ ਦਾ ਮੁੱਢ ਬੰਨ੍ਹਣ ਵਾਲ਼ੇ ਬਰਤਾਨਵੀ ਉਸ ਤੋਂ ਬਹੁਤ ਅੱਗੇ ਜਾਂਦੇ ਸਨ ਜਿਥੋਂ ਤੱਕ ਜਾਣ ਦੀ ਅੱਜ ਉਹਨਾਂ ਦੀ ਔਲਾਦ ਹਿੰਮਤ ਕਰਦੀ ਹੈ।

ਨਿਸ਼ਚੇ ਹੀ ਲੰਕਾਸ਼ਾਇਰ ਦੀ ਇੱਕ ਬੜੀ ਪ੍ਰਗਟਾਊ ਇਸਤਲਾਹ ਵਰਤਦੇ ਹੋਏ ਅਨਾਸਤਕਤਾਵਾਦ "ਸ਼ਰਮਿੰਦੇ" ਪਦਾਰਥਵਾਦ ਤੋਂ ਬਿਨਾਂ ਕੀ ਹੈ ? ਅਨਾਸਤਕ ਦਾ ਪ੍ਰਕਿਰਤੀ ਦਾ ਸੰਕਲਪ ਪੂਰੀ ਤਰ੍ਹਾਂ ਪਦਾਰਥਵਾਦੀ ਹੈ। ਸਮੁੱਚਾ ਕੁਦਰਤੀ ਜਗਤ ਨਿਯਮ ਅਨੁਸਾਰ ਚੱਲਦਾ ਹੈ ਅਤੇ ਬਾਹਰੋਂ ਅਮਲ ਦੇ ਦਖ਼ਲ ਨੂੰ ਉੱਕਾ ਹੀ ਰੱਦ ਕਰਦਾ ਹੈ। ਪਰ, ਉਹ ਵਾਧਾ ਕਰਦਾ ਹੈ, ਸਾਡੇ ਕੋਲ਼ ਜਾਣੇ ਸੰਸਾਰ ਤੋਂ ਬਾਹਰ ਕਿਸੇ ਸਰਵਉੱਚ ਹਸਤੀ ਦੀ ਹੋਂਦ ਦਾ ਪਤਾ ਕਰਨ ਜਾਂ ਉਹਨੂੰ ਗ਼ਲਤ ਸਾਬਤ ਕਰਨ ਦੇ ਕੋਈ ਸਾਧਨ ਨਹੀਂ। ਹੁਣ ਇਹ ਗੱਲ ਉਸ ਸਮੇਂ ਤਾਂ ਠੀਕ ਹੋ ਸਕਦੀ ਹੈ ਜਦੋਂ ਲਾਪਲੇਸ ਨੇ ਨੈਪੋਲੀਅਨ ਦੇ ਇਸ ਪ੍ਰਸ਼ਨ ਦੇ ਉੱਤਰ ਵਿੱਚ ਕਿ ਮਹਾਨ ਤਾਰਾ-ਵਿਗਿਆਨੀ ਦੇ "ਅਸਮਾਨੀ ਗਤੀ-ਵਿਗਿਆਨ" ਵਿੱਚ ਰਚਣਹਾਰ ਦਾ

ਜ਼ਿਕਰ ਤੱਕ ਨਹੀਂ ਸੀ, ਮਾਣ ਨਾਲ਼ ਉੱਤਰ ਦਿੱਤਾ: «Je n’avais pas besion de cette hypothèse»* ਪਰ ਅੱਜ ਕੱਲ, ਬ੍ਰਹਿਮੰਡ ਦੇ ਸਾਡੇ ਸੰਕਲਪ ਵਿੱਚ ਕਿਸੇ ਰਚਣਹਾਰੇ ਜਾਂ ਹਾਕਮ ਲਈ ਉੱਕਾ ਹੀ ਕੋਈ ਥਾਂ ਨਹੀਂ; ਅੱਜ ਕਿਸੇ ਅਜਿਹੀ ਸਰਵਉੱਚ-ਹਸਤੀ ਦੀ ਗੱਲ ਕਰਨ, ਜੋ ਸਾਰੇ ਵਿਦਮਾਨ ਸੰਸਾਰ ਤੋਂ ਕੱਟੀ ਹੋਈ ਹੈ, ਆਪਣੇ ਆਪ ਵਿੱਚ ਵਿਰੋਧ ਹੈ ਅਤੇ ਮੈਨੂੰ ਜਾਪਦਾ ਹੈ ਕਿ ਧਾਰਮਕ ਲੋਕਾਂ ਦੀ ਭਾਵਨਾਵਾਂ ਦੀ ਅਕਾਰਨ ਨਿਰਾਦਰੀ ਹੈ।

ਫੇਰ, ਸਾਡਾ ਅਨਾਸਤਕ ਇਹ ਪ੍ਰਵਾਨ ਕਰਦਾ ਹੈ ਕਿ ਸਾਡਾ ਸਾਰਾ ਗਿਆਨ ਸਾਡੀ ਇੰਦਰੀਆਂ ਰਾਹੀਂ ਪ੍ਰਾਪਤ ਵਾਕਫ਼ੀ ਉੱਤੇ ਅਧਾਰਤ ਹੈ। ਪਰ, ਉਹ ਇਸ ਵਿੱਚ ਵਾਧਾ ਕਰਦਾ ਹੈ, ਅਸੀਂ ਇਹ ਕਿਵੇਂ ਜਾਣਦੇ ਹਾਂ ਕਿ ਅਸੀਂ ਉਹਨਾਂ ਰਾਹੀਂ ਜਿਹੜੀਆਂ ਵਸਤਾਂ ਵੇਖਦੇ ਹਾਂ ਸਾਡੀਆਂ ਇੰਦਰੀਆਂ ਸਾਨੂੰ ਉਹਨਾਂ ਦਾ ਠੀਕ ਰੂਪ ਪੇਸ਼ ਕਰਦੀਆਂ ਹਨ ? ਅਤੇ ਉਹ ਸਾਨੂੰ ਇਹ ਦੱਸਣ ਵੱਲ ਜਾਂਦਾ ਹੈ ਕਿ ਜਦੋਂ ਕਦੇ ਉਹ ਵਸਤਾਂ ਜਾਂ ਉਹਨਾਂ ਦੀਆਂ ਸਿਫ਼ਤਾਂ ਦੀ ਗਲ ਕਰਦਾ ਹੈ ਤਾਂ ਉਹਦਾ ਅਰਥ ਇਹ ਵਸਤਾਂ ਅਤੇ ਸਿਫ਼ਤਾਂ ਨਹੀਂ ਹੁੰਦਾ, ਜਿਨ੍ਹਾਂ ਸਬੰਧੀ ਉਹ ਨਿਸ਼ਚੇ ਨਾਲ਼ ਕੁੱਝ ਨਹੀਂ ਜਾਣ ਸਕਦਾ, ਸਗੋਂ ਉਹ ਪ੍ਰਭਾਵ ਹੁੰਦਾ ਹੈ ਜਿਹੜਾ ਉਹਨਾਂ ਨੇ ਉਸਦੀਆਂ ਇੰਦਰੀਆਂ ਉੱਤੇ ਪਾਇਆ ਹੁੰਦਾ ਹੈ। ਹੁਣ, ਦਲੀਲ ਦੇ ਇਸ ਢੰਗ ਨੂੰ ਕੇਵਲ ਦਲੀਲਬਾਜ਼ੀ ਨਾਲ਼ ਹਰਾਉਣਾ ਅਸੰਭਵ ਜਾਪਦਾ ਹੈ। ਪਰ ਦਲੀਲਬਾਜ਼ੀ ਤੋਂ ਪਹਿਲਾਂ ਅਮਲ ਸੀ। «In Anfang war die That»** ਅਤੇ ਮਨੁੱਖੀ ਚਤੁਰਾਈ ਦੇ ਇਹਦੀ ਕਾਢ ਕਰਨ ਤੋਂ ਪਹਿਲਾਂ ਮਨੁੱਖੀ ਅਮਲ ਨੇ ਮੁਸ਼ਕਲ ਹੱਲ ਕਰ ਲਈ ਸੀ। ਪਕਵਾਨ ਦੇ ਸਵਾਦ ਦਾ ਖਾ ਕੇ ਹੀ ਪਤਾ ਲੱਗਦਾ ਹੈ। ਜਿਸ ਛਿਣ ਤੋਂ ਅਸੀਂ ਇਹਨਾਂ ਵਸਤਾਂ ਨੂੰ, ਉਹਨਾਂ ਵਿੱਚ ਸਾਨੂੰ ਦਿੱਸਦੀਆਂ ਸਿਫ਼ਤਾਂ ਅਨੁਸਾਰ, ਆਪਣੀ ਲੋੜ ਲਈ ਵਰਤਦੇ ਹਾਂ ਤਾਂ ਅਸੀਂ ਆਪਣੇ ਇੰਦਰਿਆਵੀ ਅਨੁਭਵ ਦੇ ਠੀਕ ਹੋਣ ਜਾਂ ਨਾ ਹੋਣ ਦੀ ਪੱਕੀ ਪਰਖ ਕਰਦੇ ਹਾਂ। ਜੇ ਸਾਡਾ ਅਨੁਭਵ ਗ਼ਲਤ ਸੀ ਤਾਂ ਕਿਸੇ ਵਸਤ ਤੋਂ ਜੋ ਕੰਮ ਲਿਆ ਜਾ ਸਕਦਾ ਹੈ ਉਸ ਸਬੰਧੀ ਸਾਡਾ ਅੰਦਾਜ਼ਾ ਵੀ ਗ਼ਲਤ ਹੋਵੇਗਾ ਤੇ ਸਾਡੇ ਯਤਨ ਦਾ ਅਸਫ਼ਲ ਹੋਣਾ ਲਾਜ਼ਮੀ ਹੈ। ਪਰ ਜੇ ਅਸੀਂ ਆਪਣੇ ਮੰਤਵ ਵਿੱਚ ਸਫ਼ਲ ਹੁੰਦੇ ਹਾਂ, ਜੇ ਅਸੀਂ ਇਹ ਵੇਖਦੇ ਹਾਂ ਕਿ ਵਸਤ ਉਸ ਸਬੰਧੀ ਸਾਡੇ ਵਿਚਾਰ ਨਾਲ਼ ਮੇਲ ਖਾਂਦੀ ਹੈ ਅਤੇ ਉਸ ਕੰਮ ਆਉਂਦੀ ਹੈ ਜਿਸ ਕੰਮ ਲਈ ਅਸੀਂ ਇਹਨੂੰ ਵਰਤਣਾ ਚਾਹੁੰਦੇ ਹਾਂ ਤਾਂ ਇਹ ਇਸ ਗੱਲ ਦਾ ਪੱਕਾ ਸਬੂਤ ਹੈ ਕਿ ਇਹਦੇ ਅਤੇ ਇਹਦੀਆਂ ਸਿਫ਼ਤਾਂ ਸਬੰਧੀ ਸਾਡਾ ਅਨੁਭਵ, **ਇਸ ਹੱਦ ਤੱਕ**, ਸਾਡੇ ਆਪਣੇ ਤੋਂ ਬਾਹਰ ਦੇ ਯਥਾਰਥ ਨਾਲ਼ ਮੇਲ ਖਾਂਦੇ ਹਨ ਅਤੇ ਜਦੋਂ ਕਦੇ ਸਾਨੂੰ ਅਸਫ਼ਲਤਾ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਅਕਸਰ ਸਾਨੂੰ ਉਹ ਕਾਰਨ ਲੱਭਣ ਵਿੱਚ ਦੇਰ ਨਹੀਂ ਲੱਗਦੀ ਜਿਸ ਕਾਰਨ ਅਸੀਂ ਅਸਫ਼ਲ ਹੋਏ ਹਾਂ; ਅਸੀਂ ਵੇਖਦੇ ਹਾਂ ਕਿ ਅਸੀਂ ਜਿਸ ਅਨੁਭਵ ਦੇ ਆਧਾਰ ਉੱਤੇ ਅਮਲ ਕੀਤਾ ਉਹ ਜਾਂ ਤਾਂ ਗ਼ੈਰ-ਮੁਕੰਮਲ ਸੀ ਅਤੇ ਜਾਂ ਓਪਰਾ ਅਤੇ ਜਾਂ ਕੁੱਝ ਹੋਰ ਅਨੁਭਵਾਂ ਨਾਲ਼

* "ਮੈਨੂੰ ਇਸ ਮਿੱਥ ਦੀ ਕੋਈ ਲੋੜ ਨਹੀਂ ਸੀ।" —**ਸੰਪਾ.**

** ਮੁੱਢ ਵਿੱਚ ਅਮਲ ਸੀ। ਗੋਇਟੇ ਦੇ "ਫ਼ਾਸਟ" ਵਿੱਚੋਂ। —**ਸੰਪਾ.**

ਅਜਿਹੇ ਢੰਗ ਨਾਲ਼ ਮਿਲਿਆ ਹੋਇਆ ਸੀ ਜਿਸ ਲਈ ਉਹ ਯੋਗ ਨਹੀਂ ਸਨ—ਜਾਂ ਉਹ ਕੁੱਝ ਸੀ ਜਿਸਨੂੰ ਅਸੀਂ ਨੁਕਸਦਾਰ ਦਲੀਲ ਕਹਿੰਦੇ ਹਾਂ। ਜਿਸ ਹੱਦ ਤੱਕ ਅਸੀਂ ਆਪਣੀਆਂ ਇੰਦਰੀਆਂ ਨੂੰ ਠੀਕ ਤਰ੍ਹਾਂ ਸਿੱਖਿਅਤ ਕਰਦੇ ਅਤੇ ਉਹਨਾਂ ਦੀ ਵਰਤੋਂ ਕਰਦੇ ਹਾਂ ਅਤੇ ਆਪਣੇ ਅਮਲਾਂ ਨੂੰ ਠੀਕ ਤਰ੍ਹਾਂ ਕੀਤੇ ਅਤੇ ਯੋਗ ਤਰ੍ਹਾਂ ਵਰਤੇ ਅਨੁਭਵਾਂ ਦੀ ਹੱਦ ਦੇ ਅੰਦਰ ਰੱਖਦੇ ਹਾਂ, ਉਸ ਹੱਦ ਤੱਕ ਅਸੀਂ ਵੇਖਦੇ ਹਾਂ ਕਿ ਸਾਡੇ ਅਮਲਾਂ ਦੇ ਸਿੱਟੇ ਸਾਡੇ ਅਨੁਭਵ ਅਤੇ ਅਨੁਭਵ ਅਧੀਨ ਵਸਤਾਂ ਦੇ ਬਾਹਰਮੁਖੀ ਖ਼ਾਸੇ ਦੀ ਅਨੁਸਾਰਤਾ ਨੂੰ ਸਾਬਤ ਕਰਦੇ ਹਨ। ਅਜੇ ਤੱਕ ਇੱਕ ਵਾਰ ਵੀ ਅਸੀਂ ਇਸ ਸਿੱਟੇ ਉੱਤੇ ਨਹੀਂ ਅਪੜੇ ਕਿ, ਜੇ ਉਹਨਾਂ ਨੂੰ ਵਿਗਿਆਨਕ ਢੰਗ ਨਾਲ਼ ਕੰਟਰੋਲ ਕੀਤਾ ਜਾਵੇ, ਤਾਂ ਸਾਡੇ ਇੰਦਰੀ-ਅਨੁਭਵ ਸਾਡੇ ਮਨਾਂ ਵਿੱਚ ਬਾਹਰਲੇ ਸੰਸਾਰ ਸਬੰਧੀ ਅਜਿਹੇ ਵਿਚਾਰ ਪੈਦਾ ਕਰਦੇ ਹਨ, ਜਿਹੜੇ ਐਨ ਆਪਣੇ ਖ਼ਾਸੇ ਕਾਰਨ ਯਥਾਰਥ ਨਾਲ਼ ਮੇਲ ਨਹੀਂ ਖਾਂਦੇ ਜਾਂ ਇਹ ਕਿ ਬਾਹਰਲੇ ਸੰਸਾਰ ਅਤੇ ਸਾਡੇ ਇੰਦਰੀ-ਅਨੁਭਵ ਵਿੱਚ ਕੋਈ ਅੰਤ੍ਰੀਵ ਅਣਮੇਲ ਹੈ।

ਪਰ ਫੇਰ ਨਵ-ਕਾਂਟਵਾਦੀ ਅਨਾਸਤਕ ਆਉਂਦਾ ਹੈ ਅਤੇ ਕਹਿੰਦਾ ਹੈ: ਇਹ ਸੰਭਵ ਹੈ ਕਿ ਅਸੀਂ ਕਿਸੇ ਵਸਤ ਦੀਆਂ ਸਿਫ਼ਤਾਂ ਠੀਕ ਤਰ੍ਹਾਂ ਅਨੁਭਵ ਕਰ ਲਈਏ ਪਰ ਅਸੀਂ ਕਿਸੇ ਵੀ ਇੰਦਰਿਆਵੀ ਅਤੇ ਦਿਮਾਗ਼ੀ ਅਮਲ ਰਾਹੀਂ ਆਪਣੇ-ਆਪ-ਵਿੱਚ-ਵਸਤ ਨੂੰ ਨਹੀਂ ਸਮਝ ਸਕਦੇ। ਇਹ "ਆਪਣੇ-ਆਪ-ਵਿੱਚ-ਵਸਤ" ਸਾਡੇ ਗਿਆਨ-ਖੇਤਰ ਤੋਂ ਬਾਹਰ ਹੈ। ਇਹਦਾ ਹੀਗਲ ਬਹੁਤ ਪਹਿਲਾਂ ਜਵਾਬ ਦੇ ਚੁੱਕਾ ਹੈ: ਜੇ ਤੁਸੀਂ ਕਿਸੇ ਵਸਤ ਦੀਆਂ ਸਭੇ ਸਿਫ਼ਤਾਂ ਜਾਣਦੇ ਹੋ ਤਾਂ ਤੁਸੀਂ ਖ਼ੁਦ ਵਸਤ ਨੂੰ ਜਾਣਦੇ ਹੋ; ਇਸ ਤੋਂ ਬਿਨਾਂ ਕੁੱਝ ਨਹੀਂ ਰਹਿ ਜਾਂਦਾ ਕਿ ਇਸ ਵਸਤ ਦੀ ਸਾਡੇ ਤੋਂ ਬਾਹਰ ਹੋਂਦ ਹੈ; ਅਤੇ ਜਦੋਂ ਤੁਹਾਡੀਆਂ ਇੰਦਰੀਆਂ ਨੇ ਤੁਹਾਨੂੰ ਇਹ ਤੱਥ ਸਿਖਾ ਦਿੱਤਾ ਹੈ ਤਾਂ ਤੁਸੀਂ "ਆਪਣੇ-ਆਪ-ਵਿੱਚ-ਵਸਤ" ਦੀ, ਕਾਂਟ ਦੀ ਪ੍ਰਸਿੱਧ «Ding an sich»ਦੀ, ਅਖ਼ੀਰੀ ਰਹਿੰਦ-ਖੂੰਹਦ ਉੱਤੇ ਵੀ ਕਾਬੂ ਪਾ ਲਿਆ ਹੈ। ਇਸ ਵਿੱਚ ਇਸ ਗੱਲ ਦਾ ਵਾਧਾ ਕੀਤਾ ਜਾ ਸਕਦਾ ਹੈ ਕਿ ਕਾਂਟ ਦੇ ਜ਼ਮਾਨੇ ਵਿੱਚ ਸਾਡਾ ਪ੍ਰਕਿਰਤਕ ਵਸਤਾਂ ਦਾ ਗਿਆਨ ਏਨਾ ਨਿਗੂਣਾ ਸੀ ਕਿ ਅਸੀਂ ਉਹਨਾਂ ਵਿੱਚੋਂ ਹਰ ਇੱਕ ਸਬੰਧੀ ਜੋ ਕੁੱਝ ਜਾਣਦੇ ਹਾਂ, ਉਹ ਉਸ ਤੋਂ ਬਿਨਾਂ ਇੱਕ ਭੇਤ-ਭਰੀ "ਆਪਣੇ-ਆਪ-ਵਿੱਚ-ਵਸਤ" ਦੀ ਹੋਂਦ ਬਾਰੇ ਸੋਚ ਸਕਦਾ ਸੀ। ਪਰ ਇੱਕ ਤੋਂ ਪਿੱਛੋਂ ਇਹ ਦੂਜੀ ਪਕੜ ਵਿੱਚ ਨਾ ਆਉਣ ਵਾਲ਼ੀ ਗੱਲ ਪਕੜ ਲਈ ਗਈ ਹੈ, ਉਹਦਾ ਵਿਸ਼ਲੇਸ਼ਣ ਕੀਤਾ ਗਿਆ ਹੈ ਅਤੇ ਇਸ ਤੋਂ ਵੀ ਵੱਧ, ਵਿਗਿਆਨ ਦੀ ਮਹਾਨ ਉਨਤੀ ਨੇ ਉਹਨੂੰ **ਨਕਲੀ ਤੌਰ 'ਤੇ ਪੈਦਾ ਕਰ ਦਿੱਤਾ ਹੈ**; ਅਤੇ ਜਿਸ ਵਸਤ ਨੂੰ ਅਸੀਂ ਪੈਦਾ ਕਰ ਸਕਦੇ ਹਾਂ ਉਸਨੂੰ ਅਸੀਂ ਜਾਣੇ ਨਾ ਸਕਣ ਵਾਲ਼ੀ ਕਿਵੇਂ ਕਹਿ ਸਕਦੇ ਹਾਂ। ਇਸ ਸਦੀ ਦੇ ਪਹਿਲੇ ਅੱਧ ਦੇ ਰਸਾਇਣ-ਵਿਗਿਆਨ ਲਈ ਅਵੈਵੀ ਪਦਾਰਥ ਅਤਿ-ਅੰਤ ਭੇਤ-ਭਰੀਆਂ ਵਸਤਾਂ ਸਨ; ਹੁਣ ਅਸੀਂ ਉਹਨਾਂ ਨੂੰ ਇੱਕ ਤੋਂ ਪਿਛੋਂ ਦੂਜਾ ਉਹਨਾਂ ਦੇ ਰਸਾਇਣੀ ਅੰਸ਼ਾਂ ਤੋਂ, ਅਵੈਵੀ ਅਮਲਾਂ ਤੋਂ ਬਿਨਾਂ, ਉਹਨਾਂ ਨੂੰ ਤਿਆਰ ਕਰ ਚੁੱਕੇ ਹਾਂ। ਨਵੀਨ ਰਸਾਇਣ-ਵਿਗਿਆਨੀ ਕਹਿੰਦੇ ਹਨ ਕਿ ਭਾਵੇਂ ਕੋਈ ਵੀ ਵਸਤ ਕਿਉਂ ਨਾ ਹੋਵੇ, ਜਿਉਂ ਹੀ ਉਹਦੀ ਰਸਾਇਣੀ ਬਣਤਰ ਦਾ ਪਤਾ ਲੱਗ ਜਾਂਦਾ ਹੈ,

ਉਹਨੂੰ ਉਹਦੇ ਅੰਸ਼ਾਂ ਤੋਂ ਬਣਾਇਆ ਜਾ ਸਕਦਾ ਹੈ। ਸਾਨੂੰ ਅਜੇ ਤੱਕ ਸਰਵਉੱਚ ਪ੍ਰਾਣਧਾਰੀ ਵਸਤਾਂ, ਐਲਬਿਊਮਨ ਦੀਆਂ ਵਸਤਾਂ ਦੀ ਰਸਾਇਣੀ ਬਣਤਰ ਦਾ ਪਤਾ ਨਹੀਂ; ਪਰ ਇਸ ਗੱਲ ਦਾ ਕੋਈ ਕਾਰਨ ਨਹੀਂ ਕਿ, ਭਾਵੇਂ ਸਦੀਆਂ ਪਿੱਛੋਂ ਹੀ, ਅਸੀਂ ਇਹ ਗਿਆਨ ਪ੍ਰਾਪਤ ਕਰ ਲਵਾਂਗੇ ਅਤੇ ਇਹਦੇ ਨਾਲ਼ ਲੈਸ ਹੋ ਕੇ ਨਕਲੀ ਐਲਬਿਊਮਨ ਤਿਆਰ ਕਰ ਲਵਾਂਗੇ। ਪਰ ਜੇ ਅਸੀਂ ਇਹ ਗਿਆਨ ਪ੍ਰਾਪਤ ਕਰ ਲਿਆ ਤਾਂ ਅਸੀਂ ਇਹਦੇ ਨਾਲ਼ ਹੀ ਨਾਲ਼ ਪ੍ਰਾਣਧਾਰੀ ਜੀਵਨ ਤਿਆਰ ਕਰ ਲਿਆ ਹੋਵੇਗਾ ਕਿਉਂਕਿ ਆਪਣੇ ਨੀਵੇਂ ਤੋਂ ਨੀਵੇਂ ਤੋਂ ਲੈ ਕੇ ਸਰਵਉੱਚ ਤੱਕ ਜੀਵਨ ਐਲਬਿਊਮਨ ਵਾਲ਼ੀਆਂ ਵਸਤਾਂ ਦਾ ਹੋਂਦ ਦਾ ਸਾਧਾਰਨ ਢੰਗ ਹੈ।

ਪਰ, ਜਿਉਂ ਸਾਡੇ ਅਨਾਸਤਕ ਨੇ ਇਹ ਰਸਮੀ ਦਿਮਾਗ਼ੀ ਰਖਾਂ ਰੱਖ ਲਈਆਂ ਹਨ, ਉਹ ਉਸ ਖ਼ਾਲਸ ਪਦਾਰਥਵਾਦੀ ਵਾਂਗ ਗੱਲ ਕਰਦਾ ਹੈ ਅਤੇ ਅਮਲ ਕਰਦਾ ਹੈ ਜਿਹੜਾ ਉਹ ਅਸਲ ਵਿੱਚ ਹੈ। ਉਹ ਕਹਿ ਸਕਦਾ ਹੈ ਕਿ ਜਿਥੋਂ ਤੱਕ **ਅਸੀਂ** ਜਾਣਦੇ ਹਾਂ ਪਦਾਰਥ ਅਤੇ ਗਤੀ, ਜਾਂ ਜਿਹਾ ਕਿ ਹੁਣ ਕਿਹਾ ਜਾਂਦਾ ਹੈ, ਸ਼ਕਤੀ, ਨਾ ਰਚੇ ਜਾ ਸਕਦੇ ਹਨ ਅਤੇ ਨਾ ਹੀ ਤਬਾਹ ਕੀਤੇ ਜਾ ਸਕਦੇ ਹਨ, ਪਰ ਸਾਡੇ ਕੋਲ਼ ਇਸ ਗੱਲ ਦਾ ਕੋਈ ਸਬੂਤ ਨਹੀਂ ਕਿ ਕਿਸੇ ਨਾ ਕਿਸੇ ਸਮੇਂ ਇਹ ਰਚੇ ਨਹੀਂ ਗਏ। ਪਰ ਜੇ ਤੁਸੀਂ ਵਿਸ਼ੇਸ਼ ਮਾਮਲੇ ਵਿੱਚ ਉਹਦੇ ਇਹ ਗੱਲ ਮੰਨਣ ਨੂੰ ਉਹਦੇ ਵਿਰੁੱਧ ਵਰਤਣ ਦਾ ਯਤਨ ਕਰੋ ਤਾਂ ਉਹ ਕਾਹਲ ਨਾਲ਼ ਤੁਹਾਡੀ ਗੱਲ ਸੁਣਨੋਂ ਇਨਕਾਰ ਕਰ ਦੇਵੇਗਾ। ਜੇ ਉਹ ਅਧਿਆਤਮਵਾਦ[15] ਨੂੰ ਜਾਂ in abstracto* ਮੰਨਣ ਨੂੰ ਤਿਆਰ ਹੈ ਤਾਂ ਉਹ ਇਹਨੂੰ in concreto** ਮੰਨਣ ਲਈ ਤਿਆਰ ਨਹੀਂ। ਉਹ ਤੁਹਾਨੂੰ ਦੱਸੇਗਾ ਕਿ ਜਿੱਥੋਂ ਤੱਕ ਅਸੀਂ ਜਾਣਦੇ ਹਾਂ ਬ੍ਰਹਿਮੰਡ ਦਾ ਕੋਈ ਰਚਣਹਾਰ ਅਤੇ ਹਾਕਮ ਨਹੀਂ, ਪਦਾਰਥ ਅਤੇ ਸ਼ਕਤੀ ਨਾ ਰਚੇ ਜਾ ਸਕਦੇ ਹਨ ਅਤੇ ਨਾ ਤਬਾਹ ਕੀਤੇ ਜਾ ਸਕਦੇ ਹਨ; ਸਾਡੇ ਲਈ ਮਨ ਸ਼ਕਤੀ ਦਾ ਇੱਕ ਰੂਪ ਹੈ, ਦਿਮਾਗ਼ ਦਾ ਇੱਕ ਕਾਰਜ ਹੈ; ਅਸੀਂ ਬਸ ਇੰਨਾਂ ਹੀ ਜਾਣਦੇ ਹਾਂ ਕਿ ਪਦਾਰਥਕ ਸੰਸਾਰ ਅਟੱਲ ਨਿਯਮਾਂ ਅਨੁਸਾਰ ਚੱਲਦਾ ਹੈ, ਇਤਿ-ਆਦਿ। ਸੋ, ਜਿੱਥੋਂ ਤੱਕ ਉਹ ਵਿਗਿਆਨਕ ਮਨੁੱਖ ਹੈ, ਜਿੱਥੋਂ ਤੱਕ ਉਹਨੂੰ ਕੁੱਝ **ਵਾਕਫੀ** ਹੈ, ਉਹ ਪਦਾਰਥਵਾਦੀ ਹੈ; ਆਪਣੇ ਗਿਆਨ ਤੋਂ ਬਾਹਰ, ਉਹਨਾਂ ਖੇਤਰਾਂ ਵਿੱਚ ਜਿਨ੍ਹਾਂ ਸਬੰਧੀ ਉਹ ਕੁੱਝ ਨਹੀਂ ਜਾਣਦਾ ਉਹ ਆਪਣੇ ਅਗਿਆਨ ਦਾ ਯੂਨਾਨੀ ਵਿੱਚ ਅਨੁਵਾਦ ਕਰ ਦੇਂਦਾ ਹੈ ਅਤੇ ਇਹਨੂੰ ਅਨਾਸਤਕਤਾਵਾਦ ਕਹਿੰਦਾ ਹੈ।

ਕੁੱਝ ਵੀ ਹੋਵੇ, ਇੱਕ ਗੱਲ ਸਪੱਸ਼ਟ ਜਾਪਦੀ ਹੈ: ਜੇ ਮੈਂ ਅਨਾਸਤਕ ਵੀ ਹੁੰਦਾ ਤਾਂ ਵੀ ਇਹ ਗੱਲ ਸਪੱਸ਼ਟ ਹੈ ਕਿ ਇਤਿਹਾਸ ਦਾ ਜਿਹੜਾ ਸੰਕਲਪ ਇਹ ਨਿੱਕੀ ਪੁਸਤਕ ਵਿੱਚ ਉਲੀਕਿਆ ਗਿਆ ਹੈ ਉਹਨੂੰ ਮੈਂ "ਇਤਿਹਾਸਕ ਅਨਾਸਤਕਤਾਵਦਾ" ਤਾਂ ਨਹੀਂ ਸਾਂ ਕਹਿ ਸਕਦਾ। ਧਾਰਮਕ ਲੋਕ ਮੇਰਾ ਠੱਠਾ ਉਡਾਉਣਗੇ, ਅਨਾਸਤਕ ਗ਼ੁੱਸੇ ਨਾਲ਼ ਪੁੱਛਣਗੇ, ਕੀ ਮੈਂ ਉਹਨਾਂ ਦਾ ਠੱਠਾ ਉਡਾਉਣਾ ਚਾਹੁੰਦਾ ਹਾਂ ? ਸੋ ਮੇਰਾ ਵਿਚਾਰ ਹੈ ਕਿ ਜੇ ਮੈਂ ਅੰਗ੍ਰੇਜ਼ੀ ਅਤੇ ਅਨੇਕ ਹੋਰਨਾਂ ਭਾਸ਼ਾਵਾਂ ਵਿੱਚ ਸ਼ਬਦ ਇਤਿਹਾਸ ਦੀ ਚਾਲ ਦੇ ਉਸ ਸੰਕਲਪ ਨੂੰ ਬਿਆਨ

* ਖ਼ਿਆਲੀ ਤੌਰ ਉੱਤੇ। **—ਸੰਪਾ.**

** ਅਮਲੀ ਤੌਰ ਉੱਤੇ। **—ਸੰਪਾ.**

ਕਰਨ ਲਈ, ਜਿਹੜਾ ਸਭਨਾਂ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਦਾ ਅੰਤਮ ਕਾਰਨ ਅਤੇ ਮਹਾਨ ਚਾਲਕ ਸ਼ਕਤੀ ਸਮਾਜ ਦੇ ਆਰਥਕ ਵਿਕਾਸ ਵਿੱਚ, ਉਪਜ ਅਤੇ ਵਟਾਂਦਰੇ ਦੇ ਢੰਗਾਂ ਵਿੱਚ ਤਬਦੀਲੀਆਂ ਵਿੱਚ, ਇਹਨਾਂ ਦੇ ਸਿੱਟੇ ਵਜੋਂ ਸਮਾਜ ਦੀ ਸ਼੍ਰੇਣੀਆਂ ਅੰਦਰ ਵੰਡ ਵਿੱਚ ਅਤੇ ਇਹਨਾਂ ਸ਼੍ਰੇਣੀਆਂ ਵਿਚਕਾਰ ਇੱਕ ਦੂਜੇ ਦੇ ਵਿਰੁੱਧ ਘੋਲ਼ ਵਿੱਚ ਵੇਖਦਾ ਹੈ, "ਇਤਿਹਾਸਕ ਪਦਾਰਥਵਾਦ" ਦਾ ਨਾਂ ਦਿਆਂ ਤਾਂ ਅੰਗ੍ਰੇਜ਼ ਸਾਊਪੁਣੇ ਨੂੰ ਵੀ ਹੱਦੋਂ ਵੱਧ ਧੱਕਾ ਨਹੀਂ ਲੱਗੇਗਾ।

ਜੇ ਮੈਂ ਇਹ ਵਿਖਾ ਸਕਾਂ ਕਿ ਇਤਿਹਾਸਕ ਪਦਾਰਥਵਾਦ ਅੰਗ੍ਰੇਜ਼ ਸਾਊਪੁਣੇ ਲਈ ਵੀ ਲਾਭਦਾਇਕ ਹੋ ਸਕਦਾ ਹੈ ਤਾਂ ਮੈਨੂੰ ਇਹ ਛੋਟ ਹੋਰ ਵਧੇਰੇ ਤੇਜ਼ੀ ਨਾਲ਼ ਦਿੱਤੀ ਜਾ ਸਕੇਗੀ। ਮੈਂ ਪਹਿਲਾਂ ਹੀ ਕਿਹਾ ਹੈ ਕਿ ਚਾਲ੍ਹੀ ਜਾਂ ਪੰਜਾਹ ਵਰ੍ਹੇ ਪਹਿਲਾਂ ਇੰਗਲੈਂਡ ਵਿੱਚ ਵਾਸ ਅਖ਼ਤਿਆਰ ਕਰਨ ਵਾਲ਼ੇ ਹਰ ਸਭਿਅ ਵਿਦੇਸ਼ੀ ਨੂੰ ਜਿਹੜੀ ਗਲ ਖੁੜਕਦੀ ਉਹ ਇਹ ਸੀ ਕਿ ਉਹ ਅੰਗ੍ਰੇਜ਼ ਸਾਊ ਮੱਧ-ਸ਼੍ਰੇਣੀ ਦੇ ਧਾਰਮਕ ਤੁਅੱਸਬ ਤੇ ਮੂਰਖਤਾ ਨੂੰ ਵਿਚਾਰਨ 'ਤੇ ਮਜਬੂਰ ਸੀ। ਮੈਂ ਹੁਣ ਇਹ ਸਾਬਤ ਕਰਨ ਲੱਗਾ ਹਾਂ ਕਿ ਉਸ ਸਮੇਂ ਦੀ ਅੰਗ੍ਰੇਜ਼ ਸਾਊ ਮੱਧ-ਸ਼੍ਰੇਣੀ ਏਨੀ ਮੂਰਖ ਨਹੀਂ ਸੀ ਜਿੰਨਾਂ ਸਿਆਣਾ ਵਿਦੇਸ਼ੀ ਉਹਨੂੰ ਸਮਝਦਾ ਸੀ। ਇਹਦੇ ਧਾਰਮਕ ਮੁਹਾਣਾਂ ਦੀ ਵਿਆਖਿਆ ਕੀਤੀ ਜਾ ਸਕਦੀ ਹੈ।

ਜਦੋਂ ਯੂਰਪ ਮੱਧ-ਕਾਲ ਵਿੱਚੋਂ ਬਾਹਰ ਨਿਕਲਿਆ ਤਾਂ ਸ਼ਹਿਰਾਂ ਦੀ ਮੱਧ-ਸ਼੍ਰੇਣੀ ਇਹਦਾ ਇਨਕਲਾਬੀ ਅੰਸ਼ ਸੀ। ਇਹਨੇ ਮੱਧ-ਕਾਲ ਦੀ ਸਾਮੰਤੀ ਜਥੇਬੰਦੀ ਵਿੱਚ ਇੱਕ ਮੰਨੀ ਪ੍ਰਮੰਨੀ ਥਾਂ ਪ੍ਰਾਪਤ ਕਰ ਲਈ ਸੀ ਪਰ ਇਹ ਥਾਂ ਵੀ ਇਹਦੀ ਪਸਰਵੀਂ ਸ਼ਕਤੀ ਲਈ ਬਹੁਤ ਤੰਗ ਹੋ ਗਈ ਸੀ। ਮੱਧ-ਸ਼੍ਰੇਣੀ, **ਬੁਰਜੂਆਜ਼ੀ** ਦਾ ਵਿਕਾਸ ਸਾਮੰਤੀ ਪ੍ਰਣਾਲੀ ਨਾਲ਼ ਬੇਮੇਲ ਹੋ ਗਿਆ; ਇਸ ਲਈ ਸਾਮੰਤੀ ਪ੍ਰਣਾਲੀ ਦਾ ਢਹਿਣਾ ਲਾਜ਼ਮੀ ਸੀ।

ਪਰ ਸਾਮੰਤਵਾਦ ਦਾ ਮਹਾਨ ਕੌਮਾਂਤਰੀ ਕੇਂਦਰ ਰੋਮਨ ਕੈਥੋਲਿਕ ਸੰਪ੍ਰਦਾ ਸੀ। ਸਭਨਾਂ ਅੰਦਰੂਨੀ ਯੁੱਧਾਂ ਦੇ ਬਾਵਜੂਦ ਇਹ ਸਾਰੇ ਸਾਮੰਤੀਕਰਤ ਪੱਛਮੀ ਯੂਰਪ ਨੂੰ ਸੰਪ੍ਰਦਾਇਕ ਯੂਨਾਨੀਆਂ ਅਤੇ ਮੁਸਲਮਾਨਾਂ ਦੋਹਾਂ ਵਿਰੁੱਧ ਇੱਕ-ਮੁੱਠ ਕਰਦਾ ਸੀ। ਇਹ ਸਾਮੰਤੀ ਸੰਸਥਾਵਾਂ ਦਵਾਲੇ ਰੱਬੀ ਪਵਿੱਤਰਤਾ ਦਾ ਹਾਲਾ ਜੜ ਦੇਂਦਾ ਸੀ। ਇਹਨੇ ਆਪਣੇ ਪਾਦਰੀ-ਪ੍ਰਬੰਧ ਨੂੰ ਸਾਮੰਤੀ ਨਮੂਨੇ ਉੱਤੇ ਜਥੇਬੰਦ ਕੀਤਾ ਸੀ, ਅਤੇ, ਅੰਤ, ਇਹ ਆਪਣੇ ਆਪ ਵਿੱਚ ਸਭ ਤੋਂ ਕਿਤੇ ਵੱਡਾ ਸਾਮੰਤੀ ਰਾਠ ਸੀ, ਕਿਉਂਕਿ, ਇਹਦੇ ਕਬਜ਼ੇ ਹੇਠ ਕੈਥੋਲਕ ਸੰਸਾਰ ਦਾ ਪੂਰਾ ਤੀਜਾ ਹਿੱਸਾ ਸੀ। ਗ਼ੈਰ-ਮਜ਼੍ਹਬੀ ਸਾਮੰਤਸ਼ਾਹੀ ਉੱਤੇ ਹਰ ਦੇਸ਼ ਵਿੱਚ ਅਤੇ ਪੂਰੇ ਵਿਸਥਾਰ ਨਾਲ਼ ਸਫ਼ਲ ਹਮਲਾ ਕਰਨ ਤੋਂ ਪਹਿਲਾਂ ਇਹਦੀ ਪਵਿੱਤਰ ਕੇਂਦਰੀ ਜਥੇਬੰਦੀ ਨੂੰ ਤਬਾਹ ਕਰਨਾ ਲਾਜ਼ਮੀ ਸੀ।

ਨਾਲ਼ੇ ਮੱਧ-ਸ਼੍ਰੇਣੀ ਦੇ ਉਭਰਨ ਦੇ ਨਾਲ਼ ਹੀ ਨਾਲ਼ ਵਿਗਿਆਨ ਦੀ ਮਹਾਨ ਸੁਰਜੀਤਤਾ ਆਈ—ਤਾਰਾ-ਵਿਗਿਆਨ, ਗਤੀ-ਵਿਗਿਆਨ, ਭੌਤਕ-ਵਿਗਿਆਨ, ਸਰੀਰ-ਬਣਤਰ-ਵਿਗਿਆਨ, ਸਰੀਰ-ਵਿਗਿਆਨ ਨੂੰ ਵਾਧਾ ਮਿਲਿਆ ਅਤੇ ਬੁਰਜੂਆਜ਼ੀ ਨੂੰ ਆਪਣੀ ਸਨਅਤੀ ਉਪਜ ਦੇ ਵਾਧੇ ਲਈ ਇੱਕ ਅਜਿਹੇ ਵਿਗਿਆਨ ਦੀ ਲੋੜ ਸੀ

ਜਿਹੜਾ ਪ੍ਰਕਿਰਤਕ ਵਸਤਾਂ ਦੀਆਂ ਭੌਤਕ ਸਿਫ਼ਤਾਂ ਦਾ ਅਤੇ ਪ੍ਰਕਿਰਤੀ ਦੀਆਂ ਸ਼ਕਤੀਆਂ ਦੇ ਅਮਲ ਦੇ ਢੰਗਾਂ ਦਾ ਪਤਾ ਕੱਢੇ। ਉਸ ਸਮੇਂ ਤੱਕ ਵਿਗਿਆਨ ਸਥਾਪਤ ਧਰਮ ਦੀ ਨਿਰਮਾਣ ਬਾਂਦੀ ਰਿਹਾ ਸੀ, ਉਹਨੂੰ ਧਾਰਮਕ ਨਿਸ਼ਚੇ ਵੱਲੋਂ ਮਿਥੀਆਂ ਹੱਦਾਂ ਤੋਂ ਬਾਹਰ ਨਹੀਂ ਸੀ ਜਾਣ ਦਿੱਤਾ ਗਿਆ ਅਤੇ ਇਸੇ ਕਾਰਨ ਉੱਕਾ ਕੋਈ ਵਿਗਿਆਨ ਨਹੀਂ ਸੀ ਰਿਹਾ। ਵਿਗਿਆਨ ਨੇ ਸਥਾਪਤ ਧਰਮ ਵਿਰੁੱਧ ਬਗ਼ਾਵਤ ਕਰ ਦਿੱਤੀ; ਬੁਰਜੂਆਜ਼ੀ ਦਾ ਇਸ ਤੋਂ ਬਿਨਾਂ ਗੁਜ਼ਾਰਾ ਨਹੀਂ ਸੀ ਸੋ ਇਹਨੂੰ ਬਗ਼ਾਵਤ ਵਿੱਚ ਸ਼ਾਮਲ ਹੋਣਾ ਪਿਆ।

ਭਾਵੇਂ ਉਪ੍ਰੋਕਤ ਉਹਨਾਂ ਦੋ ਨੁਕਤਿਆਂ ਨੂੰ ਹੀ ਛੂੰਹਦਾ ਹੈ ਜਿਥੇ ਉੱਭਰ ਰਹੀ ਮੱਧ-ਸ਼੍ਰੇਣੀ ਦਾ ਸਥਾਪਤ ਧਰਮ ਨਾਲ਼ ਟਕਰਾਉਣਾ ਲਾਜ਼ਮੀ ਸੀ ਪਰ ਇਹ ਵਿਖਾਉਣ ਲਈ ਕਾਫ਼ੀ ਹੈ ਕਿ, ਪਹਿਲੇ, ਰੋਮਨ ਈਸਾਈਅਤ ਦਾਅਵਿਆਂ ਵਿਰੁੱਧ ਘੋਲ਼ ਵਿੱਚ ਜਿਸ ਸ਼੍ਰੇਣੀ ਨੂੰ ਸਭ ਤੋਂ ਵੱਧ ਸਿੱਧੀ ਦਿਲਚਸਪੀ ਸੀ ਉਹ ਬੁਰਜੂਆਜ਼ੀ ਸੀ; ਅਤੇ, ਦੂਜੇ ਕਿ ਉਸ ਸਮੇਂ ਸਾਮੰਤਵਾਦ ਵਿਰੁੱਧ ਹਰ ਘੋਲ਼ ਲਈ ਧਾਰਮਕ ਭੇਸ ਅਖ਼ਤਿਆਰ ਕਰਨਾ ਲਾਜ਼ਮੀ ਸੀ ਅਤੇ ਸਭ ਤੋਂ ਪਹਿਲਾਂ ਇਹਦਾ ਰੁਖ਼ ਸਥਾਪਤ ਧਰਮ ਵਿਰੁੱਧ ਹੀ ਹੋਣਾ ਸੀ। ਪਰ ਜੇ ਯੂਨੀਵਰਸਿਟੀਆਂ ਅਤੇ ਸ਼ਹਿਰਾਂ ਦੇ ਵਪਾਰੀਆਂ ਨੇ ਸ਼ੋਰ ਸ਼ੁਰੂ ਕੀਤਾ ਤਾਂ ਇਹਨੂੰ ਪਿੰਡਾਂ ਦੇ ਲੋਕਾਂ, ਕਿਸਾਨਾਂ ਦੀ ਬਹੁ-ਗਿਣਤੀ ਵੱਲੋਂ, ਜਿਨ੍ਹਾਂ ਨੂੰ ਹਰ ਥਾਂ ਆਪਣੇ ਸਾਮੰਤੀ ਮਾਲਕਾਂ, ਧਾਰਮਕ ਅਤੇ ਅ-ਧਾਰਮਕ, ਵਿਰੁੱਧ ਆਪਣੀ ਹੋਂਦ ਲਈ ਹੀ ਜੂਝਣਾ ਪੈਂਦਾ ਸੀ, ਹੁੰਗਾਰਾ ਮਿਲਣਾ ਲਾਜ਼ਮੀ ਸੀ।

ਸਾਮੰਤਵਾਦ ਵਿਰੁੱਧ ਬੁਰਜੂਆਜ਼ੀ ਦਾ ਲੰਮਾ ਘੋਲ਼ ਤਿੰਨ ਮਹਾਨ, ਨਿਰਣਾਇਕ ਲੜਾਈਆਂ ਵਿੱਚ ਸਿਖਰ ਉੱਤੇ ਅਪੜਿਆ।

ਪਹਿਲੀ ਉਹ ਹੈ ਜਿਸਨੂੰ ਜਰਮਨੀ ਵਿੱਚ ਪ੍ਰੋਟੈਸਟੰਟ ਸੁਧਾਰ ਕਿਹਾ ਜਾਂਦਾ ਹੈ। ਲੂਥਰ ਨੇ ਸਥਾਪਤ ਈਸਾਈ ਮਤ ਵਿਰੁੱਧ ਜਿਹੜਾ ਯੁੱਧ ਦਾ ਨਾਅਰਾ ਲਾਇਆ, ਉਹਦਾ ਹੁੰਗਾਰਾ ਰਾਜਸੀ ਖ਼ਾਸੇ ਵਾਲ਼ੀਆਂ ਦੋ ਬਗ਼ਾਵਤਾਂ ਵਿੱਚ ਮਿਲਿਆ: ਪਹਿਲੀ ਫ਼ਰਾਂਜ਼ ਫ਼ਾਨ ਸਿਕਿੰਗੇਨ ਦੀ ਅਗਵਾਈ ਹੇਠ ਹੇਠਲੇ ਦਰਜੇ ਦੇ ਰਾਠਾਂ ਦੀ ਬਗ਼ਾਵਤ (1523), ਫੇਰ ਮਹਾਨ ਕਿਸਾਨ ਬਗ਼ਾਵਤ, 1525। ਦੋਹਾਂ ਦੀ ਹਾਰ ਹੋਈ, ਵਿਸ਼ੇਸ਼ ਤੌਰ 'ਤੇ ਸਭ ਤੋਂ ਵੱਧ ਦਿਲਚਸਪੀ ਰੱਖਣ ਵਾਲ਼ੀਆਂ ਧਿਰਾਂ, ਨਗਰਾਂ ਦੇ ਨਾਗਰਕਾਂ (burghers) ਦੀ ਦੁਚਿੱਤੀ ਕਾਰਨ—ਇਹ ਇੱਕ ਅਜਿਹੀ ਦੁਚਿੱਤੀ ਹੈ ਜਿਸ ਦੇ ਸਿੱਟਿਆਂ ਵਿੱਚ ਅਸੀਂ ਇੱਥੇ ਨਹੀਂ ਜਾ ਸਕਦੇ। ਉਸ ਤੋਂ ਪਿੱਛੋਂ ਇਹ ਘੋਲ਼ ਸਥਾਨਕ ਰਜਵਾੜਿਆਂ ਅਤੇ ਕੇਂਦਰੀ ਤਾਕਤ ਵਿਚਕਾਰ ਘੋਲ਼ ਵਿੱਚ ਨਿੱਘਰ ਗਿਆ ਅਤੇ ਇਹਦੇ ਸਿੱਟੇ ਵਜੋਂ ਜਰਮਨੀ ਦੋ ਸੌ ਵਰ੍ਹਿਆਂ ਲਈ ਯੂਰਪ ਦੀਆਂ ਰਾਜਸੀ ਤੌਰ 'ਤੇ ਸਰਗਰਮ ਕੌਮਾਂ ਵਿੱਚੋਂ ਨਿਕਲ ਗਿਆ। ਲੂਥਰਵਾਦੀ ਸੁਧਾਰ ਨੇ ਨਿਰਸੰਦੇਹ ਇੱਕ ਨਵੇਂ ਮਤ ਨੂੰ ਜਨਮ ਦਿੱਤਾ, ਇੱਕ ਅਜਿਹੇ ਧਰਮ ਨੂੰ ਜਿਹੜਾ ਨਿਹਕੇਵਲ ਬਾਦਸ਼ਾਹੀ ਦੇ ਅਨੁਕੂਲ ਸੀ। ਜਿਉਂ ਹੀ ਉੱਤਰ-ਪੂਰਬੀ ਜਰਮਨੀ ਦੇ ਕਿਸਾਨ ਲੂਥਰਵਾਦ ਦੇ ਪੈਰੋ ਬਣੇ ਉਹ ਆਜ਼ਾਦ ਲੋਕਾਂ ਤੋਂ ਖੇਤ-ਗ਼ੁਲਾਮਾਂ ਵਿੱਚ ਤਬਦੀਲ ਹੋ ਗਏ।

ਪਰ ਜਿੱਥੇ ਲੂਥਰ ਅਸਫ਼ਲ ਰਿਹਾ ਉੱਥੇ ਕੈਲਵਿਨ ਨੇ ਮੈਦਾਨ ਜਿੱਤ ਲਿਆ। ਕੈਲਵਿਨ ਦਾ ਮਤ ਅਜਿਹਾ ਸੀ ਜਿਹੜਾ ਉਹਦੇ ਸਮੇਂ ਦੀ ਅਤਿ ਦਲੇਰ ਬੁਰਜੂਆਜ਼ੀ ਲਈ

ਯੋਗ ਸੀ। ਉਹਦਾ ਧੁਰ ਦੇ ਲਿਖੇ ਦਾ ਸਿਧਾਂਤ ਇਸ ਤੱਥ ਦਾ ਧਾਰਮਕ ਪ੍ਰਗਟਾਅ ਸੀ ਕਿ ਮੁਕਬਾਲੇ ਦੀ ਵਪਾਰਕ ਦੁਨੀਆਂ ਵਿੱਚ ਸਫ਼ਲਤਾ ਜਾਂ ਅਸਫ਼ਲਤਾ ਮਨੁੱਖ ਦੀ ਆਪਣੀ ਸਰਗਰਮੀ ਜਾਂ ਚਤੁਰਾਈ ਉੱਤੇ ਨਿਰਭਰ ਨਹੀਂ ਸਗੋਂ ਅਜਿਹੀਆਂ ਪ੍ਰਸਥਿਤੀਆਂ ਉੱਤੇ ਨਿਰਭਰ ਹੈ ਜਿਹੜੀਆਂ ਉਹਦੇ ਅਧੀਨ ਨਹੀਂ। ਸਿੱਟਾ ਇਛਾ ਕਰਨ ਵਾਲ਼ੇ ਜਾਂ ਯਤਨ ਕਰਨ ਵਾਲ਼ੇ ਦੇ ਹੱਥ ਨਹੀਂ ਸਗੋਂ ਅਣਜਾਣੀਆਂ ਉਚੇਰੀਆਂ ਆਰਥਕ ਸ਼ਕਤੀਆਂ ਦੇ ਹੱਥ ਸੀ ਅਤੇ ਇਹ ਗੱਲ ਆਰਥਕ ਇਨਕਲਾਬ ਦੇ ਸਮੇਂ ਲਈ ਹੋਰ ਵੀ ਠੀਕ ਸੀ ਜਦੋਂ ਸਾਰੇ ਪੁਰਾਣੇ ਵਪਾਰਕ ਰਾਹਾਂ ਅਤੇ ਕੇਂਦਰਾਂ ਦੀ ਥਾਂ ਨਵਿਆਂ ਨੇ ਲੈ ਲਈ, ਜਦੋਂ ਹਿੰਦ ਅਤੇ ਅਮਰੀਕਾ ਸੰਸਾਰ ਲਈ ਖੋਲ੍ਹ ਦਿੱਤੇ ਗਏ ਅਤੇ ਜਦੋਂ ਆਰਥਕ ਨਿਸ਼ਚੇ ਦੀਆਂ ਸਭ ਤੋਂ ਪਵਿੱਤਰ ਕੀਮਤਾਂ —ਸੋਨੇ ਅਤੇ ਚਾਂਦੀ ਦੀਆਂ ਕੀਮਤਾਂ— ਡਾਵਾਂ-ਡੋਲ ਹੋਣੀਆਂ ਅਤੇ ਟੁੱਟਣੀਆਂ ਸ਼ੁਰੂ ਹੋ ਗਈਆਂ। ਕੈਲਵਿਨ ਦਾ ਮਤ ਪੂਰੀ ਤਰ੍ਹਾਂ ਗਣ-ਰਾਜੀ ਅਤੇ ਜਮਹੂਰੀ ਸੀ ਅਤੇ ਜਿੱਥੇ ਪ੍ਰਮਾਤਮਾ ਦਾ ਰਾਜ ਗਣ-ਰਾਜੀ ਬਣਾ ਦਿੱਤਾ ਗਿਆ ਹੋਵੇ ਉੱਥੇ ਇਸ ਸੰਸਾਰ ਦੀਆਂ ਬਾਦਸ਼ਾਹੀਆਂ ਬਾਦਸ਼ਾਹਾਂ, ਬਿਸ਼ਪਾਂ ਅਤੇ ਰਾਠਾਂ ਦੇ ਅਧੀਨ ਕਿਵੇਂ ਰਹਿ ਸਕਦੀਆਂ ਸਨ ? ਜਿੱਥੇ ਜਰਮਨ ਲੂਥਰਵਾਦ ਰਜਵਾੜਿਆਂ ਦੇ ਹੱਥਾਂ ਵਿੱਚ ਸਾਊ ਸੰਦ ਬਣ ਗਿਆ ਉੱਥੇ ਕੈਲਵਿਨਵਾਦ ਨੇ ਹਾਲੈਂਡ ਵਿੱਚ ਗਣ-ਰਾਜ ਕਾਇਮ ਕੀਤਾ ਅਤੇ ਇੰਗਲੈਂਡ ਅਤੇ ਸਭ ਤੋਂ ਵੱਧ, ਸਕਾਟਲੈਂਡ ਵਿੱਚ ਬਲਵਾਨ ਗਣ-ਰਾਜੀ ਪਾਰਟੀਆਂ ਨੂੰ ਜਨਮ ਦਿੱਤਾ।

ਕੈਲਵਿਨਵਾਦ ਵਿੱਚ ਦੂਜੀ ਮਹਾਨ ਬੁਰਜੂਆ ਬਗ਼ਾਵਤ ਨੂੰ ਆਪਣਾ ਸਿਧਾਂਤ ਤਿਆਰ ਬਰ-ਤਿਆਰ ਮਿਲਿਆ। ਇਹ ਬਗ਼ਾਵਤ ਇੰਗਲੈਂਡ ਵਿੱਚ ਆਈ। ਸ਼ਹਿਰਾਂ ਦੀ ਮੱਧ-ਸ਼੍ਰੇਣੀ ਨੇ ਇਹ ਬਗ਼ਾਵਤ ਲਿਆਂਦੀ ਅਤੇ ਪਿੰਡਾਂ ਦੇ ਦਰਮਿਆਨੇ ਕਿਸਾਨਾਂ ਨੇ ਇਸ ਲਈ ਅੰਤ ਤੱਕ ਲੜਾਈ ਕੀਤੀ। ਅਜੀਬ ਗੱਲ ਇਹ ਹੈ ਕਿ ਤਿੰਨਾਂ ਹੀ ਮਹਾਨ ਬੁਰਜੂਆ ਬਗ਼ਾਵਤਾਂ ਵਿੱਚ ਕਿਸਾਨੀ ਉਹ ਫ਼ੌਜ ਦੇਂਦੀ ਹੈ ਜਿਸਨੇ ਲੜਾਈ ਲੜਨੀ ਹੁੰਦੀ ਹੈ ਅਤੇ ਕਿਸਾਨੀ ਹੀ ਐਨ ਉਹ ਸ਼੍ਰੇਣੀ ਹੈ, ਜਿਹੜੀ ਇੱਕ ਵਾਰ ਜਿੱਤ ਪ੍ਰਾਪਤ ਹੋ ਜਾਣ ਪਿੱਛੋਂ, ਜਿੱਤ ਦੇ ਆਰਥਕ ਸਿੱਟਿਆਂ ਦੇ ਸਿੱਟੇ ਵਜੋਂ ਲਾਜ਼ਮੀ ਤੌਰ 'ਤੇ ਤਬਾਹ ਹੁੰਦੀ ਹੈ। ਕਰਾਮਵੈਲ ਤੋਂ ਸੌ ਵਰ੍ਹੇ ਪਿੱਛੋਂ ਇੰਗਲੈਂਡ ਦੇ ਦਰਮਿਆਨੇ ਕਿਸਾਨ ਉੱਕਾ ਹੀ ਖ਼ਤਮ ਹੋ ਗਏ ਸਨ। ਕੁੱਝ ਵੀ ਹੋਵੇ, ਦਰਮਿਆਨੇ ਕਿਸਾਨ ਅਤੇ ਸ਼ਹਿਰਾਂ ਦੇ ਲੰਡੀ ਬੁਚੀ ਅੰਸ਼ ਤੋਂ ਬਿਨਾਂ ਬੁਰਜੂਆਜ਼ੀ ਇਕੱਲੀ ਕਦੇ ਕੌੜੇ ਅੰਤ ਤੱਕ ਨਾ ਲੜ ਸਕਦੀ ਅਤੇ ਚਾਰਲਸ ਪਹਿਲੇ ਨੂੰ ਕਦੇ ਮੌਤ ਦੇ ਘਾਟ ਨਾ ਉਤਾਰ ਸਕਦੀ। ਬੁਰਜੂਆਜ਼ੀ ਦੀਆਂ ਉਹ ਜਿੱਤਾਂ ਪ੍ਰਾਪਤ ਕਰਨ ਲਈ ਵੀ ਜਿਹੜੀਆਂ ਉਸ ਸਮੇਂ ਇਕੱਤਰ ਕਰਨ ਲਈ ਤਿਆਰ ਸਨ, ਇਨਕਲਾਬ ਨੂੰ ਚੋਖਾ ਅੱਗੇ ਲਿਜਾਣਾ ਪਿਆ— ਐਨ ਉਸੇ ਤਰਾਂ ਜਿਵੇਂ 1793 ਵਿੱਚ ਫ਼ਰਾਂਸ ਵਿੱਚ ਅਤੇ 1848 ਵਿੱਚ ਜਰਮਨੀ ਵਿੱਚ ਹੋਇਆ। ਤੱਥ ਤਾਂ ਇਹ ਹੈ ਕਿ ਇਹ ਬੁਰਜੂਆ ਸਮਾਜ ਦੇ ਵਿਕਾਸ ਦੇ ਨਿਯਮ ਜਾਪਦਾ ਹੈ।

ਸੋ, ਇਨਕਲਾਬੀ ਸਰਗਰਮੀ ਦੇ ਇਸ ਵਾਧੇ ਦੇ ਸਿੱਟੇ ਵਜੋਂ ਲਾਜ਼ਮੀ ਤੌਰ 'ਤੇ ਉਹ ਪ੍ਰਤਿਕਰਮ ਆਇਆ ਜਿਹੜਾ ਆਪਣੀ ਵਾਰੀ ਉਸ ਨੁਕਤੇ ਤੋਂ ਬਹੁਤ ਅੱਗੇ ਚਲਾ ਗਿਆ ਜਿੱਥੇ ਉਹ ਆਪਣੇ ਆਪ ਨੂੰ ਕਾਇਮ ਰੱਖ ਸਕਦਾ ਸੀ। ਡਕ-ਡੋਲਿਆਂ ਦੀ ਇੱਕ ਪੂਰੀ ਲੜੀ

ਪਿੱਛੋਂ ਇੱਕ ਨਵਾਂ ਖਿੱਚ-ਨਾਭ ਲੱਭ ਲਿਆ ਗਿਆ ਅਤੇ ਇਹ ਨਵਾਂ ਮੁੱਢ ਬਣ ਗਿਆ। ਅੰਗ੍ਰੇਜ਼ੀ ਇਤਿਹਾਸ ਦੇ ਸ਼ਾਨਦਾਰ ਸਮੇਂ, ਜਿਸਨੂੰ ਸਾਊਪੁਣਾ "ਮਹਾਨ ਬਗ਼ਾਵਤ" ਦੇ ਨਾਂ ਨਾਲ਼ ਜਾਣਦਾ ਹੈ ਅਤੇ ਇਸ ਤੋਂ ਪਿੱਛੋਂ ਹੋਏ ਘੋਲ਼ਾਂ ਦਾ ਅੰਤ ਉਸ ਮੁਕਾਬਲੇ ਤੇ ਪਿਸਤੀ ਜਿਹੀ ਘਟਨਾ ਨਾਲ਼ ਹੋਇਆ ਜਿਸਨੂੰ ਉਦਾਰਪੰਥੀ ਇਤਿਹਾਸਕਾਰ "ਸ਼ਾਨਦਾਰ ਇਨਕਲਾਬ"[16] ਕਹਿੰਦੇ ਹਨ।

ਇਹਦਾ ਮੁੱਢ ਉੱਭਰ ਰਹੀ ਮੱਧ-ਸ਼੍ਰੇਣੀ ਅਤੇ ਸਾਬਕ ਸਾਮੰਤੀ ਜਾਗੀਰਦਾਰਾਂ ਵਿਚਕਾਰ ਇੱਕ ਸਮਝੌਤਾ ਸੀ। ਭਾਵੇਂ ਪਿਛਲੇਰਿਆਂ ਨੂੰ ਹੁਣ ਵਾਂਗ ਹੀ ਅਮੀਰਸ਼ਾਹੀ ਕਿਹਾ ਜਾਂਦਾ ਸੀ ਉਹ ਲੰਮੇ ਸਮੇਂ ਤੋਂ ਉਸ ਰਾਹ ਉੱਤੇ ਪੈ ਗਏ ਸਨ ਜਿਹੜਾ ਉਹਨਾਂ ਨੂੰ ਉਹ ਕੁੱਝ ਬਣਨ ਵੱਲ ਲੈ ਗਿਆ ਜੋ ਫ਼ਰਾਂਸ ਵਿੱਚ ਲੂਈ ਫ਼ਿਲਪ ਬਹੁਤ ਪਿੱਛੋਂ ਜਾ ਕੇ ਬਣਿਆ, "ਬਾਦਸ਼ਾਹੀ ਦਾ ਪ੍ਰਮੁੱਖ ਬੁਰਜੂਆ"। ਇਹ ਇੰਗਲੈਂਡ ਦੀ ਖ਼ੁਸ਼ਕਿਸਮਤੀ ਸੀ ਕਿ ਪੁਰਾਣੇ ਸਾਮੰਤੀ ਨਵਾਬਾਂ ਨੇ ਇੱਕ ਦੂਜੇ ਨੂੰ ਗੁਲਾਬਾਂ ਦੇ ਯੁੱਧਾਂ[17] ਵਿੱਚ ਕਤਲ ਕਰ ਦਿੱਤਾ ਸੀ। ਉਹਨਾਂ ਦੇ ਵਾਰਸ ਭਾਵੇਂ ਪੁਰਾਣੇ ਪਰਿਵਾਰਾਂ ਦੀ ਹੀ ਸੰਤਾਨ ਸਨ ਪਰ ਉਹ ਵਿਰਾਸਤ ਦੀ ਸਿੱਧੀ ਲੀਹ ਤੋਂ ਏਨੇ ਦੂਰ ਸਨ ਕਿ ਉਹ ਇੱਕ ਨਵਾਂ ਸਮੂਹ ਬਣਦੇ ਸਨ, ਜਿਸਦੀਆਂ ਆਦਤਾਂ ਅਤੇ ਮੁਹਾਣ ਸਾਮੰਤੀ ਨਾਲ਼ੋਂ ਵਧੇਰੇ ਬੁਰਜੂਆ ਸਨ। ਉਹ ਪੈਸੇ ਦਾ ਮੁੱਲ ਪੂਰੀ ਤਰ੍ਹਾਂ ਸਮਝਦੇ ਸਨ ਅਤੇ ਉਹਨਾਂ ਇੱਕ ਦਮ ਸੈਂਕੜੇ ਨਿੱਕੇ ਕਿਸਾਨਾਂ ਨੂੰ ਬੇਦਖ਼ਲ ਕਰਕੇ ਅਤੇ ਉਹਨਾਂ ਦੀ ਥਾਂ ਭੇਡਾਂ ਪਾਲਣ ਨੂੰ ਦੇ ਕੇ ਭੋਂ ਤੋਂ ਆਪਣੀ ਆਮਦਨ ਵਧਾਉਣੀ ਸ਼ੁਰੂ ਕਰ ਦਿੱਤੀ। ਗਿਰਜਿਆਂ ਦੀ ਭੋਂ ਉਜਾੜਦੇ ਹੋਏ ਹੈਨਰੀ ਅਠਵੇਂ ਨੇ ਥੋਕ ਰੂਪ ਵਿੱਚ ਬੁਰਜੂਆ ਜਾਗੀਰਦਾਰ ਪੈਦਾ ਕੀਤੇ; ਅਨੇਕ ਜਾਗੀਰਾਂ ਦੀ ਜ਼ਬਤੀ ਅਤੇ ਉਹਨਾਂ ਦਾ ਬਿਲਕੁੱਲ ਜਾਂ ਮੁਕਾਬਲੇ ਉੱਤੇ ਨਵੇਂ ਰਈਸਾਂ ਨੂੰ ਦਿੱਤੇ ਜਾਣ ਦਾ ਜਿਹੜਾ ਅਮਲ ਸਮੁੱਚੀ ਸਤਾਰ੍ਹਵੀਂ ਸਦੀ ਦੇ ਦੌਰਾਨ ਜਾਰੀ ਰਿਹਾ, ਉਹਦਾ ਸਿੱਟਾ ਵੀ ਇਹੋ ਹੋਇਆ। ਇਹਦੇ ਸਿੱਟੇ ਵਜੋਂ ਹੈਨਰੀ ਸੱਤਵੇਂ ਦੇ ਸਮੇਂ ਤੋਂ ਅੰਗ੍ਰੇਜ਼ "ਅਮੀਰਸ਼ਾਹੀ" ਨੇ ਸਨਅਤੀ ਉਪਜ ਦੇ ਵਿਕਾਸ ਦਾ ਮੁਕਾਬਲਾ ਕਰਨਾ ਤਾਂ ਇੱਕ ਪਾਸੇ ਰਿਹਾ, ਇਹਦੇ ਉਲਟ ਇਸ ਤੋਂ ਅਣਸਿੱਧੇ ਤੌਰ 'ਤੇ ਲਾਭ ਉਠਾਉਣ ਦਾ ਯਤਨ ਕੀਤਾ ਅਤੇ ਵੱਡੇ ਭੋਂ-ਮਾਲਕਾਂ ਦਾ ਇੱਕ ਹਿੱਸਾ ਹਮੇਸ਼ਾ ਅਜਿਹਾ ਰਿਹਾ ਜਿਹੜਾ ਆਰਥਕ ਜਾਂ ਰਾਜਸੀ ਕਾਰਨਾਂ ਕਰਕੇ ਵਿੱਤੀ ਅਤੇ ਸਨਅਤੀ ਬੁਰਜੂਆਜ਼ੀ ਦੇ ਮੁੱਖ ਵਿਅਕਤੀਆਂ ਨਾਲ਼ ਮਿਲਵਰਤਨ ਕਰਨ ਲਈ ਤਿਆਰ ਸੀ। ਇਸ ਲਈ 1689 ਦਾ ਸਮਝੌਤਾ ਸੌਖੇ ਹੀ ਹੋ ਗਿਆ। ਜੇ ਵਿੱਤੀ, ਸਨਅਤੀ ਅਤੇ ਵਪਾਰੀ ਮੱਧ-ਸ਼੍ਰੇਣੀਆਂ ਦੇ ਆਰਥਕ ਹਿੱਤਾਂ ਵੱਲ ਚੋਖਾ ਧਿਆਨ ਦਿੱਤਾ ਜਾਵੇ ਤਾਂ "ਧਨ ਦੌਲਤ ਅਤੇ ਪਦਵੀਆਂ" ਦੀ ਰਾਜਸੀ ਲੁੱਟ ਵੱਡੇ ਭੋਂ-ਮਾਲਕ ਪਰਿਵਾਰਾਂ ਲਈ ਛੱਡ ਦਿੱਤੀ ਗਈ। ਅਤੇ ਇਹ ਆਰਥਕ ਹਿੱਤ ਉਸ ਸਮੇਂ ਕੌਮ ਦੀ ਆਮ ਨੀਤੀ ਘੜਨ ਲਈ ਚੋਖੇ ਬਲਵਾਨ ਸਨ। ਵਿਸਥਾਰ ਸਬੰਧੀ ਮਾਮਲਿਆਂ ਬਾਰੇ ਝਗੜੇ ਹੋ ਸਕਦੇ ਸਨ ਪਰ ਅਮੀਰਸ਼ਾਹੀ ਰਾਜ-ਜੁੰਡੀ ਇਹ ਜਾਣਦੀ ਸੀ ਕਿ ਉਹਦੀ ਆਪਣੀ ਆਰਥਕ ਖ਼ੁਸ਼ਹਾਲੀ ਅਟੁੱਟ ਤੌਰ 'ਤੇ ਸਨਅਤੀ ਅਤੇ ਵਪਾਰੀ ਮੱਧ-ਸ਼੍ਰੇਣੀਆਂ ਨਾਲ਼ ਬੰਨ੍ਹੀ ਹੋਈ ਹੈ।

ਉਸ ਸਮੇਂ ਤੋਂ ਬੁਰਜੂਆਜ਼ੀ ਇੰਗਲੈਂਡ ਵਿੱਚ ਹਾਕਮ ਸ਼੍ਰੇਣੀਆਂ ਦਾ ਇੱਕ ਨਿਰਮਾਣ

ਪਰ ਪ੍ਰਵਾਣਤ ਹਿੱਸਾ ਸੀ। ਬਾਕੀਆਂ ਦੇ ਨਾਲ਼ ਕੌਮ ਦੇ ਵੱਡੇ ਕਿਰਤੀ ਹਿੱਸੇ ਨੂੰ ਦਬਾ ਕੇ ਰੱਖਣ ਵਿੱਚ ਇਸ ਦਾ ਸਾਂਝਾ ਹਿੱਤ ਸੀ। ਵਪਾਰੀ ਜਾਂ ਸਨਅਤਕਾਰ ਖ਼ੁਦ ਆਪਣੇ ਕਲਰਕਾਂ, ਆਪਣੇ ਮਜ਼ਦੂਰਾਂ ਅਤੇ ਆਪਣੇ ਘਰੇਲੂ ਮੁਲਾਜ਼ਮਾਂ ਦੇ ਸਬੰਧ ਵਿੱਚ ਮਾਲਕ ਜਾਂ ਜਿਹਾ ਕਿ ਪਿੱਛੇ ਜਿਹੇ ਤੱਕ ਕਿਹਾ ਜਾਂਦਾ ਸੀ "ਕੁਦਰਤੀ ਉੱਚ" ਦੇ ਸਥਾਨ 'ਤੇ ਖੜ੍ਹਾ ਸੀ। ਉਹਦਾ ਹਿੱਤ ਇਸ ਗੱਲ ਵਿੱਚ ਸੀ ਕਿ ਉਹ ਉਹਨਾਂ ਤੋਂ ਜਿੰਨਾਂ ਵੱਧ ਤੋਂ ਵੱਧ ਅਤੇ ਜਿੰਨਾਂ ਚੰਗੇ ਤੋਂ ਚੰਗਾ ਸੰਭਵ ਹੋਵੇ ਕੰਮ ਲਵੇ; ਇਸ ਕੰਮ ਲਈ ਉਹਨਾਂ ਨੂੰ ਯੋਗ ਅਧੀਨਗੀ ਦੀ ਸਿੱਖਿਆ ਦੇਣੀ ਲਾਜ਼ਮੀ ਸੀ। ਉਹ ਆਪ ਧਾਰਮਕ ਸੀ; ਉਹਦੇ ਧਰਮ ਨੇ ਉਹ ਝੰਡਾ ਦਿੱਤਾ ਸੀ ਜਿਸ ਅਧੀਨ ਉਹ ਬਾਦਸ਼ਾਹਾਂ ਅਤੇ ਨਵਾਬਾਂ ਵਿਰੁੱਧ ਲੜਿਆ ਸੀ; ਉਹਨੂੰ ਇਹ ਜਾਣਨ ਵਿੱਚ ਦੇਰ ਨਾ ਲੱਗੀ ਕਿ ਇਹੋ ਧਰਮ ਉਹਨੂੰ ਆਪਣੇ ਤੋਂ ਕੁਦਰਤੀ ਤੌਰ 'ਤੇ ਨੀਵਿਆਂ ਦੇ ਮਨਾਂ ਉੱਤੇ ਕੰਮ ਕਰਨ ਅਤੇ ਉਹਨਾਂ ਨੂੰ ਉਹਨਾਂ ਮਾਲਕਾਂ ਦੇ ਹੁਕਮ ਮੰਨਣ ਵਾਲ਼ੇ ਬਣਾਉਣ ਲਈ, ਜਿਨ੍ਹਾਂ ਨੂੰ ਰੱਬ ਨੇ ਆਪਣੀ ਰਜ਼ਾ ਅਨੁਸਾਰ ਉਹਨਾਂ ਦੇ ਉੱਪਰ ਰੱਖਿਆ ਹੈ, ਕਿੰਨੇ ਅਵਸਰ ਦੇਂਦਾ ਹੈ। ਮੁੱਕਦੀ ਗੱਲ, ਅੰਗ੍ਰੇਜ਼ ਬੁਰਜੂਆਜ਼ੀ ਨੂੰ ਹੁਣ "ਨੀਵੇਂ ਵਰਗਾਂ" ਨੂੰ, ਕੌਮ ਦੇ ਵੱਡੇ ਉਪਜਾਊ ਹਿੱਸੇ ਨੂੰ ਦਬਾ ਕੇ ਰੱਖਣ ਵਿੱਚ ਹਿੱਸਾ ਲੈਣਾ ਪੈਣਾ ਸੀ ਅਤੇ ਇਸ ਮੰਤਵ ਲਈ ਵਰਤੇ ਗਏ ਢੰਗਾਂ ਵਿੱਚੋਂ ਇੱਕ ਧਰਮ ਦਾ ਅਸਰ ਸੀ।

ਇੱਕ ਹੋਰ ਤੱਥ ਵੀ ਸੀ ਜਿਸਨੇ ਬੁਰਜੂਆਜ਼ੀ ਦੇ ਧਾਰਮਕ ਝੁਕਾਆਂ ਨੂੰ ਬਲਵਾਨ ਬਣਾਉਣ ਵਿੱਚ ਹਿੱਸਾ ਪਾਇਆ। ਇਹ ਇੰਗਲੈਂਡ ਵਿੱਚ ਪਦਾਰਥਵਾਦ ਦਾ ਉਭਾਰ ਸੀ। ਇਸ ਨਵੇਂ ਸਿਧਾਂਤ ਨੇ ਨਾ ਕੇਵਲ ਮੱਧ-ਸ਼੍ਰੇਣੀ ਦੀਆਂ ਧਰਮਾਤਮਾ ਭਾਵਨਾਵਾਂ ਨੂੰ ਠੇਸ ਪਹੁੰਚਾਈ; ਇਹਨੇ ਧਰਮ ਦੇ ਉਲਟ, ਜਿਹੜਾ ਬੁਰਜੂਆਜ਼ੀ ਸਮੇਤ, ਅਨਪੜ੍ਹ ਜਨਤਾ ਦੀ ਸਮਝ ਵਿੱਚ ਆ ਸਕਦਾ ਸੀ, ਇਹ ਐਲਾਨ ਕੀਤਾ ਕਿ ਇਹ ਕੇਵਲ ਆਲਮਾਂ ਜਾਂ ਸਭਿਅ ਲੋਕਾਂ ਲਈ ਹੀ ਦਰਸ਼ਨ ਹੈ। ਹਾਬਸ ਦੇ ਰੂਪ ਵਿੱਚ ਇਹ ਸ਼ਾਹੀ ਵਿਸ਼ੇਸ਼-ਅਧਿਕਾਰਾਂ ਅਤੇ ਸਰਬ-ਸ਼ਕਤੀਮਾਨਤਾ ਦੇ ਰੱਖਿਅਕ ਦੇ ਰੂਪ ਵਿੱਚ ਸਾਹਮਣੇ ਆਇਆ; ਇਹਨੇ ਨਿਹਕੇਵਲ ਬਾਦਸ਼ਾਹੀ ਤੋਂ ਮੰਗ ਕੀਤੀ ਕਿ ਉਹ puer robusts sed malitiosus*, ਅਰਥਾਤ ਜਨਤਾ ਨੂੰ ਦਬਾ ਕੇ ਰਖੇ। ਇਸੇ ਤਰ੍ਹਾਂ ਹਾਬਸ ਦੇ ਵਾਰਸਾਂ—ਬਾਲਿੰਗਬਰੋਕ, ਸ਼ੈਫ਼ਟਸਬਰੀ, ਆਦਿ—ਦੀ ਹਾਲਤ ਵਿੱਚ ਪਦਾਰਥਵਾਦ ਦਾ ਨਵਾਂ ਰੱਬਤਾਵਾਦੀ ਰੂਪ ਇੱਕ ਅਮੀਰਸ਼ਾਹੀ, ਦੁਰਗਮ ਸਿਧਾਂਤ ਰਿਹਾ, ਜਿਹੜਾ, ਇਸੇ ਕਰਕੇ, ਆਪਣੇ ਧਾਰਮਕ ਕੁਰਾਹੇ ਅਤੇ ਆਪਣੇ ਬੁਰਜੂਆ-ਵਿਰੋਧੀ, ਰਾਜਸੀ ਸਬੰਧਾਂ ਦੁਹਾਂ ਕਾਰਨ ਮੱਧ-ਸ਼੍ਰੇਣੀ ਲਈ ਘ੍ਰਿਣਤ ਰਿਹਾ। ਤਦਅਨੁਸਾਰ, ਅਮੀਰਸ਼ਾਹੀ ਦੇ ਪਦਾਰਥਵਾਦ ਅਤੇ ਰੱਬਤਾਵਾਦ ਦੇ ਵਿਰੋਧ ਵਿੱਚ ਉਹ ਪ੍ਰੋਟੈਸਟੰਟ ਸੰਪ੍ਰਦਾ, ਜਿਨ੍ਹਾਂ ਸਟੂਅਰਟ ਬਾਦਸ਼ਾਹਾਂ ਵਿਰੁੱਧ ਲੜਨ ਲਈ ਝੰਡਾ ਅਤੇ ਲੜਾਕੂ ਦਸਤੇ ਦਿੱਤੇ, ਅੱਗੇ-ਵਧੂ ਮੱਧ-ਸ਼੍ਰੇਣੀ ਦੇ ਬਲ ਦਾ ਮੁੱਖ ਸੋਮਾ ਬਣੇ ਰਹੇ ਅਤੇ ਅੱਜ ਵੀ "ਮਹਾਨ ਲਿਬਰਲ ਪਾਰਟੀ" ਦੀ ਰੀੜ੍ਹ ਦੀ ਹੱਡੀ ਹਨ।

---

* ਹੱਟਾ-ਕੱਟਾ ਪਰ ਖੋਰੀ ਮੁੰਡਾ। **—ਸੰਪਾ.**

ਇਚਰ ਪਦਾਰਥਵਾਦ ਇੰਗਲੈਂਡ ਤੋਂ ਫ਼ਰਾਂਸ ਚਲਾ ਗਿਆ ਜਿੱਥੇ ਇਹ ਦਰਸ਼ਨ ਦੀ ਇੱਕ ਹੋਰ ਪਦਾਰਥਵਾਦੀ ਪਰਪਾਟੀ ਕਾਰਟੀਜ਼ੀਅਨਵਾਦ[18] ਦੀ ਇੱਕ ਸ਼ਾਖ਼ ਨੂੰ ਮਿਲਿਆ ਅਤੇ ਉਸ ਵਿੱਚ ਸ਼ਾਮਲ ਹੋ ਗਿਆ। ਫ਼ਰਾਂਸ ਵਿੱਚ ਵੀ ਇਹ ਅਨੰਨ ਤੌਰ ’ਤੇ ਅਮੀਰਸ਼ਾਹੀ ਸਿਧਾਂਤ ਰਿਹਾ। ਪਰ ਛੇਤੀ ਹੀ ਇਹਦੇ ਇਨਕਲਾਬੀ ਖ਼ਾਸੇ ਨੇ ਆਪਣਾ ਅਸਰ ਵਿਖਾਇਆ। ਫ਼ਰਾਂਸੀਸੀ ਪਦਾਰਥਵਾਦੀਆਂ ਨੇ ਆਪਣੀ ਪੜਚੋਲ ਨੂੰ ਧਾਰਮਕ ਨਿਸ਼ਚੇ ਦੇ ਮਾਮਲਿਆਂ ਤੱਕ ਹੀ ਸੀਮਤ ਨਾ ਰੱਖਿਆ; ਉਹਨਾਂ ਇਹਨੂੰ ਹਰ ਉਸ ਵਿਗਿਆਨਕ ਰਵਾਇਤ ਜਾਂ ਰਾਜਸੀ ਸੰਸਥਾ ਉੱਤੇ ਲਾਗੂ ਕੀਤਾ ਜਿਹੜੀ ਉਹਨਾਂ ਦੇ ਰਾਹ ਵਿੱਚ ਆਈ; ਅਤੇ ਆਪਣੇ ਸਿਧਾਂਤ ਦੇ ਵਿਆਪਕ ਤੌਰ ’ਤੇ ਲਾਗੂ ਹੋਣ ਦੇ ਦਾਅਵੇ ਨੂੰ ਸਾਬਤ ਕਰਨ ਲਈ ਉਹਨਾਂ ਇਹਨੂੰ ਇੱਕ ਮਹਾਨ ਕਿਰਤ —Encyclopedie[19]— ਵਿੱਚ, ਜਿਸ ਅਨੁਸਾਰ ਉਹਨਾਂ ਦਾ ਨਾਂ ਪੈ ਗਿਆ, ਗਿਆਨ ਦੇ ਸਭਨਾਂ ਵਿਸ਼ਿਆਂ ਉੱਤੇ ਲਾਗੂ ਕੀਤਾ। ਸੋ ਆਪਣੇ ਦੋ ਰੂਪਾਂ ਵਿੱਚੋਂ ਇੱਕ ਜਾਂ ਦੂਜੇ ਰੂਪ—ਕਬੂਲੇ ਪਦਾਰਥਵਾਦ ਜਾਂ ਰੱਬਤਾਵਾਦ— ਵਿੱਚ ਇਹ ਫ਼ਰਾਂਸ ਦੇ ਸਭਨਾਂ ਸਭਿਅ ਜਵਾਨਾਂ ਦਾ ਨਿਸ਼ਚਾ ਬਣ ਗਿਆ, ਇੱਥੋਂ ਤੱਕ ਕਿ ਜਦੋਂ ਮਹਾਨ ਇਨਕਲਾਬ ਸ਼ੁਰੂ ਹੋਇਆ ਤਾਂ ਅੰਗ੍ਰੇਜ਼ ਸ਼ਾਹ-ਪ੍ਰਸਤਾਂ ਵੱਲੋਂ ਘੜੀ ਵਿਚਾਰਧਾਰਾ ਨੇ ਫਰਾਂਸੀਸ ਗਣ-ਰਾਜਵਾਦੀ ਅਤੇ ਯਰਕਾਊਆਂ ਨੂੰ ਸਿਧਾਂਤਕ ਝੰਡਾ ਦਿੱਤਾ ਅਤੇ ਇਹਨੇ “ਮਨੁੱਖੀ ਹੱਕਾਂ ਦੇ ਐਲਾਨ”[20] ਲਈ ਵਸਤੂ ਦਿੱਤੀ।

ਮਹਾਨ ਫਰਾਂਸੀਸੀ ਇਨਕਲਾਬ ਬੁਰਜੂਆਜ਼ੀ ਦੀ ਤੀਜੀ ਬਗ਼ਾਵਤ ਸੀ ਪਰ ਇਹ ਪਹਿਲੀ ਸੀ ਜਿਸਨੇ ਧਾਰਮਕ ਬੁਰਕਾ ਉੱਕਾ ਹੀ ਲਾਹ ਸੁੱਟਿਆ ਅਤੇ ਇਹ ਲੜਾਈ ਅਣਲੁਕਾਈਆਂ ਰਾਜਸੀ ਲੀਹਾਂ ਉੱਤੇ ਲੜੀ ਗਈ; ਇਹ ਇਸ ਗੱਲੋਂ ਵੀ ਪਹਿਲੀ ਸੀ ਕਿ ਇਹ ਸੱਚਮੁੱਚ ਇੱਕ ਧਿਰ, ਅਮੀਰਸ਼ਾਹੀ, ਦੀ ਤਬਾਹੀ ਅਤੇ ਦੂਜੀ ਧਿਰ, ਬੁਰਜੂਆਜ਼ੀ ਦੀ ਮੁਕੰਮਲ ਜਿੱਤ ਤੱਕ ਲੜੀ ਗਈ। ਇੰਗਲੈਂਡ ਵਿੱਚ ਪੂਰਬ-ਇਨਕਲਾਬੀ ਅਤੇ ਪਰਾ-ਇਨਕਲਾਬੀ ਸੰਸਥਾਵਾਂ ਦੀ ਨਿਰੰਤਰਤਾ ਅਤੇ ਜਾਗੀਰਦਾਰਾਂ ਅਤੇ ਸਰਮਾਏਦਾਰਾਂ ਵਿਚਕਾਰ ਸਮਝੌਤੇ ਦਾ ਪ੍ਰਗਟਾਅ ਅਦਾਲਤੀ ਨਜ਼ੀਰਾਂ ਦੀ ਨਿਰੰਤਰਤਾ ਅਤੇ ਕਾਨੂੰਨ ਦੇ ਸਾਮੰਤੀ ਰੂਪਾਂ ਨੂੰ ਧਾਰਮਕ ਤੌਰ ’ਤੇ ਕਾਇਮ ਰੱਖਣ ਵਿੱਚ ਹੋਇਆ। ਫ਼ਰਾਂਸ ਵਿੱਚ ਇਨਕਲਾਬ ਬੀਤੇ ਦੀਆਂ ਰਵਾਇਤਾਂ ਨਾਲ਼ ਮੁਕੰਮਲ ਤੋੜ-ਵਿਛੋੜਾ ਸੀ; ਇਹਨੇ ਸਾਮੰਤਵਾਦ ਦੇ ਅਖੀਰੀ ਨਿਸ਼ਾਨਾਂ ਤੱਕ ਦਾ ਹੂੰਝਾ ਫੇਰ ਦਿੱਤਾ ਅਤੇ Code civil[21] ਵਿੱਚ ਪੁਰਾਣੇ ਰੋਮਨ ਕਾਨੂੰਨ ਦਾ ਨਵੀਨ ਸਰਮਾਏਦਾਰ ਪ੍ਰਸਥਿਤੀਆਂ ਅਨੁਸਾਰ ਉਸਤਾਦੀ ਅਨੁਕੂਲਣ ਪੇਸ਼ ਕੀਤਾ-ਉਸ ਆਰਥਕ ਪੜਾਅ ਦੇ ਜਿਸਨੂੰ ਮਾਰਕਸ ਨੇ ਵਸਤਾਂ ਦਾ ਉਤਪਾਦਨ ਕਿਹਾ ਹੈ, ਅਨੁਸਾਰੀ ਕਾਨੂੰਨੀ ਸਬੰਧਾਂ ਦਾ ਲਗਭਗ ਨਿਪੁੰਨ ਪ੍ਰਗਟਾਅ; ਏਨਾ ਨਿਪੁੰਨ ਕਿ ਇਹ ਫ਼ਰਾਂਸੀਸੀ ਇਨਕਲਾਬੀ ਸੰਘਤਾ ਅਜੇ ਤੱਕ ਸਭਨਾਂ ਹੋਰਨਾਂ ਦੇਸਾਂ ਵਿੱਚ ਜਾਇਦਾਦ ਸਬੰਧੀ ਕਾਨੂੰਨ ਦੇ ਅਧਾਰ ਦਾ ਕੰਮ ਦੇਂਦੀ ਹੈ, ਇਸ ਵਿੱਚ ਇੰਗਲੈਂਡ ਕੋਈ ਛੋਟ ਨਹੀਂ। ਪਰ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਜੇ ਅੰਗ੍ਰੇਜ਼ ਕਾਨੂੰਨ ਸਰਮਾਏਦਾਰ ਸਮਾਜ ਦੇ ਆਰਥਕ ਸਬੰਧਾਂ ਨੂੰ ਉਸ ਜਾਂਗਲੀ ਸਾਮੰਤੀ ਭਾਸ਼ਾ ਵਿੱਚ ਪ੍ਰਗਟ ਕਰਦਾ ਹੈ ਜਿਹੜੀ ਪ੍ਰਗਟ ਕੀਤੀ ਗੱਲ ਦੇ ਅਨੁਸਾਰੀ ਹੈ, ਜਿਵੇਂ ਅੰਗ੍ਰੇਜ਼ੀ

ਸ਼ਬਦਜੋੜ ਉਚਾਰਣ ਦੇ ਅਨੁਸਾਰੀ ਹਨ—vous ecrivez Londres et vous prononcez Constantinople* ਇੱਕ ਫ਼ਰਾਂਸੀਸੀ ਨੇ ਕਿਹਾ— ਤਾਂ ਇਹੋ ਅੰਗ੍ਰੇਜ਼ੀ ਕਾਨੂੰਨ ਇੱਕੋ ਇੱਕ ਹੈ ਜਿਸਨੇ ਯੁੱਗਾਂ ਤੱਕ ਉਸ ਪੁਰਾਣੀ ਜਰਮਨੀ ਨਿੱਜੀ ਅਜ਼ਾਦੀ ਦੇ ਸਰਵਉਤਮ ਹਿੱਸੇ, ਸਥਾਨਕ ਖ਼ੁਦਅਖ਼ਤਿਆਰੀ ਅਤੇ ਕਾਨੂੰਨੀ ਅਦਾਲਤਾਂ ਤੋਂ ਬਿਨਾਂ ਕਿਸੇ ਹੋਰ ਦਖ਼ਲ ਤੋਂ ਆਜ਼ਾਦੀ ਨੂੰ ਕਾਇਮ ਰੱਖਿਆ ਅਤੇ ਅਮਰੀਕਾ ਅਤੇ ਬਸਤੀਆਂ ਨੂੰ ਭੇਜਿਆ, ਜਿਹੜੀ ਨਿਹਕੇਵਲ ਬਾਦਸ਼ਾਹੀ ਦੇ ਸਮੇਂ ਯੂਰਪੀ ਮਹਾਂ-ਦੀਪ ਵਿੱਚ ਖੁੱਸ ਗਈ ਅਤੇ ਅਜੇ ਤੱਕ ਪੂਰੀ ਤਰ੍ਹਾਂ ਮੁੜ ਪ੍ਰਾਪਤ ਨਹੀਂ ਕੀਤੀ ਜਾ ਸਕੀ।

ਬਰਤਾਨਵੀ ਬੁਰਜੂਆ ਵੱਲ ਮੁੜਦੇ ਹੋਏ, ਫ਼ਰਾਂਸੀਸੀ ਇਨਕਲਾਬ ਨੇ ਇਹਨੂੰ ਇਸ ਗੱਲ ਦਾ ਸ਼ਾਨਦਾਰ ਅਵਸਰ ਦਿੱਤਾ ਕਿ ਯੂਰਪੀ ਮਹਾਂ-ਦੀਪ ਦੀਆਂ ਬਾਦਸ਼ਾਹੀਆਂ ਨਾਲ਼ ਮਿਲ ਕੇ ਫ਼ਰਾਂਸੀਸੀ ਸਮੁੰਦਰੀ ਵਪਾਰ ਨੂੰ ਤਬਾਹ ਕਰੇ, ਫ਼ਰਾਂਸੀਸੀ ਬਸਤੀਆਂ ਉੱਤੇ ਕਬਜ਼ਾ ਕਰ ਲਵੇ ਅਤੇ ਫ਼ਰਾਂਸ ਵੱਲੋਂ ਸਮੁੰਦਰਾਂ ਵਿੱਚ ਮੁਕਾਬਲੇ ਦੇ ਅਖ਼ੀਰੀ ਦਾਅਵੇ ਨੂੰ ਕੁਚਲ ਦੇਵੇ। ਇਹ ਇੱਕ ਕਾਰਨ ਸੀ ਕਿ ਉਹ ਇਹਦੇ ਵਿਰੁੱਧ ਲੜਿਆ। ਇੱਕ ਹੋਰ ਕਾਰਨ ਇਹ ਸੀ ਕਿ ਇਸ ਇਨਕਲਾਬ ਦੇ ਢੰਗ ਉਹਦੀਆਂ ਆਦਤਾਂ ਦੇ ਬਹੁਤ ਵਿਰੁੱਧ ਜਾਂਦੇ ਸਨ। ਨਾ ਕੇਵਲ ਇਹਦਾ "ਘ੍ਰਿਣਤ" ਜਬਰ ਸਗੋਂ ਇਹਦੇ ਬੁਰਜੂਆ ਹਕੂਮਤ ਨੂੰ ਅਤਿ-ਅੰਤ ਹਦ ਤੱਕ ਲਿਜਾਣ ਦੇ ਯਤਨ। ਬਰਤਾਨਵੀ ਬੁਰਜੂਆ ਦਾ ਅਮੀਰਸ਼ਾਹੀ ਤੋਂ ਬਿਨਾਂ ਕਿਵੇਂ ਗੁਜ਼ਾਰਾ ਹੁੰਦਾ, ਜਿਹੜੀ ਉਹਨੂੰ ਚੱਜ ਆਚਾਰ, ਜਿਹੋ ਜਿਹਾ ਵੀ ਇਹ ਸੀ, ਸਿਖਾਉਂਦੀ ਸੀ, ਉਹਦੇ ਲਈ ਫ਼ੈਸ਼ਨ ਘੜ੍ਹਦੀ—ਜਿਹੜੀ ਫ਼ੌਜ ਲਈ, ਜਿਹੜੀ ਦੇਸ ਵਿੱਚ ਅਮਨ-ਅਮਾਨ ਕਾਇਮ ਰੱਖਦੀ, ਅਤੇ ਸਮੁੰਦਰੀ ਫ਼ੌਜ ਲਈ, ਜਿਹੜੀ ਬਸਤੀਵਾਦੀ ਇਲਾਕੇ ਅਤੇ ਵਿਦੇਸ਼ਾਂ ਵਿੱਚ ਨਵੀਆਂ ਮੰਡੀਆਂ ਪ੍ਰਾਪਤ ਕਰਦੀ, ਅਫ਼ਸਰ ਪੈਦਾ ਕਰਦੀ ਸੀ ? ਨਿਰਸੰਦੇਹ ਬੁਰਜੂਆਜ਼ੀ ਦੀ ਇੱਕ ਅੱਗੇਵਧੂ ਘੱਟ-ਗਿਣਤੀ ਸੀ, ਇੱਕ ਘੱਟ-ਗਿਣਤੀ ਜਿਸਦੇ ਹਿੱਤਾਂ ਵੱਲ ਸਮਝੌਤੇ ਅਧੀਨ ਘੱਟ ਧਿਆਨ ਦਿੱਤਾ ਗਿਆ ਸੀ; ਇਹ ਹਿਸੇ ਨੇ, ਜਿਸ ਵਿੱਚ ਮੁੱਖ ਤੌਰ 'ਤੇ ਘਟ ਅਮੀਰ ਮੱਧ-ਸ਼੍ਰੇਣੀ ਸ਼ਾਮਲ ਸੀ, ਇਨਕਲਾਬ ਨਾਲ਼ ਹਮਦਰਦੀ ਪ੍ਰਗਟ ਕੀਤੀ ਪਰ ਇਹ ਪਾਰਲੀਮੈਂਟ ਵਿੱਚ ਤਾਕਤ ਤੋਂ ਬਿਨਾਂ ਸੀ।

ਸੋ, ਜੇ ਪਦਾਰਥਵਾਦ ਫ਼ਰਾਂਸੀਸੀ ਇਨਕਲਾਬ ਦਾ ਨਿਸ਼ਚਾ ਬਣ ਗਿਆ ਤਾਂ ਰੱਬ ਤੋਂ ਡਰਨ ਵਾਲ਼ਾ ਅੰਗ੍ਰੇਜ਼ ਬੁਰਜੂਆ ਆਪਣੇ ਧਰਮ ਨਾਲ਼ ਹੋਰ ਪੱਕੀ ਤਰ੍ਹਾਂ ਚੰਬੜ ਗਿਆ। ਕੀ ਪੈਰਿਸ ਵਿੱਚ ਜਬਰ ਦੀ ਹਕੂਮਤ ਨੇ ਇਹ ਸਾਬਤ ਨਹੀਂ ਸੀ ਕਰ ਦਿੱਤਾ ਕਿ ਜੇ ਜਨਤਾ ਦੀ ਧਾਰਮਕ ਅਨੁਭਵਤਾ ਜਾਂਦੀ ਰਹੇ ਤਾਂ ਸਿੱਟਾ ਕੀ ਨਿਕਲਦਾ ਹੈ ? ਜਿੰਨਾਂ ਵਧੇਰੇ ਪਦਾਰਥਵਾਦ ਫ਼ਰਾਂਸ ਤੋਂ, ਗਵਾਂਢਲੇ ਦੇਸ਼ਾਂ ਵਿੱਚ ਫੈਲਿਆ ਅਤੇ ਇਹਦੇ ਜਿਹੀਆਂ ਵਿਚਾਰਧਾਰਕ ਰੌਆਂ, ਖ਼ਾਸ ਤੌਰ 'ਤੇ ਜਰਮਨ ਦਰਸ਼ਨ ਰਾਹੀਂ, ਮਜ਼ਬੂਤ ਹੋਇਆ, ਜਿੰਨਾਂ, ਅਸਲ ਵਿੱਚ, ਪਦਾਰਥਵਾਦ ਅਤੇ ਖੁਲ੍ਹੇ ਖ਼ਿਆਲ ਯੂਰਪੀ ਮਹਾਂ-ਦੀਪ ਵਿੱਚ ਇੱਕ ਸਭਿਅ ਮਨੁੱਖ ਦੀਆਂ ਜ਼ਰੂਰੀ ਸਿਫ਼ਤਾਂ

---

* ਉਹ ਲੰਡਨ ਲਿਖਦੇ ਹਨ ਪਰ ਉਚਾਰਣ ਕਾਂਸਟੈਂਟੀਨੋਪਲ ਕਰਦੇ ਹਨ। **—ਸੰਪਾ.**

ਬਣ ਗਈਆਂ, ਉਨੀ ਹੀ ਵਧੇਰੇ ਅੜੀ ਨਾਲ਼ ਅੰਗ੍ਰੇਜ਼ ਮੱਧ-ਸ਼੍ਰੇਣੀ ਆਪਣੇ ਅਨੇਕ ਧਾਰਮਕ ਨਿਸ਼ਚਿਆਂ ਨੂੰ ਚੰਬੜੀ ਰਹੀ। ਇਹ ਨਿਸ਼ਚੇ ਇੱਕ ਦੂਜੇ ਤੋਂ ਵੱਖ ਹੋ ਸਕਦੇ ਸਨ ਪਰ ਇਹ ਸਾਰੇ ਸਪੱਸ਼ਟ ਤੌਰ 'ਤੇ ਧਾਰਮਕ, ਈਸਾਈ ਨਿਸ਼ਚੇ ਸਨ।

ਜਿੱਥੇ ਇਨਕਲਾਬ ਨੇ ਫ਼ਰਾਂਸ ਵਿੱਚ ਬੁਰਜੂਆਜ਼ੀ ਦੀ ਰਾਜਸੀ ਜਿੱਤ ਯਕੀਨੀ ਬਣਾਈ, ਉੱਥੇ ਇੰਗਲੈਂਡ ਵਿੱਚ ਵਾਟ, ਆਰਕਰਾਈਟ, ਕਾਰਟਰਾਈਟ ਅਤੇ ਹੋਰਨਾਂ ਨੇ ਸਨਅਤੀ ਇਨਕਲਾਬ ਸ਼ੁਰੂ ਕੀਤਾ ਜਿਸਨੇ ਆਰਥਕ ਸ਼ਕਤੀ ਦੀ ਖਿੱਚ-ਨਾਭ ਉੱਕਾ ਹੀ ਤਬਦੀਲ ਕਰ ਦਿੱਤੀ। ਬੁਰਜੂਆਜ਼ੀ ਦਾ ਧਨ ਜ਼ਮੀਨ ਦੀ ਮਾਲਕ ਅਮੀਰਸ਼ਾਹੀ ਨਾਲ਼ੋਂ ਚੋਖੀ ਤੇਜ਼ੀ ਨਾਲ਼ ਵੱਧਣ ਲੱਗ ਪਿਆ। ਖ਼ੁਦ ਬੁਰਜੂਆਜ਼ੀ ਅੰਦਰ ਵੀ ਵਿੱਤੀ ਅਮੀਰਸ਼ਾਹੀ, ਸਾਹੂਕਾਰ, ਆਦਿ, ਨੂੰ ਸਨਅਤਕਾਰਾਂ ਨੇ ਸਦਾ ਵਧੇਰੇ ਪਿਛੋਕੜ ਵਿੱਚ ਧੱਕਣਾ ਸ਼ੁਰੂ ਕਰ ਦਿੱਤਾ। 1689 ਦਾ ਸਮਝੌਤਾ, ਉਹਨਾਂ ਹੌਲ਼ੀ ਹੌਲ਼ੀ ਆਈਆਂ ਤਬਦੀਲੀਆਂ ਦੇ ਬਾਵਜੂਦ ਜਿਹੜੀਆਂ ਬੁਰਜੂਆਜ਼ੀ ਦੇ ਹੱਕ ਵਿੱਚ ਗਈਆਂ ਸਨ, ਹੁਣ ਦੁਹਾਂ ਧਿਰਾਂ ਦੇ ਬਲ ਦੀ ਨਿਸਬਤ ਨਾਲ਼ ਮੇਲ ਨਹੀਂ ਸੀ ਖਾਂਦਾ। ਇਹਨਾਂ ਧਿਰਾਂ ਦਾ ਖ਼ਾਸਾ ਵੀ ਤਬਦੀਲ ਹੋ ਗਿਆ ਸੀ: 1830 ਦੀ ਬੁਰਜੂਆਜ਼ੀ ਉਸ ਤੋਂ ਪਿਛਲੀ ਸਦੀ ਦੀ ਬੁਰਜੂਆਜ਼ੀ ਤੋਂ ਬਹੁਤ ਵੱਖ ਸੀ। ਅਮੀਰਸ਼ਾਹੀ ਕੋਲ਼ ਜਿਹੜੀ ਰਾਜਸੀ ਤਾਕਤ ਸੀ ਅਤੇ ਜਿਹੜੀ ਇਹ ਨਵੀਂ ਸਨਅਤੀ ਬੁਰਜੂਆਜ਼ੀ ਦੇ ਦਾਅਵਿਆਂ ਦਾ ਮੁਕਾਬਲਾ ਕਰਨ ਲਈ ਵਰਤਦੀ ਸੀ, ਨਵੇਂ ਆਰਥਕ ਹਿਤਾਂ ਨਾਲ਼ ਅਣਮੇਲਵੀਂ ਹੋ ਗਈ। ਇਸ ਲਈ ਅਮੀਰਸ਼ਾਹੀ ਨਾਲ਼ ਇੱਕ ਸਜਰਾ ਘੋਲ਼ ਜ਼ਰੂਰੀ ਹੋ ਗਿਆ ਅਤੇ ਇਹਦਾ ਅੰਤ ਕੇਵਲ ਨਵੀਂ ਆਰਥਕਕ ਸ਼ਕਤੀ ਦੀ ਜਿੱਤ ਵਿੱਚ ਹੋ ਸਕਦਾ ਸੀ। ਪਹਿਲੇ, 1830 ਦੇ ਫ਼ਰਾਂਸੀਸੀ ਇਨਕਲਾਬ ਦੇ ਅਸਰ ਅਧੀਨ, ਸਾਰੇ ਵਿਰੋਧ ਦੇ ਬਾਵਜੂਦ ਸੁਧਾਰ ਦਾ ਕਾਨੂੰਨ[22] ਧੱਕ ਦਿੱਤਾ ਗਿਆ। ਇਹਨੇ ਬੁਰਜੂਆਜ਼ੀ ਨੂੰ ਪਾਰਲੀਮੈਂਟ ਵਿੱਚ ਇੱਕ ਪ੍ਰਵਾਣਤ ਅਤੇ ਬਲਵਾਨ ਥਾਂ ਦਿੱਤੀ। ਫੇਰ ਅਨਾਜ ਸਬੰਧੀ ਕਾਨੂੰਨ[23] ਖ਼ਤਮ ਕੀਤਾ ਜਾਣਾ, ਜਿਸਨੇ ਇੱਕ ਵਾਰ ਸਦਾ ਲਈ ਭੋਂ-ਮਾਲਕ ਅਮੀਰਸ਼ਾਹੀ ਉੱਤੇ ਬੁਰਜੂਆਜ਼ੀ, ਵਿਸ਼ੇਸ਼ ਤੌਰ 'ਤੇ ਇਹਦੇ ਸਭ ਤੋਂ ਵੱਧ ਸਰਗਰਮ ਹਿੱਸੇ, ਸਨਅਤਕਾਰਾਂ ਦੀ ਸਰਦਾਰੀ ਸਥਾਪਤ ਕਰ ਦਿੱਤੀ। ਇਹ ਬੁਰਜੂਆਜ਼ੀ ਦੀ ਸਭ ਤੋਂ ਵੱਡੀ ਜਿੱਤ ਸੀ; ਪਰ ਇਹ ਅਖ਼ੀਰੀ ਜਿੱਤ ਸੀ ਜਿਹੜੀ ਇਹਨੇ ਆਪਣੇ ਅਨੰਨ ਹਿੱਤਾਂ ਵਿੱਚ ਜਿੱਤੀ। ਇਸ ਤੋਂ ਪਿੱਛੋਂ ਇਸਨੇ ਜਿਹੜੀਆਂ ਜਿੱਤਾਂ ਪ੍ਰਾਪਤ ਕੀਤੀਆਂ ਉਹ ਇਹਨੂੰ ਇੱਕ ਨਵੀਂ ਸਮਾਜੀ ਸ਼ਕਤੀ ਨਾਲ਼ ਸਾਂਝੀਆਂ ਕਰਨੀਆਂ ਪਈਆਂ, ਜਿਹੜੀ ਪਹਿਲਾਂ ਇਤਿਹਾਦੀ ਸੀ ਪਰ ਛੇਤੀ ਹੀ ਮੁਕਾਬਲੇ ਦਾ ਵਿਰੋਧੀ ਬਣ ਗਈ।

ਸਨਅਤੀ ਇਨਕਲਾਬ ਨੇ ਵੱਡੇ ਸਨਅਤੀ ਸਰਮਾਏਦਾਰਾਂ ਦੀ ਇੱਕ ਸ਼੍ਰੇਣੀ ਪੈਦਾ ਕੀਤੀ ਸੀ ਪਰ ਇਹਨੇ ਸਨਅਤੀ ਕਿਰਤੀ ਲੋਕਾਂ ਦੀ ਇੱਕ ਹੋਰ—ਅਤੇ ਕਿਤੇ ਵੱਧ ਗਿਣਤੀ ਵਿੱਚ— ਸ਼੍ਰੇਣੀ ਵੀ ਪੈਦਾ ਕੀਤੀ ਸੀ। ਜਿਸ ਨਿਸਬਤ ਨਾਲ਼ ਸਨਅਤੀ ਇਨਕਲਾਬ ਸਨਅਤ ਦੀ ਇੱਕ ਤੋਂ ਪਿੱਛੋਂ ਦੂਜੀ ਸ਼ਾਖ ਉੱਤੇ ਕਬਜ਼ਾ ਕਰੀ ਗਿਆ ਉਸੇ ਨਿਸਬਤ ਨਾਲ਼ ਇਹ ਸ਼੍ਰੇਣੀ ਹੌਲ਼ੀ ਹੌਲ਼ੀ ਗਿਣਤੀ ਵਿੱਚ ਵੱਧਦੀ ਗਈ ਅਤੇ ਉਸੇ ਨਿਸਬਤ ਨਾਲ਼ ਉਹਨੇ ਆਪਣੀ ਸ਼ਕਤੀ ਵਧਾ ਲਈ। ਇਸ ਸ਼ਕਤੀ ਇਹਨਏ 1824 ਵਿੱਚ ਹੀ ਅਣ-ਮੰਨਵੀਂ ਪਾਰਲੀਮੈਂਟ ਨੂੰ

ਕਿਰਤੀਆਂ ਦੇ ਸਮੂਹ ਬਣਾਉਣ ਉੱਤੇ ਪਾਬੰਦੀ ਲਾਉਣ ਵਾਲ਼ੇ ਕਾਨੂੰਨ ਖ਼ਤਮ ਕਰਨ ’ਤੇ ਮਜ਼ਬੂਰ ਕਰਕੇ ਪ੍ਰਗਟ ਕੀਤੀ।[24] ਸੁਧਾਰ ਲਈ ਐਜ਼ੀਟੇਸ਼ਨ ਦੇ ਦੌਰਾਨ ਕਿਰਤੀ ਸੁਧਾਰ ਦੀ ਹਾਮੀ ਪਾਰਟੀ ਦਾ ਗਰਮ-ਖ਼ਿਆਲ ਪੱਖ ਸਨ; 1832 ਦੇ ਕਾਨੂੰਨ ਦੇ ਉਹਨਾਂ ਨੂੰ ਵੋਟ ਦੇ ਹੱਕ ਤੋਂ ਵਿਰਵਾ ਰੱਖਣ ਕਾਰਨ ਉਹਨਾਂ ਆਪਣੀਆਂ ਮੰਗਾਂ ਜਨਤਾ ਦੇ ਅਧਿਕਾਰ-ਪੱਤਰ (People’s Charter)[25] ਵਿੱਚ ਸੂਤਰਤ ਕੀਤੀਆਂ ਅਤੇ ਅਨਾਜ ਸਬੰਧੀ ਕਾਨੂੰਨਾਂ ਦੀ ਵਿਰੋਧੀ ਮਹਾਨ ਬਰੁਜੂਆ ਪਾਰਟੀ[26] ਦੇ ਮੁਕਾਬਲੇ ਉੱਤੇ ਆਪਣੇ ਆਪ ਨੂੰ ਇੱਕ ਸੁਤੰਤਰ ਪਾਰਟੀ, ਅਧਿਕਾਰ-ਪਤਰਵਾਦੀ ਵਿੱਚ ਇੱਕ-ਮੁੱਠ ਕੀਤਾ, ਜਿਹੜੀ ਨਵੀਨ ਯੁੱਗ ਵਿੱਚ ਕਿਰਤੀਆਂ ਦੀ ਪਹਿਲੀ ਪਾਰਟੀ ਸੀ।

ਫੇਰ ਯੂਰਪੀ ਮਹਾਂ-ਦੀਪ ਉੱਤੇ ਫ਼ਰਵਰੀ ਅਤੇ ਮਾਰਚ 1848 ਦੇ ਇਨਕਲਾਬ ਆਏ ਜਿਸ ਵਿੱਚ ਕਿਰਤੀ ਲੋਕਾਂ ਨੇ ਏਨਾ ਉਘਾ ਰੋਲ਼ ਅਦਾ ਕੀਤਾ ਅਤੇ ਘੱਟੋ ਘੱਟ ਪੈਰਿਸ ਵਿੱਚ ਅਜਿਹੀਆਂ ਮੰਗਾਂ ਪੇਸ਼ ਕੀਤੀਆਂ, ਜਿਹੜੀਆਂ ਸਰਮਾਏਦਾਰ ਸਮਾਜ ਦੇ ਦ੍ਰਿਸ਼ਟੀਕੋਣ ਤੋਂ ਨਿਸ਼ਚੇ ਹੀ ਪ੍ਰਵਾਨ ਕਰਨ ਯੋਗ ਨਹੀਂ ਸਨ। ਫੇਰ ਆਮ ਪ੍ਰਤਿਕਰਮ ਆਇਆ। ਪਹਿਲਾਂ 10 ਅਪ੍ਰੈਲ 1848 ਨੂੰ ਅਧਿਕਾਰ-ਪੱਤਰਵਾਦੀਆਂ ਦੀ ਹਾਰ ਹੋਈ, ਫੇਰ ਉਸੇ ਵਰ੍ਹੇ ਦੀ ਜੂਨ ਵਿੱਚ ਪੈਰਿਸ ਦੇ ਕਿਰਤੀਆਂ ਦੀ ਬਗ਼ਾਵਤ ਕੁਚਲ ਦਿੱਤੀ ਗਈ ਅਤੇ ਫੇਰ ਇਟਲੀ, ਹੰਗਰੀ, ਦੱਖਣੀ ਜਰਮਨੀ ਵਿੱਚ ਤਬਾਹੀਆਂ ਆਈਆਂ ਅਤੇ ਅੰਤ ਦੋ ਦਸੰਬਰ 1851 ਨੂੰ ਪੈਰਿਸ ਉੱਤੇ ਲੂਈ ਬੋਨਾਪਾਰਟ ਦੀ ਜਿੱਤ ਆਈ। ਘੱਟੋ ਘੱਟ ਕੁੱਝ ਸਮੇਂ ਲਈ ਕਿਰਤੀ ਸ਼੍ਰੇਣੀ ਦੇ ਦਾਅਵਿਆਂ ਦਾ ਹਊਆ ਦਬਾ ਦਿੱਤਾ ਗਿਆ, ਪਰ ਕੀ ਮੁੱਲ ਤਾਰ ਕੇ! ਜੇ ਬਰਤਾਨਵੀਂ ਬੁਰਜੂਆ ਨੂੰ ਇਸ ਤੋਂ ਪਹਿਲਾਂ ਆਮ ਜਨਤਾ ਨੂੰ ਧਾਰਮਕ ਰੌਂ ਵਿੱਚ ਰੱਖਣ ਦਾ ਨਿਸ਼ਚਾ ਸੀ ਤਾਂ ਇਹਨਾਂ ਅਨੁਭਵਾਂ ਪਿੱਛੋਂ ਉਹ ਇਹਨੂੰ ਹੋਰ ਕਿੰਨਾਂ ਜ਼ਰੂਰੀ ਖ਼ਿਆਲ ਕਰਨ ਲੱਗ ਪਿਆ ਹੋਵੇਗਾ? ਆਪਣੇ ਯੂਰਪੀ ਮਹਾਂ-ਦੀਪ ਦੇ ਹਾਣੀਆਂ ਦੀਆਂ ਟਿਚਕਰਾਂ ਦੇ ਬਾਵਜੂਦ ਉਹ ਵਰ੍ਹੇ ਦੇ ਵਰ੍ਹੇ ਹੇਠਲੇ ਵਰਗਾਂ ਦੇ ਧਾਰਮਕੀਕਰਣ ’ਤੇ ਹਜ਼ਾਰਾਂ ਅਤੇ ਹਜ਼ਾਰਹਾ ਖ਼ਰਚ ਕਰਦਾ ਰਿਹਾ; ਅਤੇ ਆਪਣੀ ਦੇਸ਼ੀ ਧਾਰਮਕ ਬਣਤਰ ਉੱਤੇ ਸੰਤੁਸ਼ਟ ਨਾ ਹੁੰਦੇ ਹੋਏ ਉਹਨੇ ਧਰਮ ਦੇ ਵਪਾਰ ਦੇ ਤੌਰ ’ਤੇ ਅਜੋਕੇ ਸਭ ਤੋਂ ਵੱਡੇ ਪ੍ਰਬੰਧਕ ਭਰਾ ਜਾਨਾਥਨ[27] ਅੱਗੇ ਅਰਜ਼ੋਈ ਕੀਤੀ ਅਤੇ ਅਮਰੀਕਾ ਤੋਂ ਜਾਗਰਤੀਵਾਦ[28], ਮੂਡੀ, ਸਾਂਕੇ ਅਤੇ ਉਹਨਾਂ ਜਿਹੇ ਹੋਰ ਦਰਾਮਦ ਕੀਤੇ; ਉਹ ਮੁਕਤੀ ਫ਼ੌਜ ਦੀ ਖ਼ਤਰਨਾਕ ਸਹਾਇਤਾ ਕਬੂਲ ਕਰਦਾ ਹੈ, ਜਿਹੜੀ ਮੁੱਢਲੇ ਦਿਨਾਂ ਦੀ ਈਸਾਈਅਤ ਦੇ ਪ੍ਰਚਾਰ ਨੂੰ ਸੁਰਜੀਤ ਕਰਦੀ ਹੈ, ਗਰੀਬਾਂ ਦੇ ਚੁਣੇ ਹੋਏ ਹੋਣ ਸਬੰਧੀ ਸਦਾ ਦੇਂਦੀ ਹੈ, ਸਰਮਾਏਦਾਰੀ ਵਿਰੁੱਧ ਧਾਰਮਕ ਢੰਗ ਨਾਲ਼ ਲੜਦੀ ਹੈ ਅਤੇ ਇਉਂ ਮੁੱਢਲੀ ਈਸਾਈਅਤ ਦੇ ਸ਼੍ਰੇਣੀ-ਵਿਰੋਧਾਂ ਦੇ ਇੱਕ ਅੰਸ਼ ਨੂੰ ਵਾਧਾ ਦੇਂਦੀ ਹੈ, ਜਿਹੜੇ ਇੱਕ ਦਿਨ ਉਹਨਾਂ ਅਮੀਰ ਲੋਕਾਂ ਲਈ ਦੁੱਖ ਨਾ ਕਾਰਨ ਬਣ ਸਕਦੇ ਹਨ ਜਿਹੜੇ ਅੱਜ ਇਹਨਦੇ ਲਈ ਪੈਸਾ ਦੇਂਦੇ ਹਨ।

ਇਹ ਇਤਿਹਾਸਕ ਵਿਕਾਸ ਦਾ ਨਿਯਮ ਜਾਪਦਾ ਹੈ ਕਿ ਕਿਸੇ ਵੀ ਯੂਰਪੀ ਦੇਸ਼ ਵਿੱਚ ਬੁਰਜੂਆਜ਼ੀ ਉਸ ਅਨੰਨ ਢੰਗ ਨਾਲ਼ ਰਾਜਸੀ ਸੱਤ੍ਹਾ ਹੱਥ ਵਿੱਚ ਨਹੀਂ ਲੈ ਸਕਦੀ—ਘੱਟੋ

ਘੱਟ ਕੁਝ ਲੰਮੇ ਸਮੇਂ ਲਈ—ਜਿਸ ਨਾਲ਼ ਮੱਧ ਕਾਲ ਵਿੱਚ ਸਾਮੰਤੀ ਅਮੀਰਸ਼ਾਹੀ ਨੇ ਇਹਨੂੰ ਆਪਣੇ ਹੱਥ ਵਿੱਚ ਰੱਖਿਆ। ਫ਼ਰਾਂਸ ਵਿੱਚ ਵੀ, ਜਿੱਥੇ ਸਾਮੰਤਸ਼ਾਹੀ ਦਾ ਉੱਕਾ ਹੀ ਅੰਤ ਕਰ ਦਿੱਤਾ ਗਿਆ ਹੈ, ਸਮੁੱਚੇ ਤੌਰ 'ਤੇ ਹਕੂਮਤ ਉੱਤੇ ਬੁਰਜੂਆਜ਼ੀ ਦਾ ਕਬਜ਼ਾ ਬਹੁਤ ਥੋੜ੍ਹੇ ਸਮਿਆਂ ਲਈ ਹੀ ਰਿਹਾ ਹੈ। ਲੂਈ ਫ਼ਿਲਪ ਦੇ ਰਾਜ, 1830–1848, ਵਿੱਚ ਬੁਰਜੂਆਜ਼ੀ ਦਾ ਇੱਕ ਬਹੁਤ ਨਿੱਕਾ ਹਿੱਸਾ ਰਾਜ ਉੱਤੇ ਹਕੂਮਤ ਕਰਦਾ ਸੀ; ਕਿਤੇ ਵਡੇਰੇ ਹਿੱਸੇ ਨੂੰ ਵੋਟਾਂ ਦੀਆਂ ਅਤਿ ਉੱਚੀਆਂ ਸ਼ਰਤਾਂ ਰਾਹੀਂ ਵੋਟ ਦੇ ਹੱਕ ਤੋਂ ਵਿਰਵਾ ਰੱਖਿਆ ਗਿਆ ਸੀ। ਦੂਜੀ ਰੀਪਬਲਿਕ, 1848–1851, ਅਧੀਨ ਸਮੁੱਚੀ ਬੁਰਜੂਆਜ਼ੀ ਹਕੂਮਤ ਕਰਦੀ ਸੀ ਪਰ ਕੇਵਲ ਤਿੰਨਾਂ ਵਰ੍ਹਿਆਂ ਲਈ; ਉਹਨਾਂ ਦੀ ਨਿਰਯੋਗਤਾ ਨੇ ਦੂਜੀ ਸਲਤਨਤ ਨੂੰ ਲਿਆਂਦਾ। ਇਹ ਹੁਣੇ ਹੀ, ਤੀਜੀ ਰੀਪਬਲਿਕ ਅਧੀਨ, ਹੋਇਆ ਹੈ ਕਿ ਬੁਰਜੂਆਜ਼ੀ ਨੇ ਵੀਹ ਵਰ੍ਹੇ ਤੋਂ ਵੱਧ ਸਮੇਂ ਲਈ ਲਗਾਮਾਂ ਆਪਣੇ ਹੱਥ ਵਿੱਚ ਰੱਖੀਆਂ ਹਨ; ਅਤੇ ਉਹ ਹੁਣੇ ਹੀ ਸੜਾਂਦ ਦੇ ਬੜੇ ਤਿੱਖੇ ਚਿੰਨ੍ਹ ਵਿਖਾ ਰਹੀ ਹੈ। ਬੁਰਜੂਆਜ਼ੀ ਦੀ ਪਾਏਦਾਰ ਹਕੂਮਤ ਕੇਵਲ ਅਮਰੀਕਾ ਜਿਹੇ ਦੇਸ਼ਾਂ ਵਿੱਚ ਹੀ ਸੰਭਵ ਹੋਈ ਹੈ ਜਿੱਥੇ ਸਾਮੰਤਵਾਦ ਕਦੇ ਰਿਹਾ ਹੀ ਨਹੀਂ ਅਤੇ ਐਨ ਮੁੱਢ ਤੋਂ ਹੀ ਸਮਾਜ ਬੁਰਜੂਆ ਅਧਾਰ 'ਤੇ ਸ਼ੁਰੂ ਹੋਇਆ ਅਤੇ ਫ਼ਰਾਂਸ ਅਤੇ ਅਮਰੀਕਾ ਵਿੱਚ ਵੀ ਬੁਰਜੂਆਜ਼ੀ ਦੇ ਵਾਰਸ ਕਿਰਤੀ ਸ਼੍ਰੇਣੀ, ਇਹਦੇ ਬੂਹੇ ਉੱਤੇ ਦਸਤਕ ਦੇ ਰਹੇ ਹਨ।

ਇੰਗਲੈਂਡ ਵਿੱਚ ਬੁਰਜੂਆਜ਼ੀ ਨੂੰ ਕਦੇ ਵੰਡ ਸਰਦਾਰੀ ਪ੍ਰਾਪਤ ਨਹੀਂ ਰਹੀ। 1832 ਦੀ ਜਿੱਤ ਨੇ ਵੀ ਭੋਂ-ਮਾਲਕ ਅਮੀਰਸ਼ਾਹੀ ਨੂੰ ਲਗਭਗ ਸਭੇ ਮੁੱਖ ਹਕੂਮਤੀ ਪਦਵੀਆਂ ਉੱਤੇ ਅਨੰਨ ਤੌਰ 'ਤੇ ਕਾਬਜ਼ ਰਹਿਣ ਦਿੱਤਾ। ਜਿਸ ਨਿਰਮਾਣਤਾ ਨਾਲ਼ ਧਨੀ ਮੱਧ-ਸ਼੍ਰੇਣੀ ਇਸ ਸਥਿਤੀ ਅੱਗੇ ਸੀਸ ਨਿਵਾ ਦੇਂਦੀ ਰਹੀ, ਉਸ ਸਮੇਂ ਤੱਕ ਮੇਰੇ ਕਿਆਸ ਤੋਂ ਬਾਹਰੀ ਰਹੀ ਜਦੋਂ ਤੱਕ ਕਿ ਮਹਾਨ ਉਦਾਰਪੰਥੀ ਸਨਅਤਕਾਰ ਸ਼੍ਰੀ ਡਬਲਿਊ. ਏ. ਫ਼ਾਰਸਟਰ ਨੇ ਇੱਕ ਖੁੱਲ੍ਹੀ ਤਕਰੀਰ ਵਿੱਚ ਬ੍ਰੈਡਫ਼ੋਰਡ ਦੇ ਜਵਾਨਾਂ ਨੂੰ ਇਹ ਨਾ ਕਿਹਾ ਕਿ ਉਹ ਦੁਨੀਆਂ ਵਿੱਚ ਤਰੱਕੀ ਕਰਨ ਲਈ ਫ਼ਰਾਂਸੀਸੀ ਸਿੱਖਣ ਅਤੇ ਉਹਨੇ ਆਪਣਾ ਤਜ਼ਰਬਾ ਬਿਆਨ ਕੀਤਾ ਜਦੋਂ ਪੂਰੇ ਵਜ਼ੀਰ ਦੇ ਤੌਰ 'ਤੇ ਉਹ ਬੜਾ ਨੀਵਾਂ ਮਹਿਸੂਸ ਕਰਦਾ ਸੀ ਜਦੋਂ ਉਹਨੂੰ ਅਜਿਹੀ ਸੰਗਤ ਵਿੱਚ ਜਾਣਾ ਪੈਂਦਾ ਜਿੱਥੇ ਫ਼ਰਾਂਸੀਸੀ ਦੇ ਘੱਟੋ ਘੱਟ ਅੰਗ੍ਰੇਜ਼ੀ ਜਿੰਨੀ ਹੀ ਮਹੱਤਤਾ ਸੀ। ਅਸਲੀਅਤ ਇਹ ਸੀ ਕਿ ਉਸ ਸਮੇਂ ਦੀ ਅੰਗ੍ਰੇਜ਼ ਮੱਧ-ਸ਼੍ਰੇਣੀ ਆਮ ਤੌਰ 'ਤੇ ਉੱਕਾ ਹੀ ਅਨਪੜ੍ਹ ਨੌਦੌਲਤੀਏ ਸਨ, ਅਤੇ ਉਹ ਉਚੇਰੀਆਂ ਹਕੂਮਤੀ ਪਦਵੀਆਂ, ਜਿਨ੍ਹਾਂ ਲਈ ਵਿਹਾਰੀ ਤਿੱਖੇਪੁਣੇ ਦੀ ਪਾਣ ਚੜ੍ਹੀ ਟਾਪੂਵਾਦੀ ਤੰਗ-ਦਿਲੀ ਜਾਂ ਟਾਪੂਵਾਦੀ ਹੈਂਕੜ ਤੋਂ ਬਿਨਾਂ ਹੋਰ ਸਿਫ਼ਤਾਂ ਦੀ ਲੋੜ ਸੀ, ਅਮੀਰਸ਼ਾਹੀ ਲਈ ਛੱਡੇ ਬਿਨਾਂ ਨਹੀਂ ਸੀ ਰਹਿ ਸਕਦੀ*। ਹੁਣ ਵੀ ਅਖ਼ਬਾਰਾਂ ਵਿੱਚ ਮੱਧ-

*ਅਤੇ ਵਿਹਾਰੀ ਮਾਮਲਿਆਂ ਵਿੱਚ ਵੀ ਕੌਮੀ ਅੰਧ-ਰਾਸ਼ਟਰਵਾਦ ਦੀ ਹੈਂਕੜ ਇੱਕ ਭੈੜਾ ਸਲਾਹਕਾਰ ਹੈ। ਅਜੇ ਥੋੜ੍ਹਾ ਸਮਾਂ ਪਹਿਲਾਂ ਤੱਕ ਔਸਤ ਅੰਗ੍ਰੇਜ਼ ਸਨਅਤਕਾਰ ਕਿਸੇ ਅੰਗ੍ਰੇਜ਼ ਲਈ ਆਪਣੀ ਬੋਲੀ ਤੋਂ ਬਿਨਾਂ ਕੋਈ ਹੋਰ ਬੋਲਣਾ ਹੱਤਕ ਵਾਲ਼ੀ ਗੱਲ ਸਮਝਦੇ ਸਨ ਅਤੇ ਇਸ ਗੱਲ ਉੱਤੇ ਸਗੋਂ ਮਾਣ ਅਨੁਭਵ ਕਰਦੇ ਸਨ ਕਿ "ਵਿਚਾਰੇ" ਵਿਦੇਸ਼ੀ ਇੰਗਲੈਂਡ ਵਿੱਚ ਵਸ ਗਏ ਹਨ ਅਤੇ ਉਹਨਾਂ ਦੀਆਂ ਉਪਜਾਂ ਵਿਦੇਸ਼ਾਂ ਵਿੱਚ ਵੇਚਣ ਦਾ ਕੰਮ ਉਹਨਾਂ ਦੇ ਹੱਥੋਂ ਲੈ ਲਿਆ ਹੈ। ਉਹਨਾਂ ਇਸ ⇨

ਸ਼੍ਰੇਣੀ ਦੀ ਵਿੱਦਿਆ ਸਬੰਧੀ ਅਨੰਤ ਬਹਿਸਾਂ ਤੋਂ ਪਤਾ ਲੱਗਦਾ ਹੈ ਕਿ ਅੰਗ੍ਰੇਜ਼ ਮੱਧ-ਸ਼੍ਰੇਣੀ ਆਪਣੇ ਆਪ ਨੂੰ ਅਜੇ ਸਰਵਉੱਤਮ ਵਿੱਦਿਆ ਦੇ ਯੋਗ ਨਹੀਂ ਸਮਝਦੀ ਅਤੇ ਕੁੱਝ ਵਧੇਰੇ ਨਿਰਮਾਣ ਵਿੱਦਿਆ ਪ੍ਰਾਪਤ ਕਰਨ ਦੀ ਆਸ ਰੱਖਦੀ ਹੈ। ਸੋ, ਅਨਾਜ ਸਬੰਧੀ ਕਾਨੂੰਨਾਂ ਦੇ ਅੰਤ ਤੋਂ ਪਿੱਛੋਂ ਵੀ ਇਹ ਗੱਲ ਸੁਭਾਵਕ ਹੀ ਜਾਪੀ ਕਿ ਕਾਬਡਨਾਂ, ਬ੍ਰਾਈਟਾਂ ਅਤੇ ਫ਼ਰਾਸਟਰਾਂ ਜਿਹੇ ਲੋਕ, ਜਿਹੜੇ ਜੇਤੂ ਰਹੇ ਸਨ, ਦੇਸ਼ ਦੀ ਸਰਕਾਰੀ ਹਕੂਮਤ ਤੋਂ ਬਾਹਰ ਰੱਖੇ ਜਾਣ, ਇੱਥੋਂ ਤੱਕ ਕਿ 20 ਵਰ੍ਹੇ ਪਿੱਛੋਂ ਸੁਧਾਰ ਦੇ ਨਵੇਂ ਕਾਨੂੰਨ[29] ਨੇ ਉਹਨਾਂ ਲਈ ਵਜ਼ਾਰਤ ਦੇ ਬੂਹੇ ਖੋਲ੍ਹ ਦਿੱਤੇ। ਅੰਗ੍ਰੇਜ਼ ਬੁਰਜੂਆਜ਼ੀ ਵਿੱਚ ਅੱਜ ਤੱਕ ਆਪਣੀ ਸਮਾਜੀ ਹੀਣਤਾ ਦਾ ਭਾਵ ਏਨੀ ਡੂੰਘੀ ਤਰ੍ਹਾਂ ਰੱਚਿਆ ਹੋਇਆ ਹੈ ਕਿ ਉਹ ਆਪਣੇ ਅਤੇ ਕੌਮ ਦੇ ਖ਼ਰਚੇ ਉੱਤੇ ਨਿਖੱਟੂਆਂ ਦੀ ਇੱਕ ਨੁਮਾਇਸ਼ੀ ਜਾਤ ਕਾਇਮ ਰੱਖਦੀ ਹੈ ਜਿਹੜੀ ਰਾਜਕੀ ਰਸਮਾਂ ਸਮੇਂ ਕੌਮ ਦੀ ਯੋਗ ਤਰ੍ਹਾਂ ਪ੍ਰਤਿਨਿੱਧਤਾ ਕਰੇ; ਅਤੇ ਜੇ ਉਹਨਾਂ ਵਿੱਚੋਂ ਕੋਈ ਇਸ ਚੁਣਵੇ ਅਤੇ ਵਿਸ਼ੇਸ਼-ਅਧਿਕਾਰਾਂ ਵਾਲੇ ਸਮੂਹ ਵਿੱਚ, ਜਿਸਨੂੰ ਅਖ਼ੀਰ ਉਹਨਾਂ ਆਪ ਹੀ ਘੜਿਆ ਹੈ, ਸ਼ਾਮਲ ਹੋਣ ਦੇ ਯੋਗ ਸਮਝਿਆ ਜਾਵੇ ਤਾਂ ਉਹ ਹੱਦੋਂ ਵੱਧ ਸਨਮਾਣਤ ਅਨੁਭਵ ਕਰਦੇ ਹਨ।

ਇਸ ਲਈ ਅਜੇ ਸਨਅਤੀ ਅਤੇ ਵਪਾਰਕ ਮੱਧ-ਸ਼੍ਰੇਣੀਆਂ ਭੋਂ-ਮਾਲਕ ਅਮੀਰਸ਼ਾਹੀ ਨੂੰ ਰਾਜਸੀ ਸ਼ਕਤੀ ਤੋਂ ਪੂਰੀ ਤਰ੍ਹਾਂ ਨਹੀਂ ਸਨ ਹਟਾ ਸਕੀਆਂ ਕਿ ਇੱਕ ਹੋਰ ਵਿਰੋਧੀ, ਕਿਰਤੀ ਸ਼੍ਰੇਣੀ, ਪਿੜ ਵਿੱਚ ਆ ਗਿਆ। ਅਧਿਕਾਰ-ਪੱਤਰਵਾਦੀਆਂ ਅਤੇ ਯੂਰਪੀ ਮਹਾਂ-ਦੀਪ ਉੱਤੇ ਹੋਏ ਇਨਕਲਾਬਾਂ ਦੇ ਪ੍ਰਤਿਕਰਮ ਨੇ ਵੀ ਅਤੇ 1848-1866 ਵਿੱਚ ਅੰਗ੍ਰੇਜ਼ੀ ਵਪਾਰ ਦੇ ਬੇਮਿਸਾਲ ਵਾਧੇ ਨੇ ਵੀ (ਜਿਸਦਾ ਕਾਰਨ ਗੰਵਾਰੂ ਤੌਰ 'ਤੇ ਕੇਵਲ ਅਜ਼ਾਦ ਵਪਾਰ ਨੂੰ ਹੀ ਦੱਸਿਆ ਜਾਂਦਾ ਹੈ ਪਰ ਜਿਸਦਾ ਕਿਤੇ ਵਧੇਰੇ ਕਾਰਨ ਰੇਲਾਂ, ਭਾਫ਼ ਦੇ ਸਮੁੰਦਰੀ

---

⇨ ਗੱਲ ਵਲ ਧਿਆਨ ਹੀ ਨਾ ਦਿੱਤਾ ਕਿ ਇਹਨਾਂ ਵਿਦੇਸ਼ੀਆਂ ਨੇ, ਜਿਹੜੇ ਵਧੇਰੇ ਜਰਮਨ ਸਨ, ਬਰਤਾਨੀਆ ਦੇ ਵਿਦੇਸ਼ੀ ਵਪਾਰ, ਬਰਾਮਦ ਅਤੇ ਦਰਾਮਦ, ਦਾ ਵੱਡਾ ਹਿੱਸਾ ਆਪਣੇ ਹੱਥ ਵਿੱਚ ਲੈ ਲਿਆ ਅਤੇ ਅੰਗ੍ਰੇਜ਼ਾਂ ਦਾ ਸਿੱਧਾ ਵਿਦੇਸ਼ੀ ਵਪਾਰ ਲੱਗ ਭੱਗ ਕੇਵਲ ਬਸਤੀਆਂ, ਚੀਨ, ਸੰਯੁਕਤ ਰਾਜ ਅਮਰੀਕਾ ਅਤੇ ਦੱਖਣੀ ਅਮਰੀਕਾ ਨਾਲ਼ ਸੀਮਤ ਰਹਿ ਗਿਆ। ਨਾ ਹੀ ਉਹਨਾਂ ਇਸ ਗੱਲ ਵੱਲ ਧਿਆਨ ਦਿੱਤਾ ਕਿ ਇਹ ਜਰਮਨ ਵਿਦੇਸ਼ਾਂ ਵਿੱਚ ਹੋਰਨਾਂ ਜਰਮਨਾਂ ਨਾਲ਼ ਵਪਾਰ ਕਰਦੇ, ਜਿਨ੍ਹਾਂ ਹੌਲ਼ੀ ਹੌਲ਼ੀ ਸਾਰੇ ਸੰਸਾਰ ਵਿੱਚ ਵਪਾਰਕ ਬਸਤੀਆਂ ਦਾ ਜਾਲ ਵਿਛਾ ਦਿੱਤਾ। ਪਰ ਜਦੋਂ ਚਾਲ੍ਹੀ ਕੁ ਸਾਲ ਹੋਏ ਜਰਮਨੀ ਨੇ ਬਰਾਮਦ ਲਈ ਮਾਲ ਤਿਆਰ ਕਰਨਾ ਸ਼ੁਰੂ ਕੀਤਾ ਤਾਂ ਇਹ ਜਾਲ ਉਹਦੀ ਕਾਇਆ-ਪਲਟ ਦੇ ਚੋਖਾ ਕੰਮ ਆਇਆ, ਏਨੇ ਛੋਟੇ ਸਮੇਂ ਵਿੱਚ ਉਹ ਅਨਾਜ ਬਰਾਮਦ ਕਰਨ ਵਾਲ਼ੇ ਦੇਸ਼ ਤੋਂ ਇੱਕ ਪਹਿਲੇ ਦਰਜੇ ਦਾ ਸਨਅਤੀ ਦੇਸ਼ ਬਣ ਗਿਆ। ਫੇਰ ਦਸ ਕੁ ਵਰ੍ਹੇ ਹੋਏ ਬਰਤਾਨਵੀ ਸਨਅਤਕਾਰ ਡਰ ਗਿਆ ਅਤੇ ਉਹਨੇ ਆਪਣੇ ਸਫ਼ੀਰਾਂ ਅਤੇ ਕੌਂਸਲਰਾਂ ਤੋਂ ਪੁੱਛਿਆ ਕਿ ਉਹ ਆਪਣੇ ਗਾਹਕ ਕਾਇਮ ਕਿਉਂ ਨਹੀਂ ਰੱਖ ਸਕਿਆ। ਇੱਕ-ਜ਼ਬਾਨ ਉੱਤਰ ਸੀ: 1. ਤੁਸੀਂ ਆਪਣੇ ਗਾਹਕ ਦੀ ਭਾਸ਼ਾ ਨਹੀਂ ਸਿੱਖਦੇ ਸਗੋਂ ਇਹ ਆਸ ਕਰਦੇ ਹੋ ਕਿ ਉਹ ਤੁਹਾਡੀ ਭਾਸ਼ਾ ਬੋਲੇਗਾ; 2. ਤੁਸੀਂ ਤਾਂ ਗਾਹਕ ਦੀਆਂ ਲੋੜਾਂ, ਆਦਤਾਂ ਅਤੇ ਸਵਾਦਾਂ ਦਾ ਪਤਾ ਕਰਨ ਦਾ ਵੀ ਯਤਨ ਨਹੀਂ ਕਰਦੇ ਸਗੋਂ ਆਸ ਕਰਦੇ ਹੋ ਕਿ ਉਹ ਅੰਗ੍ਰੇਜ਼ੀ ਲੋੜਾਂ, ਆਦਤਾਂ ਅਤੇ ਸਵਾਦਾਂ 'ਤੇ ਚੱਲੇਗਾ। (**ਏਂਗਲਜ਼ ਵੱਲੋਂ ਟੂਕ**)

ਜਹਾਜ਼ਾਂ ਅਤੇ ਆਮ ਤੌਰ ’ਤੇ ਸੰਚਾਰ ਦੇ ਸਾਧਨਾਂ ਵਿੱਚ ਅਥਾਹ ਵਾਧਾ ਸੀ) ਇੱਕ ਵਾਰ ਫੇਰ ਕਿਰਤੀ ਸ਼੍ਰੇਣੀ ਨੂੰ ਲਿਬਰਲ ਪਾਰਟੀ ਉੱਤੇ ਨਿਰਭਰਤਾ ਵੱਲ ਧੱਕ ਦਿੱਤਾ ਸੀ, ਜਿਸਦਾ ਇਹ ਅਧਿਕਾਰ-ਪੱਤਰਵਾਦੀ ਦਿਨਾਂ ਤੋਂ ਪਹਿਲਾਂ ਵਾਂਗ ਹੀ, ਗਰਮ-ਖਿਆਲ ਧੜਾ ਬਣ ਗਈ। ਪਰ ਉਹਨਾਂ ਦੀ ਵੋਟ ਦੇ ਹੱਕ ਦੀ ਚਾਹਣਾ ਹੌਲ਼ੀ ਹੌਲ਼ੀ ਅਰੁੱਕ ਹੁੰਦੀ ਗਈ; ਪਰ ਜਿੱਥੇ ਲਿਬਰਲਾਂ ਦੇ ਵ੍ਹਿਗ ਲੀਡਰ "ਯਰਕ" ਗਏ ਉੱਥੇ ਡਿਸਰਾਇਲੀ ਨੇ ਟੋਰੀਆਂ[30] ਨੂੰ ਸੁਖਾਵੀਂ ਘੜੀ ਦਾ ਲਾਭ ਉਠਾਉਣ ਵੱਲ ਲਾ ਕੇ ਅਤੇ ਸੀਟਾਂ ਦੀ ਨਵੀਂ ਵੰਡ ਦੇ ਨਾਲ਼ ਨਗਰਾਂ ਵਿੱਚ ਘਰਾਂ ਦੇ ਅਧਾਰ ਉੱਤੇ ਵੋਟ ਦਾ ਹੱਕ ਲਾਗੂ ਕਰਵਾ ਕੇ ਆਪਣੀ ਉੱਤਮਤਾ ਪ੍ਰਗਟ ਕੀਤੀ। ਇਸ ਤੋਂ ਪਿੱਛੋਂ ਗੁਪਤ ਪਰਚੀਆਂ ਆਈਆਂ[31]; ਫੇਰ 1884 ਵਿੱਚ ਘਰ ਦੇ ਅਧਾਰ ਉੱਤੇ ਵੋਟ ਕਾਊਂਟੀਆਂ ਤੱਕ ਵਧਾ ਦਿੱਤੀ ਗਈ ਅਤੇ ਸੀਟਾਂ ਦੀ ਨਵੀਂ ਵੰਡ ਕੀਤੀ ਗਈ, ਜਿਸ ਨਾਲ਼ ਚੋਣ ਹਲਕੇ ਕਿਸੇ ਹੱਦ ਤੱਕ ਬਰਾਬਰ ਕਰ ਦਿੱਤੇ ਗਏ। ਇਹਨਾਂ ਸਭਨਾਂ ਕਦਮਾਂ ਨੇ ਕਿਰਤੀ ਸ਼੍ਰੇਣੀ ਦੀ ਚੋਣਾਂ ਸਬੰਧੀ ਸ਼ਕਤੀ ਬਹੁਤ ਵਧਾ ਦਿੱਤਾ ਹੈ, ਇੱਥੋਂ ਤੱਕ ਕਿ ਹੁਣ ਘੱਟੋ ਘੱਟ 150 ਤੋਂ 200 ਹਲਕਿਆਂ ਵਿੱਚ ਇਹ ਸ਼੍ਰੇਣੀ ਵੋਟਰਾਂ ਦੀ ਬਹੁ-ਗਿਣਤੀ ਹੈ। ਪਰ ਪਾਰਲੀਮਾਨੀ ਹਕੂਮਤ ਰਵਾਇਤ ਲਈ ਸਤਿਕਾਰ ਸਿਖਾਉਣ ਦਾ ਅਤਿ-ਅੰਤ ਸ਼ਾਨਦਾਰ ਸਕੂਲ ਹੈ; ਜੇ ਮੱਧ-ਸ਼੍ਰੇਣੀ ਬੜੇ ਡਰ ਅਤੇ ਸਤਿਕਾਰ ਨਾਲ਼ ਉਸ ਵੱਲ ਵੇਖਦੀ ਹੈ ਜਿਸਨੂੰ ਲਾਰਡ ਜਾਨ ਮੈਨਰਜ਼ "ਸਾਡੀ ਪੁਰਾਣੀ ਰਾਠ-ਸ਼ਾਹੀ" ਕਹਿੰਦਾ ਹੈ ਤਾਂ ਕਿਰਤੀ ਲੋਕ ਉਹਨਾਂ ਵੱਲ ਜਿਨ੍ਹਾਂ ਨੂੰ "ਉਹਨਾਂ ਤੋਂ ਉਚੇਰੇ" ਕਿਹਾ ਜਾਂਦਾ ਸੀ, ਮੱਧ-ਸ਼੍ਰੇਣੀ ਵੱਲ, ਸਤਿਕਾਰ ਅਤੇ ਕਦਰ ਨਾਲ਼ ਵੇਖਦੇ ਸਨ। ਨਿਰਸੰਦੇਹ ਪੰਦਰਾਂ ਕੁ ਵਰ੍ਹੇ ਪਹਿਲਾਂ ਬਰਤਾਨਵੀ ਕਿਰਤੀ ਇੱਕ ਨਮੂਨੇ ਦਾ ਕਿਰਤੀ ਸੀ, ਜਿਸਦਾ ਆਪਣੇ ਮਾਲਕ ਦੇ ਸਥਾਨ ਲਈ ਸਤਿਕਾਰ ਭਰਿਆ ਵਤੀਰਾ, ਜਿਸਦੀ ਆਪਣੇ ਲਈ ਹੱਕ ਮੰਗਣ ਵਿੱਚ ਸੰਜਮੀ ਨਿਰਮਾਣਤਾ, ਸਾਡੇ **ਕਥੈਡੇਰ ਸੋਸ਼ਲਿਸਟ**[32] ਪਰਪਾਟੀ ਦੇ ਅਰਥ-ਵਿਗਿਆਨੀਆਂ ਦੀ ਆਪਣੇ ਦੇਸ਼ ਵਿੱਚ ਉਹਨਾਂ ਦੇ ਆਪਣੇ ਕਿਰਤੀਆਂ ਦੇ ਅਸਾਧ ਕਮਿਊਨਿਸਟਵਾਦੀ ਅਤੇ ਇਨਕਲਾਬੀ ਝੁਕਾਆਂ ਵਿਰੁੱਧ ਧਰਵਾਸ ਬੰਨ੍ਹਵਾਇਆ ਕਰਦੀ ਸੀ।

ਪਰ ਅੰਗ੍ਰੇਜ਼ ਮੱਧ-ਸ਼੍ਰੇਣੀ —ਜਿਹੜੇ ਵਪਾਰ ਵਿੱਚ ਚੁਸਤ ਲੋਕ ਸਨ— ਜਰਮਨ ਪ੍ਰੋਫੈਸਰਾਂ ਤੋਂ ਵਧੇਰੇ ਅੱਗੇ ਵੇਖਦੇ ਸਨ। ਉਹਨਾਂ ਬਹੁਤ ਰੁੱਕ ਰੁੱਕ ਕੇ ਆਪਣੀ ਸ਼ਕਤੀ ਕਿਰਤੀ ਸ਼੍ਰੇਣੀ ਨਾਲ਼ ਸਾਂਝੀ ਕੀਤੀ। ਉਹਨਾਂ ਅਧਿਕਾਰ-ਪਤਰਵਾਦੀ ਵਰ੍ਹਿਆਂ ਵਿੱਚ ਵੇਖ ਲਿਆ ਸੀ ਕਿ ਇਹ puer robustus sed malitiosus ਕੀ ਕਰ ਸਕਦਾ ਸੀ ਅਤੇ ਉਸ ਤੋਂ ਪਿੱਛੋਂ ਉਹ ਜਨਤਾ ਦੇ ਅਧਿਕਾਰ ਪੱਤਰ ਦਾ ਵਧੇਰੇ ਹਿੱਸਾ ਬਰਤਾਨੀਆ ਦੇ ਕਾਨੂੰਨਾਂ ਵਿੱਚ ਸ਼ਾਮਲ ਕਰਨ ਉੱਤੇ ਮਜਬੂਰ ਹੋ ਗਏ ਸਨ। ਹੁਣ, ਜੇ ਕਦੇ ਹੋ ਸਕੇ, ਲੋਕਾਂ ਨੂੰ ਸਦਾਚਾਰਕ ਸਾਧਨਾਂ ਰਾਹੀਂ ਸੇਧ ਵਿੱਚ ਰੱਖਣਾ ਲਾਜ਼ਮੀ ਸੀ ਅਤੇ ਜਨਤਾ ਉੱਤੇ ਅਸਰ ਪਾਉਣ ਵਾਲ਼ੇ ਸਭਨਾਂ ਸਦਾਚਾਰਕ ਸਾਧਨਾਂ ਵਿੱਚੋਂ ਧਰਮ ਪਹਿਲਾ ਅਤੇ ਸਭ ਤੋਂ ਮੂਹਰਲਾ ਹੈ ਅਤੇ ਅੱਗੋਂ ਵੀ ਰਹੇਗਾ। ਇਸੇ ਲਈ ਸਕੂਲ ਬੋਰਡਾਂ ਵਿੱਚ ਪਾਦਰੀ ਬਹੁ-ਸੰਮਤੀ ਵਿੱਚ ਹੁੰਦੇ ਹਨ, ਇਸੇ ਲਈ ਬੁਰਜੂਆਜ਼ੀ ਰੀਤੀਵਾਦ[33] ਤੋਂ ਮੁਕਤੀ ਫ਼ੌਜ ਤੱਕ ਹਰ ਤਰ੍ਹਾਂ ਦੇ ਜਾਗਰਤੀਵਾਦ ਲਈ ਆਪਣੇ ਆਪ ਉੱਤੇ

ਸਦਾ ਵਧੇਰੇ ਟੈਕਸ ਲਾਉਂਦੀ ਹੈ।

ਅਤੇ ਹੁਣ ਯੂਰਪੀ ਮਹਾਂ-ਦੀਪ ਦੀ ਬੁਰਜੂਆਜ਼ੀ ਦੀ ਖੁੱਲ੍ਹ-ਖ਼ਿਆਲੀ ਅਤੇ ਧਾਰਮਕ ਢਿੱਲ ਦੇ ਮੁਕਾਬਲੇ ਉੱਤੇ ਬਰਤਾਨਵੀ ਸਾਊਪਣੇ ਦੀ ਜਿੱਤ ਆਉਂਦੀ ਹੈ। ਫ਼ਰਾਂਸ ਅਤੇ ਜਰਮਨੀ ਦੇ ਕਿਰਤੀ ਬਾਗ਼ੀ ਹੋ ਗਏ ਸਨ। ਉਹਨਾਂ ਸੋਸ਼ਲਿਜ਼ਮ ਦੀ ਲਾਗ ਲੱਗ ਗਈ ਸੀ ਅਤੇ ਬੜੇ ਚੰਗੇ ਕਾਰਨਾਂ ਕਰਕੇ ਉਹ ਇਸ ਗੱਲ ਦੀ ਪਰਵਾਹ ਨਹੀਂ ਸਨ ਕਰਦੇ ਕਿ ਉਹ ਆਪਣੀ ਪ੍ਰਭੂਤਾ ਸਥਾਪਤ ਕਰਨ ਲਈ ਕੀ ਸਾਧਨ ਵਰਤਦੇ ਹਨ। ਇੱਥੇ puer robustus ਦਿਨੋ ਦਿਨ ਵਧੇਰੇ malitiosus ਬਣਦਾ ਜਾ ਰਿਹਾ ਸੀ। ਬਰਤਾਨਵੀ ਅਤੇ ਫ਼ਰਾਂਸੀਸੀ ਬੁਰਜੂਆਜ਼ੀ ਲਈ ਇਸ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ ਰਹਿ ਗਿਆ ਕਿ ਉਹ ਅਖ਼ੀਰੀ ਹਥਿਆਰ ਦੇ ਤੌਰ ’ਤੇ ਚੁੱਪ ਚਾਪ ਆਪਣੀ ਅਜ਼ਾਦ ਖ਼ਿਆਲੀ ਨੂੰ ਤਿਆਗ ਦੇਣ, ਐਨ ਉਸ ਜਵਾਨ ਦੀ ਤਰ੍ਹਾਂ ਜਿਹੜਾ ਬੜੀ ਤੜ੍ਹੀ ਨਾਲ਼ ਸਿਗਾਰ ਮੂੰਹ ਵਿੱਚ ਪਾ ਕੇ ਜਹਾਜ਼ ਦੇ ਤਖ਼ਤੇ ਉੱਤੇ ਆਉਂਦਾ ਹੈ ਪਰ ਜਦੋਂ ਉਹਨੂੰ ਉਛਾਲੀ ਆਉਂਦੀ ਹੈ ਤਾਂ ਇਹਨੂੰ ਚੁੱਪ ਚਾਪ ਸੁੱਟ ਦੇਂਦਾ ਹੈ; ਇੱਕ ਇੱਕ ਕਰਦੇ ਠੱਠਾ ਉਡਾਉਣ ਵਾਲ਼ੇ ਆਪਣੇ ਬਾਹਰਲੇ ਵਤੀਰੇ ਵਿੱਚ ਧਾਰਮਕ ਬਣ ਗਏ, ਸਥਾਪਤ ਧਰਮ ਸਬੰਧੀ, ਇਹਦੇ ਨਿਸ਼ਚਿਆਂ ਅਤੇ ਰੀਤਾਂ ਸਬੰਧੀ ਸਤਿਕਾਰ ਨਾਲ਼ ਗੱਲ ਕਰਨ ਲੱਗ ਪਏ ਅਤੇ ਜਿੱਥੋਂ ਤੱਕ ਇਸ ਤੋਂ ਬਿਨਾਂ ਚਾਰਾ ਨਹੀਂ ਸੀ, ਇਹਨਾਂ ਨਿਸ਼ਚਿਆਂ ਅਤੇ ਰੀਤਾਂ ਦੇ ਅਨੁਸਾਰੀ ਵੀ ਬਣਨ ਲੱਗ ਪਏ। ਫ਼ਰਾਂਸੀਸੀ ਬੁਰਜੂਆਜ਼ੀ ਸ਼ੁੱਕਰਵਾਰ ਨੂੰ maigre* ਖਾਣਾ ਖਾਂਦੀ, ਅਤੇ ਜਰਮਨ ਬੁਰਜੂਆਜ਼ੀ ਐਤਵਾਰਾਂ ਨੂੰ ਆਪਣੇ ਕਟਹਿਰਿਆਂ ਵਿੱਚ ਬੈਠੀ ਲੰਮੇ ਪ੍ਰੋਟੈਸਟੰਟ ਵਖਿਆਨ ਸੁਣਦੀ। ਪਦਾਰਥਵਾਦ ਕਾਰਨ ਉਹਨਾਂ ਨੂੰ ਨੁਕਸਾਨ ਪੁੱਜਾ ਸੀ। «Die Religion muss dem Volk erhalten werden» —“ਧਰਮ ਨੂੰ ਜਨਤਾ ਲਈ ਜੀਉਂਦਾ ਰੱਖਣਾ ਲਾਜ਼ਮੀ ਹੈ”— ਇਹ ਸਮਾਜ ਨੂੰ ਤਬਾਹੀ ਤੋਂ ਬਚਾਉਣ ਦਾ ਇੱਕੋ ਇੱਕ ਅਤੇ ਅਖ਼ੀਰੀ ਸਾਧਨ ਸੀ। ਉਹਨਾਂ ਲਈ ਬਦਕਿਸਮਤੀ ਦੀ ਗੱਲ ਇਹ ਸੀ ਕਿ ਉਹ ਇਹ ਗੱਲ ਉਸ ਸਮੇਂ ਤੱਕ ਨਾ ਸਮਝ ਸਕੇ ਜਦੋਂ ਤੱਕ ਕਿ ਉਹਨਾਂ ਧਰਮ ਨੂੰ ਤਬਾਹ ਕਰਨ ਲਈ ਆਪਣੀ ਪੂਰੀ ਵਾਹ ਨਾ ਲਾ ਲਈ ਅਤੇ ਹੁਣ ਬਰਤਾਨਵੀ ਬੁਰਜੂਆਜ਼ੀ ਦੀ ਵਾਰੀ ਸੀ ਕਿ ਉਹ ਨੱਕ ਚਾੜ੍ਹੇ ਅਤੇ ਕਹੇ: “ਮੂਰਖੋ, ਮੈਂ ਤੁਹਾਨੂੰ ਇਹ ਗੱਲ ਦੋ ਸੌ ਵਰ੍ਹੇ ਪਹਿਲਾਂ ਦੱਸ ਸਕਦੀ ਸਾਂ!”

ਪਰ, ਮੈਨੂੰ ਤੌਖਲਾ ਹੈ ਕਿ ਨਾ ਹੀ ਬਰਤਾਨੀਆ ਦੀ ਧਾਰਮਕ ਨਿਗਰਤਾ ਅਤੇ ਨਾ ਹੀ ਯੂਰਪੀ ਮਹਾਂ-ਦੀਪ ਦੀ ਬੁਰਜੂਆਜ਼ੀ ਵਿੱਚ post festum** ਦੀ ਤਬਦੀਲੀ ਉੱਭਰ ਰਹੀ ਪ੍ਰੋਲਤਾਰੀ ਲਹਿਰ ਨੂੰ ਰੋਕ ਸਕੇਗੀ। ਰਵਾਇਤ ਮਹਾਨ ਰੋਕਪਾਊ ਸ਼ਕਤੀ ਹੈ, ਇਤਿਹਾਸ ਦੀ vis inertial*** ਹੈ, ਪਰ ਕਿਉਂਕਿ ਬੇਹਰਕਤ ਹੈ ਇਸ ਲਈ ਇਹ ਨਿਸ਼ਚੇ ਹੀ ਟੁੱਟ ਜਾਵੇਗੀ; ਅਤੇ ਇਉਂ ਧਰਮ ਸਰਮਾਏਦਾਰ ਸਮਾਜ ਲਈ ਕੋਈ ਸਥਿਰ ਰੱਖ ਨਹੀਂ ਰਹੇਗਾ। ਜੇ ਸਾਡੇ ਕਾਨੂੰਨੀ, ਦਾਰਸ਼ਨਕ ਅਤੇ ਧਾਰਮਕ ਵਿਚਾਰ, ਘੱਟ ਜਾਂ ਵੱਧ ਹੱਦ ਤੱਕ, ਕਿਸੇ ਇੱਕ

---

* ਮਾਸ ਤੋਂ ਬਿਨਾਂ ਖਾਣਾ। **—ਸੰਪਾ.**

** ਜਸ਼ਨ ਤੋਂ ਪਿੱਛੋਂ। **—ਸੰਪਾ.**

*** ਸਿਥਲਤਾ ਦੀ ਸ਼ਕਤੀ। **—ਸੰਪਾ.**

ਸਮਾਜ ਵਿੱਚ ਪ੍ਰਚਲਤ ਆਰਥਕ ਸਬੰਧਾਂ ਦੀਆਂ ਦੁਰਾਡੀਆਂ ਲਗਰਾਂ ਹਨ ਤਾਂ, ਲੰਮੇ ਸਮੇਂ ਵਿੱਚ, ਉਹ ਇਹਨਾਂ ਸਬੰਧਾਂ ਵਿੱਚ ਮੁਕੰਮਲ ਤਬਦੀਲੀ ਦਾ ਮੁਕਾਬਲਾ ਨਹੀਂ ਕਰ ਸਕਦੀਆਂ ਅਤੇ, ਜੇ ਸਾਨੂੰ ਕਰਾਮਾਤੀ ਆਕਾਸ਼-ਬਾਣੀ ਵਿੱਚ ਯਕੀਨ ਨਹੀਂ ਤਾਂ ਸਾਨੂੰ ਇਹ ਮੰਨਣਾ ਪਵੇਗਾ ਕਿ ਧਾਰਮਕ ਨਿਯਮ ਇੱਕ ਲੜਖੜਾ ਰਹੇ ਸਮਾਜ ਨੂੰ ਠੁੰਮ੍ਹਣਾ ਦੇਣ ਲਈ ਕਦੇ ਕਾਫ਼ੀ ਨਹੀਂ ਹੋਣਗੇ।

ਤੱਥ ਤਾਂ ਇਹ ਹੈ ਕਿ ਇੰਗਲੈਂਡ ਵਿੱਚ ਵੀ ਕਿਰਤੀ ਲੋਕ ਫੇਰ ਹਰਕਤ ਵਿੱਚ ਆਉਣ ਲੱਗ ਪਏ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਹ ਵੱਖ ਵੱਖ ਕਿਸਮਾਂ ਦੀਆਂ ਰਵਾਇਤਾਂ ਦੇ ਸੰਗਲਾਂ ਵਿੱਚ ਜਕੜੇ ਹੋਏ ਹਨ। ਬੁਰਜੂਆ ਰਵਾਇਤਾਂ ਜਿਹਾ ਕਿ ਇਹ ਵਿਸ਼ਾਲ ਪੱਧਰ ਉੱਤੇ ਫੈਲਿਆ ਯਕੀਨ ਕਿ ਕੇਵਲ ਦੋ ਪਾਰਟੀਆਂ, ਕਨਜ਼ਰਵੇਟਿਵ ਅਤੇ ਲਿਬਰਲ ਹੋ ਸਕਦੀਆਂ ਹਨ ਅਤੇ ਇਹ ਕਿ ਕਿਰਤੀ ਸ਼੍ਰੇਣੀ ਲਈ ਇਹ ਲਾਜ਼ਮੀ ਹੈ ਕਿ ਉਹ ਆਪਣੀ ਮੁਕਤੀ ਮਹਾਨ ਲਿਬਰਲ ਪਾਰਟੀ ਰਾਹੀਂ ਹੀ ਪ੍ਰਾਪਤ ਕਰੇ। ਕਿਰਤੀਆਂ ਦੀਆਂ ਰਵਾਇਤਾਂ, ਜਿਹੜੀਆਂ ਉਹਨਾਂ ਦੇ ਸੁਤੰਤਰ ਅਮਲ ਦੇ ਪਹਿਲੇ ਯਤਨਾਂ ਤੋਂ ਵਿਰਸੇ ਵਿੱਚ ਮਿਲੀਆਂ ਹਨ, ਮਿਸਾਲ ਵਜੋਂ ਕਿੰਨੀਆਂ ਹੀ ਟਰੇਡ ਯੂਨੀਅਨਾਂ ਵਿੱਚੋਂ ਉਹਨਾਂ ਲੋਕਾਂ ਨੂੰ ਬਾਹਰ ਰੱਖਣਾ ਜਿਹੜੇ ਬਾਕਾਇਦਾ ਸ਼ਾਗਿਰਦੀ ਵਿੱਚੋਂ ਨਹੀਂ ਲੰਘੇ, ਜਿਸ ਰਾਹੀਂ ਹਰ ਟਰੇਡ ਯੂਨੀਅਨ ਆਪਣੇ ਹੜਤਾਲ-ਤੋੜ ਪੈਦਾ ਕਰਦੀ ਹੈ। ਪਰ ਇਹਦੇ ਬਾਵਜੂਦ ਅੰਗ੍ਰੇਜ਼ ਕਿਰਤੀ ਸ਼੍ਰੇਣੀ ਹਰਕਤ ਵਿੱਚ ਆ ਰਹੀ ਹੈ, ਜਿਹਾ ਕਿ ਪ੍ਰੋਫ਼ੈਸਰ ਬਰੈਨਤਾਨੋ[34] ਨੂੰ ਬੜੇ ਦੁੱਖ ਨਾਲ਼ ਆਪਣੇ ਕਥੈਡੇਰ ਸੋਸ਼ਲਿਸਟ ਭਰਾਵਾਂ ਨੂੰ ਦੱਸਣਾ ਪਿਆ ਹੈ। ਇੰਗਲੈਂਡ ਵਿੱਚ ਹੋਰ ਹਰ ਚੀਜ਼ ਵਾਂਗ ਇਹ ਕਿਧਰੇ ਧੀਮੇ ਅਤੇ ਮਿਥੇ ਕਦਮਾਂ ਨਾਲ਼ ਚੱਲਦੀ ਹੈ, ਕਿਧਰੇ ਜਕੋ-ਤਕੇ ਨਾਲ਼, ਕਿਧਰੇ ਘੱਟ ਜਾਂ ਵੱਧ ਵਿਅਰਥ, ਤਜਰਬੀ ਕੰਮ ਕਰਦੀ ਹੈ; ਇਹ ਕਦੇ ਕਦੇ ਸੋਸ਼ਲਿਜ਼ਮ ਦੇ ਨਾਂ ਉੱਤੇ ਲੋੜੋਂ ਵੱਧ ਸੋਘੀ ਬੇਇਤਬਾਰੀ ਨਾਲ਼ ਚੱਲਦੀ ਹੈ ਜਦੋਂ ਕਿ ਇਹ ਇਹਦਾ ਤੱਤ ਆਪਣੇ ਵਿੱਚ ਸਮੋ ਲੈਂਦੀ ਹੈ; ਅਤੇ ਲਹਿਰ ਫੈਲਦੀ ਹੈ ਅਤੇ ਕਿਰਤੀਆਂ ਦੀ ਇੱਕ ਤੋਂ ਪਿੱਛੋਂ ਦੂਜੀ ਪਰਤ ਨੂੰ ਪਕੜ ਲੈਂਦੀ ਹੈ। ਇਹਨੇ ਹੁਣ ਲੰਦਨ ਦੇ ਈਸਟ-ਐਂਡ[35] ਦੇ ਅਣ-ਸਿੱਖਿਅਤ ਕਿਰਤੀਆਂ ਨੂੰ ਉਹਨਾਂ ਦੀ ਬੇਹਿਸੀ ਤੋਂ ਜਗਾ ਦਿੱਤਾ ਹੈ ਅਤੇ ਅਸੀਂ ਸਾਰੇ ਜਾਣਦੇ ਹਾਂ ਕਿ ਇਹਨਾਂ ਨਵੀਆਂ ਸ਼ਕਤੀਆਂ ਨੇ ਇਹਨੂੰ ਕਿੰਨਾਂ ਸ਼ਾਨਦਾਰ ਉਤੇਜਕ ਦਿੱਤਾ ਹੈ ਅਤੇ ਜੇ ਲਹਿਰ ਦੀ ਗਤੀ ਕੁੱਝ ਲੋਕਾਂ ਦੇ ਬੇਸਬਰੀ ਨਾਲ਼ ਮੇਲ ਨਹੀਂ ਖਾਂਦੀ ਤਾਂ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਕਿਰਤੀ ਸ਼੍ਰੇਣੀ ਅੰਗ੍ਰੇਜ਼ ਆਚਰਣ ਦੀਆਂ ਸਰਵਉੱਤਮ ਸਿਫ਼ਤਾਂ ਨੂੰ ਜੀਉਂਦਾ ਰੱਖਦੀ ਹੈ ਅਤੇ ਜੇ ਇੰਗਲੈਂਡ ਵਿੱਚ ਇੱਕ ਵਾਰ ਅੱਗੇ ਵੱਲ ਇੱਕ ਕਦਮ ਜਿੱਤ ਲਿਆ ਜਾਂਦਾ ਹੈ ਤਾਂ, ਆਮ ਤੌਰ 'ਤੇ, ਫੇਰ ਨਹੀਂ ਖੁੱਸਦਾ। ਜੇ ਉੱਪਰ ਦੱਸੇ ਕਾਰਨਾਂ ਕਰਕੇ ਅਧਿਕਾਰ-ਪੱਤਰਵਾਦੀਆਂ ਦੇ ਪੁੱਤਰ ਪਰਖ ਵਿੱਚ ਪੂਰੇ ਨਾ ਉਤਰੇ ਤਾਂ ਪੋਤਰੇ ਆਪਣੇ ਵਡੇਰਿਆਂ ਦੇ ਯੋਗ ਹੋਣ ਦਾ ਚੋਖਾ ਸਬੂਤ ਦੇ ਰਹੇ ਹਨ।

ਪਰ ਯੂਰਪ ਦੀ ਕਿਰਤੀ ਸ਼੍ਰੇਣੀ ਦੀ ਜਿੱਤ ਕੇਵਲ ਇੰਗਲੈਂਡ ਉੱਤੇ ਹੀ ਨਿਰਭਰ ਨਹੀਂ। ਇਹ ਘੱਟੋ ਘੱਟ ਇੰਗਲੈਂਡ, ਫ਼ਰਾਂਸ ਅਤੇ ਜਰਮਨੀ ਦੀ ਮਿਲਵਰਤਨ ਨਾਲ਼ ਪ੍ਰਾਪਤ

ਕੀਤੀ ਜਾ ਸਕਦੀ ਹੈ। ਦੂਹਾਂ ਪਿਛਲੇਰੇ ਦੇਸ਼ਾਂ ਵਿੱਚ ਕਿਰਤੀ-ਸ਼੍ਰੇਣੀ ਲਹਿਰ ਇੰਗਲੈਂਡ ਤੋਂ ਬਹੁਤ ਅੱਗੇ ਹੈ। ਜਰਮਨੀ ਵਿੱਚ ਤਾਂ ਇਹ ਜਿੱਤ ਤੋਂ ਕੇਵਲ ਕਿਆਸੀ ਜਾ ਸਕਣ ਵਾਲ਼ੀ ਵਿੱਥ 'ਤੇ ਹੈ। ਇਹਨੇ ਪਿਛਲੇ ਪੰਝੀ ਵਰ੍ਹਿਆਂ ਵਿੱਚ ਉੱਥੇ ਜਿਹੜੀ ਉਨਤੀ ਕੀਤੀ ਹੈ ਉਹ ਬੇਮਿਸਾਲ ਹੈ। ਇਹ ਸਦਾ ਤੇਜ਼ ਹੋ ਰਹੀ ਗਤੀ ਨਾਲ਼ ਅੱਗੇ ਵੱਧ ਰਹੀ ਹੈ। ਜੇ ਜਰਮਨ ਮੱਧ-ਸ਼੍ਰੇਣੀਆਂ ਨੇ ਆਪਣੇ ਆਪ ਨੂੰ ਰਾਜਸੀ ਯੋਗਤਾ, ਡਸਿਪਲਿਨ, ਦਲੇਰੀ, ਸ਼ਕਤੀ ਅਤੇ ਦ੍ਰਿੜ੍ਹਤਾ ਵਿੱਚ ਸੋਗੀ ਹੱਦ ਤੱਕ ਨਿਰਯੋਗ ਸਾਬਤ ਕੀਤਾ ਹੈ ਤਾਂ ਜਰਮਨ ਕਿਰਤੀ ਸ਼੍ਰੇਣੀ ਨੇ ਇਹਨਾਂ ਸਭਨਾਂ ਸਿਫਤਾਂ ਦਾ ਚੋਖਾ ਸਬੂਤ ਦਿੱਤਾ ਹੈ। ਚਾਰ ਸੌ ਵਰ੍ਹੇ ਹੋਏ ਜਰਮਨੀ ਯੂਰਪੀ ਮੱਧ-ਸ਼੍ਰੇਣੀ ਦੀ ਪਹਿਲੀ ਬਗਾਵਤ ਦਾ ਮੁੱਢ ਬਣਿਆ ਸੀ; ਜਿਵੇਂ ਹਾਲਾਤ ਹੁਣ ਬਣ ਰਹੇ ਹਨ, ਕੀ ਇਹ ਸੰਭਾਵਨਾਵਾਂ ਦੀ ਸੀਮਾ ਤੋਂ ਬਾਹਰੀ ਗੱਲ ਹੈ ਕਿ ਜਰਮਨੀ ਯੂਰਪੀ ਪ੍ਰੋਲਤਾਰੀ ਦੀ ਪਹਿਲੀ ਜਿੱਤ ਦਾ ਸਥਾਨ ਵੀ ਬਣੇਗਾ ?

**ਫ਼. ਏਂਗਲਜ਼**

20 ਅਪ੍ਰੈਲ 1892
ਏਂਗਲਜ਼ ਦੇ 'ਸੋਸ਼ਲਿਜ਼ਮ—ਵਿਗਿਆਨਕ ਅਤੇ ਯੂਟੋਪੀਆਈ' ਵਿੱਚ ਛਪਿਆ ਅਤੇ ਕੁੱਝ ਸੰਖੇਪ ਕਰਕੇ ਲੇਖਕ ਵੱਲੋਂ ਕੀਤੇ ਅਨੁਵਾਦ ਅਨੁਸਾਰ ਜਰਮਨ ਰਸਾਲੇ «Neue Zeit» ਸੈਂਚੀ 1, ਅੰਕ 1 ਅਤੇ 2, 1892-1893 ਵਿੱਚ ਛਪਿਆ।

ਕਾ. ਮਾਰਕਸ ਅਤੇ ਫ਼. ਏਂਗਲਜ਼ ਦੀਆਂ 'ਚੋਣਵੀਆਂ ਕਿਰਤਾਂ', ਦੂਜੀ ਛਾਪ, ਸੈਂਚੀ 22, ਪੰਨਾ 294-320 ਅਨੁਸਾਰ ਛਾਪਿਆ ਗਿਆ।

# ਸੋਸ਼ਲਿਜ਼ਮ:ਵਿਗਿਆਨਕ ਅਤੇ ਯੂਟੋਪੀਆਈ

## I

ਨਵੀਨ ਸੋਸ਼ਲਿਜ਼ਮ, ਆਪਣੇ ਤੱਤ ਵਿੱਚ ਸਿੱਧੀ ਉਪਜ ਹੈ ਇੱਕ ਹੱਥ ਅਜੋਕੇ ਸਮਾਜ ਵਿੱਚ ਮਾਲਕਾਂ ਅਤੇ ਗ਼ੈਰ-ਮਾਲਕਾਂ ਵਿਚਕਾਰ, ਸਰਮਾਏਦਾਰਾਂ ਅਤੇ ਉਜਰਤੀ-ਕਾਮਿਆਂ ਵਿਚਕਾਰ ਮੌਜੂਦ ਸ਼੍ਰੇਣੀ ਵਿਰੋਧਾਂ ਦੀ ਅਤੇ ਦੂਜੇ ਹੱਥ ਉਪਜ ਵਿੱਚ ਮੌਜੂਦ ਅਰਾਜਕਤਾ ਦੀ ਪ੍ਰਵਾਨਗੀ ਦੀ। ਪਰ ਸਿਧਾਂਤਕ ਰੂਪ ਵਿੱਚ ਨਵੀਨ ਸੋਸ਼ਲਿਜ਼ਮ ਪਹਿਲਾਂ ਪਹਿਲ ਵੇਖਣ ਨੂੰ ਅਠਾਰ੍ਹਵੀਂ ਸਦੀ ਦੇ ਮਹਾਨ ਫ਼ਰਾਂਸੀਸੀ ਦਾਰਸ਼ਨਿਕਾਂ ਵੱਲੋਂ ਪੇਸ਼ ਕੀਤੇ ਅਸੂਲਾਂ ਦਾ ਇੱਕ ਵਧੇਰੇ ਮੰਤਕੀ ਵਧਾਅ ਹੀ ਜਾਪਦਾ ਹੈ। ਹਰ ਨਵੇਂ ਸਿਧਾਂਤ ਵਾਂਗ, ਨਵੀਨ ਸੋਸ਼ਲਿਜ਼ਮ ਨੂੰ — ਪਹਿਲਾਂ ਪਹਿਲ ਆਪਣੇ ਆਪ ਨੂੰ ਉਸ ਬੌਧਕ ਵੱਖਰ ਨਾਲ਼ ਜੋੜਨਾ ਪੈਣਾ ਸੀ ਜਿਹੜੀ ਇਸ ਤੋਂ ਪਹਿਲਾਂ ਮੌਜੂਦ ਸੀ ਭਾਵੇਂ ਇਹਦੀਆਂ ਆਪਣੀਆਂ ਜੜ੍ਹਾਂ ਠੋਸ ਆਰਥਕ ਤੱਥਾਂ ਵਿੱਚ ਕਿੰਨੀਆਂ ਡੂੰਘੀਆਂ ਕਿਉਂ ਨਾ ਹੋਣ।

ਜਿਨ੍ਹਾਂ ਮਹਾਨ ਮਨੁੱਖਾਂ ਨੇ ਫ਼ਰਾਂਸ ਵਿੱਚ ਮਨੁੱਖਾਂ ਦੇ ਮਨਾਂ ਨੂੰ ਆਉਂਦੇ ਇਨਕਲਾਬ ਲਈ ਤਿਆਰ ਕੀਤਾ, ਉਹ ਆਪਣੇ ਆਪ ਵਿੱਚ ਅਤਿ-ਅੰਤ ਇਨਕਲਾਬੀ ਸਨ। ਉਹ ਕਿਸੇ ਵੀ ਤਰ੍ਹਾਂ ਦੇ ਬਾਹਰਲੇ ਅਧਿਕਰਣ ਨੂੰ ਕਬੂਲ ਨਹੀਂ ਸਨ ਕਰਦੇ। ਧਰਮ, ਪ੍ਰਕਿਰਤਕ ਵਿਗਿਆਨ, ਸਮਾਜ, ਰਾਜਸੀ ਸੰਸਥਾਵਾਂ—ਹਰ ਇੱਕ ਉੱਤੇ ਅਤਿ-ਅੰਤ ਬੇਕਿਰਕ ਪੜਚੋਲ ਕੀਤੀ ਗਈ: ਹਰ ਸ਼ੈ ਲਈ ਇਹ ਲਾਜ਼ਮੀ ਸੀ ਕਿ ਉਹ ਤਰਕ ਦੀ ਅਦਾਲਤ ਸਾਹਮਣੇ ਹੋਂਦ ਨੂੰ ਹੱਕੀ ਠਹਿਰਾਏ ਜਾਂ ਹੋਂਦ ਤਿਆਗ ਦੇਵੇ। ਤਰਕ ਹਰ ਸ਼ੈਅ ਲਈ ਇੱਕੋ ਇੱਕ ਨਾਪ ਬਣ ਗਿਆ। ਇਹ ਉਹ ਸਮਾਂ ਸੀ ਜਦੋਂ ਹੀਗਲ ਦੇ ਕਥਨ ਅਨੁਸਾਰ ਦੁਨੀਆਂ ਸਿਰ ਭਾਰ* ਖੜੀ ਸੀ; ਪਹਿਲੇ ਇਹਨਾਂ ਅਰਥਾਂ ਵਿੱਚ ਕਿ ਮਨੁੱਖੀ ਸਿਰ ਅਤੇ ਇਹਦੇ ਵਿਚਾਰ ਰਾਹੀਂ ਪ੍ਰਾਪਤ ਕੀਤੇ ਅਸੂਲ ਹਰ ਮਨੁੱਖੀ ਅਮਲ ਅਤੇ ਸਮੂਹ ਦੀ ਬੁਨਿਆਦ ਹੋਣ ਦਾ ਦਾਅਵਾ ਕਰਦੇ ਸਨ;

---

* ਇਹ ਹੈ ਫ਼ਰਾਂਸੀਸੀ ਇਨਕਲਾਬ ਸਬੰਧੀ ਲਿਖਤ: "ਕਾਨੂੰਨ ਦੇ ਬਾਰੇ ਸੋਚ ਅਤੇ ਇਸਦੇ ਸੰਕਲਪ ਨੇ **ਇੱਕ ਦਮ** ਆਪਣੇ ਆਪ ਨੂੰ ਅਨੁਭਵ ਕਰਵਾਇਆ ਅਤੇ ਇਸਦੇ ਸਨਮੁੱਖ ਗ਼ਲਤੀ ਦੀ ਪੁਰਾਣੀ ਗੋਹ ਠਹਿਰ ਨਾ ਸਕੀ। ਇਸ ਲਈ, ਕਾਨੂੰਨ ਦੇ ਇਸ ਸੰਕਲਪ ਵਿੱਚ ਇੱਕ ਵਿਧਾਨ ਸਥਾਪਤ ਕਰ ਦਿੱਤਾ ਗਿਆ ਹੈ ਅਤੇ ਹੁਣ ਤੋਂ ਸਭ ਕੁੱਝ ਇਹਦੇ ਉੱਤੇ ਅਧਾਰਤ ਹੋਵੇਗਾ। ਜਦੋਂ ਦਾ ਸੂਰਜ ਅਕਾਸ਼ ਵਿੱਚ ਰਿਹਾ ਹੈ ਅਤੇ ਨਛੱਤਰ ਇਹਦੇ ਦਵਾਲ਼ੇ ਘੁੰਮਦੇ ਰਹੇ ਸਨ ਕਿਸੇ ਮਨੁੱਖ ਦੇ ਆਪਣੇ ਸਿਰ ਭਾਰ —ਅਰਥਾਤ ਵਿਚਾਰ ਉੱਤੇ— ਖੜੇ ਹੋ ਕੇ ਅਤੇ ਇਸ ਬਿੰਬ ਦੇ ਅਧਾਰ ਉੱਤੇ ਯਥਾਰਥ ਘੜਨ ਦਾ ਯਤਨ ਕਰਨ ਦਾ ਦ੍ਰਿਸ਼ ਕਦੇ ਨਹੀਂ ਵੇਖਿਆ ਗਿਆ। ਅਨਾਜ਼ਾਗੋਰਸ ਨੇ ਪਹਿਲਾਂ ਕਿਹਾ ਸੀ ਕਿ Nûs, ਤਰਕ, ਸੰਸਾਰ ਉੱਤੇ ਰਾਜ ਕਰਦਾ ਹੈ; ਪਰ ਹੁਣ ਪਹਿਲੀ ਵਾਰ ਮਨੁੱਖ ਇਹ ⇨

ਪਰ ਹੌਲ਼ੀ ਹੌਲ਼ੀ ਇਸ ਵਧੇਰੇ ਵਿਸ਼ਾਲ ਅਰਥਾਂ ਵਿੱਚ ਵੀ ਕਿ ਜਿਹੜਾ ਯਥਾਰਥ ਇਹਨਾਂ ਅਸੂਲਾਂ ਦੇ ਵਿਰੋਧ ਵਿੱਚ ਸੀ ਉਹਨੂੰ, ਸੱਚ ਮੁੱਚ, ਉਲਟਾ ਕਰ ਦਿੱਤਾ ਜਾਣਾ ਸੀ। ਉਸ ਸਮੇਂ ਵਿਦਮਾਨ ਸਮਾਜ ਅਤੇ ਹਕੂਮਤ ਦਾ ਹਰ ਰੂਪ, ਹਰ ਰਵਾਇਤੀ ਸੰਕਲਪ ਅ-ਤਰਕਵਾਦੀ ਸਮਝ ਕੇ ਕਾਠ-ਕਬਾੜ ਵਾਲ਼ੇ ਕਮਰੇ ਵਿੱਚ ਸੁੱਟ ਦਿਤਾ ਜਾਣਾ ਸੀ; ਹੁਣ ਤੱਕ ਸੰਸਾਰ ਨੇ ਆਪਣੀ ਅਗਵਾਈ ਕੇਵਲ ਤੁਅੱਸਬਾਂ ਰਾਹੀਂ ਹੋਣ ਦੀ ਆਗਿਆ ਦਿੱਤੀ ਸੀ; ਬੀਤੇ ਵਿੱਚ ਹਰ ਸ਼ੈਅ ਕੇਵਲ ਤਰਸ ਅਤੇ ਘ੍ਰਿਣਾ ਦੇ ਯੋਗ ਸੀ। ਹੁਣ ਪਹਿਲੀ ਵਾਰ ਦਿਨ ਦੀ ਲੋਅ, ਤਰਕ ਦੀ ਬਾਦਸ਼ਾਹੀ, ਵਿਖਾਈ ਦਿੱਤੀ; ਹੁਣ ਤੋਂ ਵਹਿਮ, ਬੇਇਨਸਾਫ਼ੀ, ਵਿਸ਼ੇਸ਼-ਅਧਿਕਾਰ, ਜਬਰ ਦੀ ਥਾਂ ਸਦੀਵੀ ਸੱਚ ਨੇ, ਸਦੀਵੀ ਹੱਕ ਨੇ, ਪ੍ਰਕਿਰਤੀ ਉੱਤੇ ਅਧਾਰਤ ਬਰਾਬਰੀ ਨੇ ਅਤੇ ਮਨੁੱਖ ਦੇ ਖੋਹੇ ਨਾ ਜਾ ਸਕਣ ਵਾਲ਼ੇ ਹੱਕਾਂ ਨੇ ਲੈਣੀ ਸੀ।

ਅਸੀਂ ਹੁਣ ਜਾਣਦੇ ਹਾਂ ਕਿ ਤਰਕ ਦਾ ਇਹ ਰਾਜ ਬੁਰਜੂਆਜ਼ੀ ਦੇ ਆਦਰਸ਼ਾਏ ਰਾਜ ਤੋਂ ਵੱਧ ਕੁੱਝ ਨਹੀਂ ਸੀ, ਕਿ ਇਸ ਸਦੀਵੀ ਹੱਕ ਦਾ ਪ੍ਰਗਟਾਅ ਬੁਰਜੂਆ ਨਿਆਂ-ਸ਼ਾਸਤਰ ਵਿੱਚ ਹੋਇਆ; ਕਿ ਇਸ ਬਰਾਬਰੀ ਨੇ ਆਪਣੇ ਆਪ ਨੂੰ ਕਾਨੂੰਨ ਦੇ ਸਨਮੁੱਖ ਬੁਰਜੂਆਈ ਬਰਾਬਰੀ ਤੱਕ ਘਟਾ ਲਿਆ; ਕਿ ਬੁਰਜੂਆ ਜਾਇਦਾਦ ਦੇ ਮਨੁੱਖ ਦੇ ਲਾਜ਼ਮੀ ਹੱਕਾਂ ਵਿੱਚੋਂ ਇੱਕ ਹੋਣ ਦਾ ਐਲਾਨ ਕਰ ਦਿੱਤਾ ਗਿਆ; ਕਿ ਤਰਕ ਦੀ ਹਕੂਮਤ, ਰੂਸੋ ਦਾ ਸਮਾਜੀ ਕਰਾਰ[36], ਇੱਕ ਜਮਹੂਰੀ ਬਰੁਜੂਆ ਗਣਰਾਜ ਦੇ ਰੂਪ ਵਿੱਚ ਹੋਂਦ ਵਿੱਚ ਆਇਆ ਅਤੇ ਇਸੇ ਰੂਪ ਵਿੱਚ ਹੋਂਦ ਵਿੱਚ ਆ ਸਕਦਾ ਸੀ। ਜਿਵੇਂ ਉਹਨਾਂ ਤੋਂ ਪਹਿਲਾਂ ਵਾਲ਼ੇ ਨਹੀਂ ਕਰ ਸਕੇ, ਉਸੇ ਤਰ੍ਹਾਂ ਅਠਾਰ੍ਹਵੀਂ ਸਦੀ ਦੇ ਮਹਾਨ ਵਿਚਾਰਕ ਵੀ ਉਹਨਾਂ ਹੱਦਾਂ ਤੋਂ ਅੱਗੇ ਨਹੀਂ ਸਨ ਜਾ ਸਕਦੇ ਜਿਹੜੀਆਂ ਉਹਨਾਂ ਦਾ ਯੁੱਗ ਮਿੱਥਦਾ ਸੀ।

ਪਰ ਸਾਮੰਤੀ ਰਾਠ-ਸ਼ਾਹੀ ਅਤੇ ਬਾਕੀ ਦੇ ਸਾਰੇ ਸਮਾਜ ਦੇ ਪ੍ਰਤਿਨਿੱਧ ਹੋਣ ਦਾ ਦਾਅਵਾ ਕਰਨ ਵਾਲ਼ੇ ਨਾਗਰਕਾਂ ਵਿਚਕਾਰ ਵਿਰੋਧ ਦੇ ਨਾਲ਼ ਹੀ ਨਾਲ਼ ਲੋਟੂਆਂ ਅਤੇ ਲੁਟੇ-ਜਾਂਦਿਆਂ, ਅਮੀਰ ਵਿਹਲੜਾਂ ਅਤੇ ਗ਼ਰੀਬ ਕਿਰਤੀਆਂ ਵਿਚਕਾਰ ਆਮ ਵਿਰੋਧ ਵੀ ਸੀ। ਇਸੇ ਵਿਸ਼ੇਸ਼ ਪ੍ਰਸਥਿਤੀ ਨੇ ਬੁਰਜੂਆਜ਼ੀ ਦੇ ਪ੍ਰਤਿਨਿੱਧਾਂ ਲਈ ਇਹ ਸੰਭਵ ਬਣਾਇਆ ਕਿ ਉਹ ਆਪਣੇ ਆਪ ਨੂੰ ਕਿਸੇ ਇੱਕ ਵਿਸ਼ੇਸ਼ ਸ਼੍ਰੇਣੀ ਦੇ ਨਹੀਂ ਸਗੋਂ ਸਮੁੱਚੀ ਦੁਖੀ ਮਨੁੱਖਤਾ ਦੇ ਪ੍ਰਤਿਨਿੱਧ ਵਜੋਂ ਪੇਸ਼ ਕਰਨ। ਇਹੋ ਨਹੀਂ। ਇਹਦੇ ਜਨਮ ਤੋਂ ਹੀ ਬੁਰਜੂਆਜ਼ੀ ਉੱਪਰ ਇੱਕ

---

⇨ ਸਮਝਿਆ ਹੈ ਕਿ ਦਿਮਾਗ਼ੀ ਯਥਾਰਥ ਉੱਤੇ ਵਿਚਾਰ ਦਾ ਰਾਜ ਹੋਣਾ ਚਾਹੀਦਾ ਹੈ **ਅਤੇ ਇਹ ਇੱਕ ਸ਼ਾਨਦਾਰ ਪਹੁ-ਫੁਟਾਲਾ ਸੀ। ਸਭੇ ਸੋਚਣ ਵਾਲ਼ੇ ਜੀਵ ਇਸ ਪਵਿੱਤਰ ਦਿਨ ਦਾ ਜਸ਼ਨ ਮਨਾਉਣ ਵਿੱਚ ਸ਼ਾਮਲ ਹੋਏ ਹਨ।** ਉਸ ਸਮੇਂ ਇੱਕ ਉੱਚ **ਜਜ਼ਬਾ** ਮਨੁੱਖਾਂ ਨੂੰ ਹਲੂਣ ਰਿਹਾ ਸੀ, **ਸੰਸਾਰ ਵਿੱਚ ਤਰਕ ਦਾ ਉਤਸਾਹ ਰਚ ਗਿਆ ਸੀ**, ਜਿਵੇਂ ਹੁਣ ਦੈਵੀ ਅਸੂਲ ਦਾ ਸੰਸਾਰ ਨਾਲ਼ ਮੇਲ ਹੋ ਗਿਆ ਹੋਵੇ।" (ਹੀਗਲ "ਇਤਿਹਾਸ ਦਾ ਦਰਸ਼ਨ", 1840, ਪੰਨਾ 535) ਕੀ ਹੁਣ ਸਮਾਂ ਨਹੀਂ ਆ ਗਿਆ ਕਿ ਪ੍ਰੋ: ਹੀਗਲ ਵੱਲੋਂ ਅਜਿਹੀ ਸਿੱਖਿਆ ਵਿਰੁੱਧ ਜਿਹੜੀ ਉੱਥਲ-ਪੁੱਥਲ ਕਰਨ ਵਾਲ਼ੀ ਅਤੇ ਸਾਂਝੇ ਖ਼ਤਰੇ ਵਾਲ਼ੀ ਹੈ, ਸੋਸ਼ਲਿਸਟ-ਵਿਰੋਧੀ ਕਾਨੂੰਨ[37] ਲਾਗੂ ਕੀਤਾ ਜਾਵੇ? (**ਏਂਗਲਜ਼ ਵੱਲੋਂ ਟੂਕ**)।

ਵਿਪਰੀਤੱਤਾ ਸਵਾਰ ਹੈ: ਸਰਮਾਏਦਾਰ ਉਜਰਤੀ ਮਜ਼ਦੂਰਾਂ ਤੋਂ ਬਿਨਾਂ ਹੋਂਦ ਵਿੱਚ ਨਹੀਂ ਰਹਿ ਸਕਦੇ ਅਤੇ ਜਿਸ ਨਿਸਬਤ ਨਾਲ਼ ਮੱਧਕਾਲ ਦੀ ਕਿਰਤ–ਬਰਾਦਰੀ ਦਾ ਉਸਤਾਦ ਕਾਰੀਗਰ ਨਵੀਨ ਬੁਰਜੂਆ ਵਿੱਚ ਤਬਦੀਲ ਹੋਇਆ, ਉਸੇ ਨਿਸਬਤ ਨਾਲ਼ ਕਿਰਤ–ਬਰਾਦਰੀ ਦਾ ਸਿਖਾਂਦਰੂ ਕਾਰੀਗਰ ਅਤੇ ਕਿਰਤ–ਬਰਾਦਰੀ ਤੋਂ ਬਾਹਰ ਦਿਹਾੜੀਦਾਰ ਪ੍ਰੋਲੇਤਾਰੀ ਬਣ ਗਏ ਅਤੇ ਭਾਵੇਂ, ਸਮੁੱਚੇ ਤੌਰ 'ਤੇ, **ਰਾਠ-ਸ਼ਾਹੀ ਵਿਰੁੱਧ ਆਪਣੇ ਘੋਲ਼ ਵਿੱਚ** ਬੁਰਜੂਆਜ਼ੀ ਨਾਲ਼ ਹੀ ਨਾਲ਼ ਉਸ ਸਮੇਂ ਦੀਆਂ ਵੱਖ ਵੱਖ ਕਿਰਤੀ ਸ਼੍ਰੇਣੀਆਂ ਦੇ ਹਿਤਾਂ ਦੀ ਪ੍ਰਤਿਨਿੱਧਤਾ ਕਰਨ ਦਾ ਦਾਅਵਾ ਕਰ ਸਕਦੀ ਸੀ ਇਹਦੇ ਬਾਵਜੂਦ ਹਰ ਮਹਾਨ ਬੁਰਜੂਆ ਲਹਿਰ ਵਿੱਚ ਉਸ ਸ਼੍ਰੇਣੀ ਦੇ ਭੜਕਾਅ ਦਿੱਸਦੇ ਸਨ ਜਿਹੜੀ, ਘੱਟ ਜਾਂ ਵੱਧ ਵਿਕਸਤ ਰੂਪ ਵਿੱਚ, ਨਵੀਨ ਪ੍ਰੋਲਤਾਰੀ ਦੀ ਅਗਵਾਨੂ ਸੀ। ਮਿਸਾਲ ਵਜੋਂ ਜਰਮਨ ਧਾਰਮਕ ਸੁਧਾਰ ਅਤੇ ਕਿਸਾਨਾਂ ਦੇ ਯੁੱਧ ਸਮੇਂ ਮੁੜ–ਬਪਤਸਮਾਵਾਦੀ (Anabaptist)[38] ਅਤੇ ਥਾਮਸ ਮੂਨਜ਼ੇਰ; ਮਹਾਨ ਅੰਗ੍ਰੇਜ਼ੀ ਇਨਕਲਾਬ ਵਿੱਚ ਪੱਧਰਾ–ਕਰਨ ਵਾਲ਼ੇ (levellers)[39] ਅਤੇ ਮਹਾਨ ਫ਼ਰਾਂਸੀਸੀ ਇਨਕਲਾਬ ਵਿੱਚ ਬਾਬਿਊਫ਼। ਅਜੇ ਵਿਕਸਤ ਨਾ ਹੋਈ ਸ਼੍ਰੇਣੀ ਦੇ ਇਨਕਲਾਬੀ ਉਭਾਰਾਂ ਦੇ ਅਨੁਸਾਰੀ ਸਿਧਾਂਤਕ ਐਲਾਨ ਵੀ ਸਨ: ਸੋਲ੍ਹਵੀਂ ਅਤੇ ਸਤਾਰ੍ਹਵੀਂ ਸਦੀ ਵਿੱਚ[40] ਆਦਰਸ਼ ਸਮਾਜੀ ਪ੍ਰਸਥਿਤੀਆਂ ਦੇ ਖ਼ਿਆਲੀ ਚਿੱਤਰ; ਅਠਾਰ੍ਹਵੀਂ ਸਦੀ ਵਿੱਚ ਅਸਲੀ ਕਮਿਊਨਿਸਟ ਸਿਧਾਂਤ (ਮਾਰੇਲੀ ਅਤੇ ਮੈਬਲੀ)। ਬਰਾਬਰੀ ਦੀ ਮੰਗ ਹੁਣ ਰਾਜਸੀ ਹੱਦਾਂ ਤੱਕ ਸੀਮਤ ਨਹੀਂ ਸੀ; ਇਹਨੂੰ ਵਿਅਕਤੀਆਂ ਦੀਆਂ ਸਮਾਜੀ ਪ੍ਰਸਥਿਤੀਆਂ ਤੱਕ ਵੀ ਵਧਾ ਦਿੱਤਾ ਗਿਆ। ਕੇਵਲ ਸ਼੍ਰੇਣੀ ਵਿਸ਼ੇਸ਼–ਅਧਿਕਾਰ ਹੀ ਖ਼ਤਮ ਨਹੀਂ ਸਨ ਕੀਤੇ ਜਾਣੇ ਸਗੋਂ ਖ਼ੁਦ ਸ਼੍ਰੇਣੀ ਵਖਰੇਵਿਆਂ ਨੂੰ ਵੀ ਖ਼ਤਮ ਕੀਤਾ ਜਾਣਾ ਸੀ। ਵਿਰਕਤ, ਜੀਵਨ ਦੀਆਂ ਸਭ ਖ਼ੁਸ਼ੀਆਂ ਤਿਆਗਦਾ ਹੋਇਆ, ਕਰੜਾ ਜੀਵਨ ਬਿਤਾਉਂਦਾ ਹੋਇਆ, ਕਮਿਊਨਿਜ਼ਮ, ਇਹ ਸੀ ਨਵੀਂ ਸਿੱਖਿਆ ਦਾ ਪਹਿਲਾ ਰੂਪ। ਫੇਰ ਤਿੰਨ ਮਹਾਨ ਯੂਟੋਪਿਆਈ ਆਏ: ਸੇਂਟ–ਸਾਇਮਨ, ਜਿਸ ਲਈ ਪ੍ਰੋਲੇਤਾਰੀ ਦੇ ਨਾਲ਼ ਹੀ ਨਾਲ਼ ਮੱਧ–ਸ਼੍ਰੇਣੀ ਦੀ ਲਹਿਰ ਦੀ ਅਜੇ ਵੀ ਕੁੱਝ ਮਹੱਤਤਾ ਸੀ; ਫੋਰੀਅਰ; ਅਤੇ ਓਵਨ, ਜਿਸਨੇ ਉਸ ਦੇਸ਼ ਵਿੱਚ, ਜਿੱਥੇ ਸਰਮਾਏਦਾਰ ਉਤਪਾਦਨ ਸਭ ਤੋਂ ਵੱਧ ਵਿਕਸਤ ਸੀ ਅਤੇ ਇਸ ਦੇ ਪੈਦਾ ਕੀਤੇ ਵਿਰੋਧਾਂ ਦੇ ਸਿੱਧੇ ਅਸਰ ਹੇਠ ਸ਼੍ਰੇਣੀ ਵਖਰੇਂਵੇਂ ਖ਼ਤਮ ਕਰਨ ਸਬੰਧੀ ਤਜਵੀਜ਼ਾਂ ਬਾਕਾਇਦਾ ਅਤੇ ਫ਼ਰਾਂਸੀਸੀ ਪਦਾਰਥਵਾਦ ਨਾਲ਼ ਸਿੱਧੇ ਸਬੰਧ ਨਾਲ਼ ਘੜੀਆਂ।

ਤਿੰਨਾਂ ਵਿੱਚ ਇੱਕ ਗੱਲ ਸਾਂਝੀ ਹੈ। ਉਹਨਾਂ ਵਿੱਚੋਂ ਇੱਕ ਵੀ ਉਸ ਪ੍ਰੋਲੇਤਾਰੀ ਦੇ ਪ੍ਰਤਿਨਿੱਧ ਵਜੋਂ ਸਾਹਮਣੇ ਨਹੀਂ ਆਉਂਦਾ ਜਿਸ ਇਸ ਸਮੇਂ ਵਿੱਚ ਇਤਿਹਾਸਕ ਵਿਕਾਸ ਨੇ ਹੋਂਦ ਵਿੱਚ ਲੈ ਆਂਦਾ ਸੀ। ਫ਼ਰਾਂਸੀਸੀ ਦਾਰਸ਼ਨਿਕਾਂ ਵਾਂਗ ਉਹ ਮੁੱਢ ਵਿੱਚ ਇੱਕ ਸ਼੍ਰੇਣੀ ਨੂੰ ਮੁਕਤ ਕਰਾਉਣ ਦਾ ਦਾਅਵਾ ਨਹੀਂ ਕਰਦੇ ਸਗੋਂ ਸਮੁੱਚੀ ਮਨੁੱਖ ਜਾਤੀ ਨੂੰ ਇੱਕੋ ਦਮ ਮੁਕਤ ਕਰਾਉਣ ਦਾ ਦਾਅਵਾ ਕਰਦੇ ਹਨ। ਉਹਨਾਂ ਵਾਂਗ ਹੀ ਉਹ ਤਰਕ ਅਤੇ ਸਦੀਵੀ ਇਨਸਾਫ਼ ਦੀ ਬਾਦਸ਼ਾਹੀ ਫ਼ਰਾਂਸੀਸੀ ਦਾਰਸ਼ਨਿਕਾਂ ਵੱਲੋਂ ਚਿਤਵੀ ਬਾਦਸ਼ਾਹੀ ਤੋਂ ਉਨੀ ਹੀ ਦੂਰ ਹੈ ਜਿੰਨੀ ਧਰਤੀ ਤੋਂ ਬਹਿਸ਼ਤ। ਕਿਉਂਕਿ ਸਾਡੇ ਇਹਨਾਂ ਤਿੰਨ ਸੁਧਾਰਕਾਂ ਲਈ ਇਨ੍ਹਾਂ ਦਾਰਸ਼ਨਿਕਾਂ ਦੇ ਅਸੂਲਾਂ ਉੱਤੇ ਅਧਾਰਤ ਬੁਰਜੂਆ ਦੁਨੀਆਂ ਸਾਮੰਤਵਾਦ ਵਾਂਗ ਹੀ ਅ–ਤਰਕਸ਼ੀਲ ਅਤੇ

ਅਣ-ਮੁਨਸਫ਼ੀ ਹੈ ਅਤੇ ਇਸੇ ਲਈ ਸਾਮੰਤਵਾਦ ਅਤੇ ਸਮਾਜ ਦੇ ਉਸ ਤੋਂ ਪਹਿਲਾਂ ਦੇ ਪੜਾਆਂ ਵਾਂਗ ਹੀ ਉਨੀ ਹੀ ਤੱਤਪਰਤਾ ਨਾਲ਼ ਕੂੜੇ ਦੇ ਢੇਰ ਉੱਤੇ ਸੁੱਟੀ ਜਾਣੀ ਚਾਹੀਦੀ ਹੈ। ਜੇ ਖ਼ਾਲਸ ਤਰਕ ਅਤੇ ਇਨਸਾਫ਼ ਨੇ ਅਜੇ ਤੱਕ ਦੁਨੀਆਂ ਉੱਤੇ ਹਕੂਮਤ ਨਹੀਂ ਕੀਤੀ ਤਾਂ ਅਜਿਹਾ ਕੇਵਲ ਇਸ ਲਈ ਹੋਇਆ ਕਿ ਮਨੁੱਖਾਂ ਨੇ ਉਹਨਾਂ ਨੂੰ ਠੀਕ ਤਰ੍ਹਾਂ ਸਮਝਿਆ ਨਹੀਂ। ਲੋੜ ਪ੍ਰਤਿਭਾ ਵਾਲ਼ੇ ਵਿਕੋਲਤ੍ਰੇ ਮਨੁੱਖ ਦੀ ਸੀ ਜਿਹੜਾ ਹੁਣ ਪ੍ਰਗਟ ਹੋ ਗਿਆ ਹੈ ਅਤੇ ਜਿਹੜਾ ਸੱਚ ਨੂੰ ਸਮਝਦਾ ਹੈ। ਕਿ ਉਹ ਹੁਣ ਪ੍ਰਗਟ ਹੋ ਗਿਆ ਹੈ, ਕਿ ਹੁਣ ਸੱਚ ਸਪੱਸ਼ਟ ਤੌਰ ’ਤੇ ਸਮਝ ਲਿਆ ਗਿਆ ਹੈ, ਇਤਿਹਾਸਕ ਵਿਕਾਸ ਦੀ ਕੜੀ ਦੇ ਲੋੜ ਪਿੱਛੇ ਚੱਲਦੇ ਹੋਏ ਇੱਕ ਅਟਲ ਘਟਨਾ ਨਹੀਂ ਸਗੋਂ ਕੇਵਲ ਇੱਕ ਸੁਖਾਵਾਂ ਇਤਫ਼ਾਕ ਹੀ ਹੈ। ਉਹ 500 ਵਰ੍ਹੇ ਪਹਿਲਾਂ ਪੈਦਾ ਹੋ ਸਕਦਾ ਸੀ ਅਤੇ ਮਨੁੱਖ ਜਾਤੀ ਗ਼ਲਤੀਆਂ, ਕਸ਼ਮਸ਼ ਅਤੇ ਦੁੱਖਾਂ ਦੇ 500 ਵਰ੍ਹਿਆਂ ਤੋਂ ਬਚ ਸਕਦੀ ਸੀ।

ਅਸੀਂ ਵੇਖਿਆ ਹੈ ਕਿਵੇਂ ਅਠਾਰ੍ਹਵੀਂ ਸਦੀ ਦੇ ਫ਼ਰਾਂਸੀਸੀ ਦਾਰਸ਼ਨਿਕ, ਇਨਕਲਾਬ ਦੇ ਅਗਵਾਣੂ ਤਰਕ ਨੂੰ ਹਰ ਵਿਦਮਾਨ ਵਸਤੂ ਦੇ ਇੱਕੋ ਇੱਕ ਪਾਰਖੂ ਵਜੋਂ ਵਰਤਦੇ ਸਨ। ਇੱਕ ਤਰਕਸ਼ੀਲ ਹਕੂਮਤ, ਇੱਕ ਤਰਕਸ਼ੀਲ ਸਮਾਜ ਸਥਾਪਤ ਕੀਤਾ ਜਾਣਾ ਸੀ; ਹਰ ਉਹ ਸ਼ੈਅ ਜਿਹੜੀ ਸਦੀਵੀ ਤਰਕ ਦੇ ਉਲਟ ਜਾਂਦੀ ਸੀ, ਬੇਕਿਰਕੀ ਨਾਲ਼ ਖ਼ਤਮ ਕਰ ਦਿੱਤੀ ਜਾਣੀ ਸੀ। ਅਸੀਂ ਇਹ ਵੀ ਵੇਖਿਆ ਹੈ ਕਿ ਸਦੀਵੀ ਤਰਕ ਅਠਾਰ੍ਹਵੀਂ ਸਦੀ ਦੇ ਸ਼ਹਿਰੀ ਦੀ, ਜਿਹੜਾ ਉਸ ਸਮੇਂ ਵਿਕਾਸ ਕਰਕੇ ਬੁਰਜੂਆ ਬਣ ਹੀ ਰਿਹਾ ਸੀ, ਆਦਰਸ਼ਾਈ ਸੂਝ ਤੋਂ ਬਿਨਾਂ ਕੁੱਝ ਨਹੀਂ ਸੀ। ਫ਼ਰਾਂਸੀਸੀ ਇਨਕਲਾਬ ਨੇ ਇਹ ਤਰਕਸ਼ੀਲ ਸਮਾਜ ਅਤੇ ਹਕੂਮਤ ਪ੍ਰਾਪਤ ਕਰ ਲਈ। ਪਰ ਨਵਾਂ ਪ੍ਰਬੰਧ, ਜਿਹੜਾ ਪਹਿਲੀਆਂ ਦੀਆਂ ਪ੍ਰਸਥਿਤੀਆਂ ਦੇ ਮੁਕਾਬਲੇ ਉੱਤੇ ਹੀ ਤਰਕਸ਼ੀਲ ਸੀ, ਕਿਸੇ ਵੀ ਤਰ੍ਹਾਂ ਨਿਹਕੇਵਲ ਤਰਕਸ਼ੀਲ ਨਾ ਸਾਬਤ ਹੋਇਆ। ਤਰਕ ਉੱਤੇ ਆਧਾਰਤ ਰਾਜ ਢਹਿ-ਢੇਰੀ ਹੋਇਆ। ਰੂਸੋ ਦੇ ਸਮਾਜੀ ਕਰਾਰ ਦਾ ਅੰਤ ਜਬਰ ਦੀ ਹਕੂਮਤ ਵਿੱਚ ਹੋਇਆ, ਜਿਸ ਤੋਂ ਬੁਰਜੂਆਜ਼ੀ ਨੇ, ਜਿਸਦਾ ਆਪਣੀ ਰਾਜਸੀ ਸਮਤਾ ਵਿੱਚ ਭਰੋਸਾ ਖ਼ਤਮ ਹੋ ਗਿਆ ਸੀ, ਪਹਿਲਾਂ ਡਾਇਰੈਕਟਰੇਟ[41] ਦੇ ਭ੍ਰਿਸ਼ਟਾਚਾਰ ਵਿੱਚ ਅਤੇ ਅੰਤ ਨੈਪੋਲੀਅਨ ਦੀ ਨਿਹਕੇਵਲਤਾ ਵਿੱਚ ਸ਼ਰਨ ਲਈ। ਸਦੀਵੀ ਅਮਨ, ਜਿਸਦਾ ਇਕਰਾਰ ਕੀਤਾ ਗਿਆ ਸੀ, ਜਿੱਤ ਦੇ ਅਨੰਤ ਯੁੱਧਾਂ ਵਿੱਚ ਤਬਦੀਲ ਕਰ ਦਿੱਤਾ ਗਿਆ। ਤਰਕ ਉੱਤੇ ਆਧਾਰਤ ਸਮਾਜ ਦਾ ਹਸ਼ਰ ਵੀ ਕੋਈ ਚੰਗਾ ਨਹੀਂ ਸੀ ਹੋਇਆ। ਅਮੀਰਾਂ ਅਤੇ ਗ਼ਰੀਬਾਂ ਵਿਚਕਾਰ ਪਾੜ ਦਾ ਅੰਤ ਆਮ ਖ਼ੁਸ਼ਹਾਲੀ ਵਿੱਚ ਹੋਣ ਦੀ ਥਾਂ ਕਿਰਤ-ਬਰਾਦਰੀਆਂ ਦੇ ਅਤੇ ਹੋਰ ਵਿਸ਼ੇਸ਼-ਅਧਿਕਾਰਾਂ ਦੇ, ਜਿਹੜੇ ਕਿਸੇ ਹੱਦ ਤੱਕ ਇਹਨੂੰ ਪਾਟਦੇ ਸਨ, ਅੰਤ ਨਾਲ਼ ਅਤੇ ਸਥਾਪਤ ਧਾਰਮਕ ਸੰਪ੍ਰਦਾ ਦੀਆਂ ਖ਼ੈਰਾਤੀ ਸੰਸਥਾਵਾਂ ਦੇ ਅੰਤ ਨਾਲ਼ ਚੌੜੇਰਾ ਹੋ ਗਿਆ। ਸਾਮੰਤੀ ਸੰਗਲਾਂ ਤੋਂ "ਜਾਇਦਾਦ ਦੀ ਅਜ਼ਾਦੀ", ਜਿਹੜੀ ਹੁਣ ਲਗਭਗ ਪ੍ਰਾਪਤ ਕਰ ਲਈ ਗਈ ਸੀ, ਵੱਡੇ ਸਰਮਾਏਦਾਰਾਂ ਅਤੇ ਜਾਗੀਰਦਾਰਾਂ ਦੇ ਭਾਰੂ ਮੁਕਾਬਲੇ ਹੇਠ ਕੁਚਲੇ, ਛੋਟੇ ਸਰਮਾਏਦਾਰਾਂ ਅਤੇ ਛੋਟੇ ਮਾਲਕਾਂ ਲਈ ਇਹਨਾਂ ਹੀ ਵੱਡੇ ਰਾਠਾਂ ਅੱਗੇ ਆਪਣੀ ਨਿੱਕੀ ਜਾਇਦਾਦ ਵੇਚਣ ਦੀ ਅਜ਼ਾਦੀ ਨਿਕਲੀ ਅਤੇ ਇਉਂ ਜਿੱਥੋਂ ਤੱਕ ਛੋਟੇ ਸਰਮਾਏਦਾਰਾਂ ਅਤੇ

ਕਿਸਾਨ ਮਾਲਕਾਂ ਦਾ ਸਬੰਧ ਸੀ, ਇਹ "ਜਾਇਦਾਦ ਤੋਂ ਅਜ਼ਾਦੀ" ਬਣ ਗਈ। ਸਰਮਾਏਦਾਰ ਆਧਾਰ ਉੱਤੇ ਸਨਅਤ ਦੇ ਵਿਕਾਸ ਨੇ ਕਿਰਤੀ ਜਨਤਾ ਦੀ ਗ਼ਰੀਬੀ ਅਤੇ ਦੁਰਦਸ਼ਾ ਨੂੰ ਸਮਾਜ ਦੀ ਹੋਂਦ ਦੀ ਅਵਸਥਾ ਬਣਾ ਦਿੱਤਾ। ਕਾਰਲਾਇਲ ਦੇ ਵਾਕੰਸ਼ ਅਨੁਸਾਰ ਨਕਦ ਅਦਾਇਗੀ ਸਦਾ ਵਧੇਰੇ ਮਨੁੱਖ ਅਤੇ ਮਨੁੱਖ ਵਿਚਕਾਰ ਇੱਕੋ ਇੱਕ ਸਬੰਧ ਬਣਦੀ ਗਈ। ਵਰ੍ਹੇ ਦੇ ਵਰ੍ਹੇ ਜੁਰਮਾਂ ਦੀ ਗਿਣਤੀ ਵੱਧਦੀ ਗਈ। ਪਹਿਲੀਆਂ ਵਿੱਚ ਸਾਮੰਤੀ ਐਬ ਦਿਨ-ਦਿਹਾੜੇ ਛਾਤੀ ਤਾਣ ਕੇ ਚੱਲਦੇ ਸਨ; ਭਾਵੇਂ ਉਹਨਾਂ ਦਾ ਅੰਤ ਨਾ ਹੋਇਆ ਪਰ ਉਹ ਪਿਛੋਕੜ ਵਿੱਚ ਧੱਕ ਦਿੱਤੇ ਗਏ। ਉਹਨਾਂ ਦੀ ਥਾਂ ਬੁਰਜੂਆ ਐਬ ਜਿਹੜੇ ਹੁਣ ਤੱਕ ਚੋਰੀ ਚੋਰੀ ਕੀਤੇ ਜਾਂਦੇ ਸਨ, ਖੁੱਲ੍ਹਮ-ਖੁੱਲ੍ਹਾ ਪ੍ਰਫੁਲਤ ਹੋਣ ਲੱਗ ਪਏ। ਵਪਾਰ ਸਦੇ ਵਧੇਰੇ ਹੱਦ ਤੱਕ ਧੋਖੇਬਾਜ਼ੀ ਬਣ ਗਿਆ। ਇਨਕਲਾਬੀ ਲੋਕੋਕਤੀ ਦੀ "ਭਰਾਤਰੀਅਤਾ"[42] ਮੁਕਾਬਲੇ ਦੇ ਘੋਲ਼ ਵਿੱਚ ਧੋਖੇਬਾਜ਼ੀ ਅਤੇ ਵਿਰੋਧਾਂ ਵਿੱਚ ਪ੍ਰਾਪਤ ਕੀਤੀ ਗਈ। ਜਬਰ ਦੇ ਦਾਬੇ ਦੀ ਥਾਂ ਭ੍ਰਿਸ਼ਟਾਚਾਰ ਨੇ ਲੈ ਲਈ। ਪਹਿਲੀ ਸਮਾਜੀ ਅਰ ਵਜੋਂ ਤਲਵਾਰ ਦੀ ਥਾਂ ਸੋਨੇ ਨੇ ਲੈ ਲਈ। ਨਵੀਂ ਵਿਆਹੁਤਾ ਨਾਲ਼ ਪਹਿਲੀ ਰਾਤ ਬਿਤਾਉਣ ਦਾ ਹੱਕ ਸਾਮੰਤੀ ਰਾਠਾਂ ਦੀ ਥਾਂ ਬੁਰਜੂਆ ਕਾਰਖ਼ਾਨੇਦਾਰਾਂ ਨੂੰ ਪ੍ਰਾਪਤ ਹੋ ਗਿਆ। ਚਕਲੇਬਾਜ਼ੀ ਪਹਿਲਾਂ ਅਣਸੁਣੀ ਹੱਦ ਤੱਕ ਵੱਧ ਗਈ। ਵਿਆਹ ਪਹਿਲਾਂ ਵਾਂਗ ਹੀ ਰੰਡੀਬਾਜ਼ੀ ਦਾ ਕਾਨੂੰਨੀ ਤੌਰ 'ਤੇ ਪ੍ਰਵਾਨਿਆ ਰੂਪ, ਇਹਦੇ ਲਈ ਕਾਨੂੰਨੀ ਪਰਦਾ ਰਿਹਾ, ਸਗੋਂ ਇਹਦੇ ਵਿੱਚ ਵਿਭਚਾਰ ਦੀ ਭਰਪੂਰ ਫ਼ਸਲ ਦਾ ਵਾਧਾ ਕੀਤਾ ਗਿਆ।

ਦੂਜੇ ਸ਼ਬਦਾਂ ਵਿੱਚ ਦਾਰਸ਼ਨਿਕਾਂ ਦੇ ਸ਼ਾਨਦਾਰ ਇਕਰਾਰਾਂ ਦੇ ਮੁਕਬਾਲੇ ਉੱਤੇ "ਤਰਕ ਦੀ ਜਿੱਤ" ਕਾਰਨ ਜਿਹੜੀਆਂ ਸਮਾਜੀ ਅਤੇ ਰਾਜਸੀ ਸੰਸਥਾਵਾਂ ਪੈਦਾ ਹੋਈਆਂ ਉਹ ਬਹੁਤ ਬੁਰੀ ਤਰ੍ਹਾਂ ਨਿਰਾਸ ਕਰਨ ਵਾਲ਼ੇ ਸਾਂਗ ਹੀ ਸਨ। ਲੋੜ ਬਸ ਇਸ ਨਿਰਾਸਾ ਨੂੰ ਸੂਤਰ-ਬੱਧ ਕਰਨ ਲਈ ਲੋਕਾਂ ਦੀ ਸੀ ਅਤੇ ਸਦੀ ਦੇ ਅੰਤ ਦੇ ਨੇੜੇ ਉਹ ਆ ਗਏ। 1802 ਵਿੱਚ ਸੇਂਟ ਸਾਇਮਨ ਦੇ "ਜਨੇਵਾ ਤੋਂ ਲਿਖੇ ਖ਼ਤ" ਛਪੇ; 1808 ਵਿੱਚ ਫ਼ੋਰੀਅਰ ਦੀ ਪਹਿਲੀ ਕਿਰਤ ਆਈ, ਭਾਵੇਂ ਉਹਦੇ ਸਿਧਾਂਤ ਦਾ ਆਧਾਰ 1799 ਵਿੱਚ ਤਿਆਰ ਹੋ ਗਿਆ ਸੀ; ਪਹਿਲੀ ਜਨਵਰੀ 1800 ਨੂੰ ਰਾਬਰਟ ਓਵਨ ਨੇ ਨਿਊ ਲਾਨਾਰਕ[43] ਦੀ ਨਿਗਰਾਨੀ ਆਪਣੇ ਹੱਥ ਲਈ।

ਪਰ ਉਸ ਸਮੇਂ ਉਤਪਾਦਨ ਦਾ ਸਰਮਾਏਦਾਰ ਢੰਗ ਅਤੇ ਉਹਦੇ ਨਾਲ਼ ਹੀ ਨਾਲ਼ ਬੁਰਜੂਆਜ਼ੀ ਅਤੇ ਪ੍ਰੋਲੇਤਾਰੀ ਵਿਚਕਾਰ ਵਿਰੋਧ ਅਜੇ ਗ਼ੈਰ-ਮੁਕੰਮਲ ਤੌਰ 'ਤੇ ਵਿਕਸਤ ਹੋਏ ਸਨ। ਨਵੀਨ ਸਨਅਤ ਦਾ, ਜਿਹੜੀ ਇੰਗਲੈਂਡ ਵਿੱਚ ਅਜੇ ਹੋਂਦ ਵਿੱਚ ਆਈ ਹੀ ਸੀ, ਫ਼ਰਾਂਸ ਵਿੱਚ ਕੋਈ ਗਿਆਨ ਨਹੀਂ ਸੀ। ਪਰ ਨਵੀਨ ਸਨਅਤ ਇੱਕ ਹੱਥ ਉਹ ਟੱਕਰਾਂ ਪੈਦਾ ਕਰਦੀ ਹੈ ਜਿਹੜੀਆਂ ਉਤਪਾਦਨ ਦੇ ਢੰਗ ਵਿੱਚ ਇਨਕਲਾਬ ਅਤੇ ਇਹਦੇ ਸਰਮਾਏਦਾਰ ਖ਼ਾਸੇ ਦਾ ਅੰਤ ਉਕਾ ਹੀ ਜ਼ਰੂਰੀ ਬਣਾ ਦੇਂਦੀਆਂ ਹਨ—ਇਹਨੇ ਜਿਨ੍ਹਾਂ ਸ਼੍ਰੇਣੀਆਂ ਨੂੰ ਜਨਮ ਦਿੱਤਾ ਹੈ ਉਹਨਾਂ ਵਿਚਕਾਰ ਟੱਕਰਾਂ ਹੀ ਨਹੀਂ ਸਗੋਂ ਇਹਦੇ ਵੱਲੋਂ ਸਿਰਜੇ ਤਬਾਦਲੇ ਦੇ ਰੂਪਾਂ ਅਤੇ ਐਨ ਇਹਨਾਂ ਉਪਜਾਊ ਸ਼ਕਤੀਆਂ ਵਿਚਕਾਰ ਟੱਕਰਾਂ ਅਤੇ ਦੂਜੇ ਹੱਥ ਉਹ ਇਹਨਾਂ ਹੀ

ਧੜਵੈਲ ਸ਼ਕਤੀਆਂ ਵਿੱਚ ਹੀ ਇਹਨਾਂ ਟੱਕਰਾਂ ਨੂੰ ਖ਼ਤਮ ਕਰਨ ਦੇ ਸਾਧਨ ਪੈਦਾ ਕਰਦੀ ਹੈ। ਸੋ, ਇਸੇ ਲਈ, ਜੇ 1900 ਦੇ ਵਰ੍ਹੇ ਵਿੱਚ ਨਵੇਂ ਸਮਾਜੀ ਪ੍ਰਬੰਧ ਤੋਂ ਉਪਜਦੀਆਂ ਟੱਕਰਾਂ ਨੇ ਅਜੇ ਰੂਪ ਧਾਰਨਾ ਸ਼ੁਰੂ ਹੀ ਕੀਤਾ ਸੀ ਤਾਂ ਇਹ ਗੱਲ ਉਹਨਾਂ ਦਾ ਅੰਤ ਕਰਨ ਦੇ ਸਾਧਨਾਂ ਸਬੰਧੀ ਹੋਰ ਵੀ ਠੀਕ ਹੈ। ਪੈਰਿਸ ਦੀ "ਨਿਰਧਨ" ਜਨਤਾ ਜ਼ੁਲਮ ਦੀ ਹਕੂਮਤ ਦੇ ਦਿਨਾਂ ਵਿੱਚ ਇੱਕ ਛਿਣ ਲਈ ਸਰਦਾਰੀ ਪ੍ਰਾਪਤ ਕਰਨ ਯੋਗ ਹੋ ਗਈ ਸੀ ਅਤੇ ਖੁਦ ਬੁਰਜੂਆਜ਼ੀ ਦੀ ਢਿੱਲ ਮਠ **ਦੇ ਬਾਵਜੂਦ** ਬੁਰਜੂਆ ਇਨਕਲਾਬ ਨੂੰ ਜਿੱਤ ਤੱਕ ਲੈ ਜਾ ਸਕੀ ਸੀ। ਪਰ ਅਜਿਹਾ ਕਰਦੇ ਹੋਏ ਉਹਨੇ ਕੇਵਲ ਇਹ ਸਾਬਤ ਕੀਤਾ ਕਿ ਉਸ ਸਮੇਂ ਦੀਆਂ ਪ੍ਰਸਥਿਤੀਆਂ ਵਿੱਚ ਉਹਦੇ ਗਲਬੇ ਲਈ ਕਾਇਮ ਰਹਿਣਾ ਕਿੰਨਾਂ ਅਸੰਭਵ ਸੀ। ਪ੍ਰੋਲੇਤਾਰੀ, ਜਿਹੜਾ ਪਹਿਲੀ ਵਾਰ ਇਸ "ਨਿਰਧਨ" ਜਨਤਾ ਵਿੱਚੋਂ ਇੱਕ ਨਵੀਂ ਸ਼੍ਰੇਣੀ ਦੇ ਕੇਂਦਰਿਕ ਵਜੋਂ ਉਭਰਿਆ, ਜਿਹੜਾ ਅਜੇ ਸੁਤੰਤਰ ਰਾਜਸੀ ਅਮਲ ਦੇ ਨਿਰਯੋਗ ਸੀ, ਇੱਕ ਪਸਿਤੇ, ਦੁੱਖ ਸਹਿੰਦੇ ਵਰਗ ਵਜੋਂ ਸਾਹਮਣੇ ਆਇਆ, ਜਿਸਨੂੰ ਆਪਣੀ ਸਹਾਇਤਾ ਆਪ ਕਰ ਸਕਣ ਦੇ ਨਿਰਯੋਗ ਹੋਣ ਕਾਰਨ, ਵੱਧ ਤੋਂ ਵੱਧ, ਬਾਹਰੋਂ ਜਾਂ ਉੱਪਰੋਂ ਹੇਠਾਂ ਵੱਲ ਸਹਾਇਤਾ ਦਿੱਤੀ ਜਾ ਸਕਦੀ ਸੀ।

ਇਹ ਇਤਿਹਾਸਕ ਪ੍ਰਸਥਿਤੀ ਸੋਸ਼ਲਿਜ਼ਮ ਦੇ ਮੋਢੀਆਂ ਉੱਤੇ ਵੀ ਭਾਰੂ ਸੀ। ਸਰਮਾਏਦਾਰਾਨਾ ਉਤਪਾਦਨ ਦੇ ਕੱਚੇ-ਪਿੱਲੇ ਢੰਗ ਅਤੇ ਕੱਚੀਆਂ-ਪਿੱਲੀਆਂ ਸ਼੍ਰੇਣੀ ਪ੍ਰਸਥਿਤੀਆਂ ਕੱਚੇ-ਪਿੱਲੇ ਸਿਧਾਂਤਾਂ ਦੇ ਅਨੁਸਾਰੀ ਸਨ। ਯੂਟੋਪੀਆਈਆਂ ਨੇ ਉਹਨਾਂ ਸਮਾਜੀ ਮਸਲਿਆਂ ਦਾ, ਜਿਹੜੇ ਅਜੇ ਅਣ-ਵਿਕਸਤ ਆਰਥਕ ਪ੍ਰਸਥਿਤੀਆਂ ਵਿੱਚ ਲੁਕੇ ਹੋਏ ਸਨ, ਹਲ ਮਨੁੱਖੀ ਦਿਮਾਗ਼ ਵਿੱਚੋਂ ਲੱਭਣ ਦਾ ਯਤਨ ਕੀਤਾ। ਸਮਾਜ ਬੁਰਾਈਆਂ ਤੋਂ ਬਿਨਾਂ ਕੁੱਝ ਪੇਸ਼ ਨਹੀਂ ਕਰਦਾ; ਇਹਨਾਂ ਨੂੰ ਦੂਰ ਕਰਨਾ ਤਰਕ ਦਾ ਕੰਮ ਸੀ। ਸੋ ਇਸ ਲਈ ਇਹ ਜ਼ਰੂਰੀ ਸੀ ਕਿ ਸਮਾਜੀ ਪ੍ਰਬੰਧ ਦੀ ਇੱਕ ਨਵੀਂ ਅਤੇ ਵਧੇਰੇ ਨਿਪੁੰਨ ਪ੍ਰਣਾਲੀ ਲੱਭੀ ਜਾਵੇ ਅਤੇ ਬਾਹਰੋਂ ਪ੍ਰਚਾਰ ਰਾਹੀਂ ਅਤੇ ਨਮੂਨੇ ਦੇ ਤਜਰਬਿਆਂ ਦੀ ਮਿਸਾਲ ਰਾਹੀਂ ਇਹਨੂੰ ਬਾਹਰੋਂ ਸਮਾਜ ਉੱਤੇ ਲਾਗੂ ਕੀਤਾ ਜਾਵੇ। ਨਵੀਆਂ ਸਮਾਜੀ ਪ੍ਰਣਾਲੀਆਂ ਖ਼ਿਆਲੀ ਹੋਣ ਕਾਰਨ ਮੁੱਢ ਤੋਂ ਹੀ ਮੌਤ ਦੇ ਵੱਸ ਪਈਆਂ ਹੋਈਆਂ ਸਨ; ਉਹਨਾਂ ਨੂੰ ਜਿੰਨੇ ਵੱਧ ਵਿਸਥਾਰ ਨਾਲ਼ ਉਲੀਕਿਆ ਜਾਂਦਾ, ਉਨਾਂ ਵਧੇਰੇ ਉਹ ਖ਼ਿਆਲੀ ਮੂਰਤ ਬਣਨੋਂ ਨਹੀਂ ਸਨ ਰਹਿ ਸਕਦੀਆਂ।

ਜਦੋਂ ਇਹ ਤੱਥ ਇੱਕ ਵਾਰ ਸਾਬਤ ਹੋ ਜਾਂਦੇ ਹਨ ਤਾਂ ਸਾਨੂੰ ਪ੍ਰਸ਼ਨ ਦੇ ਇਸ ਪੱਖ ਸਬੰਧੀ, ਜਿਹੜਾ ਉੱਕਾ ਹੀ ਬੀਤੇ ਦਾ ਹਿੱਸਾ ਹੈ, ਇੱਕ ਛਿਣ ਵੀ ਹੋਰ ਵਿਚਾਰ ਕਰਨ ਦੀ ਲੋੜ ਨਹੀਂ। ਅਸੀਂ ਸਾਹਿਤਕ ਬੱਚ-ਕੱਚ ਨੂੰ ਬੜੀ ਗੰਭੀਰਤਾ ਨਾਲ਼ ਇਹਨਾਂ ਖ਼ਿਆਲੀ ਮੂਰਤਾਂ ਸਬੰਧੀ, ਜਿਨ੍ਹਾਂ ਨੂੰ ਵੇਖ ਕੇ ਅੱਜ ਅਸੀਂ ਕੇਵਲ ਹੱਸ ਹੀ ਸਕਦੇ ਹਾਂ, ਵਾਲ਼ ਦੀ ਖਲ ਲਾਹੁਣ, ਅਤੇ ਅਜਿਹੇ "ਪਾਗਲਪੁਣੇ" ਦੇ ਮੁਕਾਬਲੇ ਉੱਤੇ ਉਹਨਾਂ ਦੇ ਆਪਣੀਆਂ ਕੋਰੀਆਂ ਦਲੀਲਾਂ ਸਬੰਧੀ, ਡੀਂਗਾਂ ਮਾਰਨ ਲਈ ਹੀ ਛੱਡ ਸਕਦੇ ਹਾਂ। ਜਿੱਥੋਂ ਤੱਕ ਸਾਡਾ ਸਬੰਧ ਹੈ ਅਸੀਂ ਉਨ੍ਹਾਂ ਅਥਾਹ ਸ਼ਾਨਦਾਰ ਵਿਚਾਰਾਂ ਅਤੇ ਵਿਚਾਰਾਂ ਦੇ ਆਦਿ ਰੂਪ ਵਿੱਚ, ਜਿਹੜਾ ਉਹਨਾਂ ਦੇ ਅਣੋਖੇ ਕੱਜਣ ਵਿੱਚੋਂ ਬਾਹਰ ਨਿਕਲ ਆਉਂਦਾ ਹੈ ਅਤੇ ਜਿਸ ਵੱਲੋਂ ਇਹ ਅਸਭਿਅ ਅੰਨ੍ਹੇ ਹਨ, ਖੁਸ਼ੀ ਹੀ ਅਨੁਭਵ ਕਰ ਸਕਦੇ ਹਾਂ।

ਸੇਂਟ-ਸਾਈਮਨ ਮਹਾਨ ਫ਼ਰਾਂਸੀਸੀ ਇਨਕਲਾਬ ਦਾ, ਜਿਸ ਦੇ ਸਮੇਂ ਉਹ ਅਜੇ ਤੀਹਾਂ ਦਾ ਵੀ ਨਹੀਂ ਸੀ ਹੋਇਆ, ਪੁੱਤਰ ਸੀ। ਇਨਕਲਾਬ ਤੀਜੇ ਵਰਗ ਦੀ, ਅਰਥਾਤ ਕੌਮ ਦੀ ਆਮ ਜਨਤਾ ਦੀ, ਉਤਪਾਦਨ ਅਤੇ ਵਪਾਰ ਵਿੱਚ **ਕੰਮ ਕਰ ਰਹੇ** ਲੋਕਾਂ ਦੀ ਵਿਸ਼ੇਸ਼-ਅਧਿਕਾਰਾਂ ਵਾਲ਼ੀਆਂ **ਵਿਹਲੜ** ਸ਼੍ਰੇਣੀਆਂ, ਰਾਠਾਂ ਅਤੇ ਪਾਦਰੀਆਂ ਉੱਤੇ ਜਿੱਤ ਸੀ। ਪਰ ਤੀਜੇ ਵਰਗ ਦੀ ਜਿੱਤ ਛੇਤੀ ਹੀ ਕੇਵਲ ਇਸ ਵਰਗ ਦੇ ਬਹੁਤ ਛੋਟੇ ਹਿੱਸੇ ਦੀ ਹੀ ਜਿੱਤ ਸਾਬਤ ਹੋਈ, ਇਹਦੇ ਸਮਾਜੀ ਤੌਰ 'ਤੇ ਵਿਸ਼ੇਸ਼-ਅਧਿਕਾਰਾਂ ਵਾਲ਼ੇ ਹਿੱਸੇ, ਅਰਥਾਤ ਜਾਇਦਾਦ ਦੀ ਮਾਲਕ ਬੁਰਜੂਆਜ਼ੀ ਵੱਲੋਂ ਰਾਜਸੀ ਸੱਤ੍ਹਾ ਜਿੱਤ ਲੈਣਾ ਸਾਬਤ ਹੋਈ ਅਤੇ ਬੁਰਜੂਆਜ਼ੀ ਇਨਕਲਾਬ ਦੇ ਸਮੇਂ ਨਿਸ਼ਚੇ ਹੀ ਤੇਜ਼ੀ ਨਾਲ਼ ਵਿਕਸਤ ਹੋਈ ਸੀ, ਕੁੱਝ ਹੱਦ ਤੱਕ ਰਾਠਾਂ ਅਤੇ ਗਿਰਜਿਆਂ ਦੀ ਭੋਂ ਦੀ ਸੱਟੇਬਾਜ਼ੀ ਰਾਹੀਂ, ਜਿਹੜੀ ਪਹਿਲਾਂ ਜ਼ਬਤ ਕੀਤੀ ਗਈ ਅਤੇ ਫੇਰ ਵੇਚੀ ਗਈ ਤੇ ਕੁੱਝ ਹੱਦ ਤੱਕ ਫ਼ੌਜੀ ਠੇਕਿਆਂ ਵਿੱਚ ਧੋਖੇਬਾਜ਼ੀ ਰਾਹੀਂ। ਇਹ ਇਹਨਾਂ ਧੋਖੇਬਾਜ਼ਾਂ ਦਾ ਗ਼ਲਬਾ ਹੀ ਸੀ ਜਿਸਨੇ ਫ਼ਰਾਂਸ ਨੂੰ ਡਾਇਰੈਕਟਰੇਟ ਅਧੀਨ ਤਬਾਹੀ ਦੀ ਦੰਦੀ ਉੱਤੇ ਲੈ ਆਂਦਾ ਅਤੇ ਨੈਪੋਲੀਅਨ ਨੂੰ ਰਾਜ ਪਲਟੇ ਲਈ ਬਹਾਨਾ ਦਿੱਤਾ।

ਸੋ, ਸੇਂਟ-ਸਾਇਮਨ ਲਈ ਤੀਜੇ ਵਰਗ ਅਤੇ ਵਿਸ਼ੇਸ਼ ਅਧਿਕਾਰਾਂ ਵਾਲ਼ੀਆਂ ਸ਼੍ਰੇਣੀਆਂ ਵਿਚਕਾਰ ਵਿਰੋਧ ਨੇ "ਕੰਮ ਕਰਨ ਵਾਲ਼ਿਆਂ" ਅਤੇ "ਵਿਹਲੜਾਂ" ਵਿਚਕਾਰ ਵਿਰੋਧ ਦਾ ਰੂਪ ਧਾਰਨ ਕਰ ਲਿਆ। ਵਿਹਲੜ ਕੇਵਲ ਪਹਿਲੀਆਂ ਦੀਆਂ ਵਿਸ਼ੇਸ਼ ਅਧਿਕਾਰਾਂ ਵਾਲ਼ੀਆਂ ਸ਼੍ਰੇਣੀਆਂ ਹੀ ਨਹੀਂ ਸਨ ਸਗੋਂ ਉਹ ਸਭੇ ਲੋਕ ਸਨ ਜਿਹੜੇ ਉਤਪਾਦਨ ਜਾਂ ਵਸਤਾਂ ਦੇ ਵਿਤਰਣ ਵਿੱਚ ਹਿੱਸਾ ਲਏ ਬਿਨਾਂ ਆਪਣੀਆਂ ਆਮਦਨਾਂ ਸਹਾਰੇ ਜਿਉਂਦੇ ਅਤੇ "ਕੰਨ ਕਰਨ ਵਾਲ਼ੇ" ਕੇਵਲ ਉਜਰਤੀ ਕਾਮੇ ਹੀ ਨਹੀਂ ਸਨ ਸਗੋਂ ਕਾਰਖ਼ਾਨੇਦਾਰ, ਵਪਾਰੀ ਅਤੇ ਸਾਹੂਕਾਰ ਵੀ ਸਨ। ਇਹ ਗੱਲ ਸਾਬਤ ਹੋ ਗਈ ਸੀ ਅਤੇ ਇਨਕਲਾਬ ਨੇ ਇਹਨਦਾ ਅੰਤਮ ਨਿਰਣਾ ਕਰ ਦਿੱਤਾ ਸੀ ਕਿ ਵਿਹਲੜਾਂ ਦੀ ਬੌਧਕ ਅਗਵਾਈ ਅਤੇ ਰਾਜਸੀ ਪ੍ਰਮੁੱਖਤਾ ਦੀ ਯੋਗਤਾ ਖ਼ਤਮ ਹੋ ਗਈ ਸੀ। ਕਿ ਬਿਨਾ-ਜਾਇਦਾਦ ਸ਼੍ਰੇਣੀਆਂ ਵਿੱਚ ਇਹ ਯੋਗਤਾ ਨਹੀਂ ਸੀ, ਸੇਂਟ-ਸਾਇਮਨ ਨੂੰ ਜਾਪਦਾ ਸੀ ਕਿ ਇਹ ਗੱਲ ਜਬਰ ਦੀ ਹਕੂਮਤ ਸਮੇਂ ਸਿੱਧ ਹੋ ਗਈ ਸੀ। ਤਾਂ ਫੇਰ ਅਗਵਾਈ ਕੌਣ ਕਰੇ ਅਤੇ ਹੁਕਮ ਕੌਣ ਦੇਵੇ ? ਸੇਂਟ-ਸਾਇਮਨ ਅਨੁਸਾਰ ਵਿਗਿਆਨ ਅਤੇ ਸਨਅਤ, ਜਿਹੜੀਆਂ ਦੋਵੇਂ ਇੱਕ ਨਵੇਂ ਧਾਰਮਕ ਬੰਧਨ ਰਾਹੀਂ ਜੁੜੇ ਹੋਏ ਸਨ, ਅਤੇ ਜਿਨ੍ਹਾਂ ਦਾ ਇਹ ਕਰਤੱਵ ਸੀ ਕਿ ਉਹ ਧਾਰਮਕ ਵਿਚਾਰਾਂ ਦੀ ਉਸ ਏਕਤਾ ਨੂੰ ਮੁੜ ਸਥਾਪਤ ਕਰਨ ਜਿਹੜੀ ਧਾਰਮਕ ਸੁਧਾਰ ਦੇ ਸਮੇਂ ਤੋਂ ਗਵਾਚ ਗਈ ਸੀ—ਜ਼ਰੂਰ ਹੀ ਇੱਕ ਤਰ੍ਹਾਂ ਦਾ ਛਾਇਆਵਾਦੀ ਅਤੇ ਕਰੜਾਈ ਨਾਲ਼ ਦਰਜੇਬੱਧ "ਨਵਾਂ ਈਸਾਈ ਮੱਤ"। ਪਰ ਵਿਗਿਆਨ, ਅਰਥਾਤ ਆਲਮ; ਅਤੇ ਸਨਅਤ, ਅਰਥਾਤ ਸਭ ਤੋਂ ਪਹਿਲਾਂ ਕੰਮ ਕਰਨ ਵਾਲ਼ੀ ਬਰੁਜੂਆਜ਼ੀ, ਕਾਰਖ਼ਾਨੇਦਾਰ, ਵਪਾਰੀ ਅਤੇ ਸਾਹੂਕਾਰ। ਨਿਸ਼ਚੇ ਹੀ ਇਹ ਸੇਂਟ-ਸਾਇਮਨ ਦਾ ਮਨਸ਼ਾ ਸੀ ਕਿ ਇਹ ਕੰਨ ਕਰਨ ਵਾਲ਼ੀ ਬੁਰਜੂਆਜ਼ੀ ਆਪਣੇ ਆਪ ਨੂੰ ਸਰਵਜਨਕ ਅਧਿਕਾਰੀਆਂ, ਸਮਾਜੀ ਟ੍ਰਸਟੀਆਂ ਵਿੱਚ ਤਬਦੀਲ ਕਰ ਲਵੇਗੀ, ਪਰ ਜਿੱਥੋਂ ਤੱਕ ਕਿਰਤੀਆਂ ਦਾ ਸਬੰਧ ਹੈ, ਇਹਨੂੰ ਅਜੇ ਵੀ ਉੱਚਾ ਅਤੇ ਆਰਥਕ ਪੱਖੋਂ ਵਿਸ਼ੇਸ਼ ਅਧਿਕਾਰਾਂ ਵਾਲ਼ਾ ਸਥਾਨ ਪ੍ਰਾਪਤ

ਰਹੇਗਾ। ਉਧਾਰ ਅਤੇ ਕਰਜ਼ਿਆਂ ਨੂੰ ਨੇਮ-ਬੱਧ ਕਰਕੇ ਇਹ ਵਿਸ਼ੇਸ਼ ਤੌਰ 'ਤੇ ਸਾਹੂਕਾਰਾਂ ਦਾ ਕੰਮ ਸੀ ਕਿ ਉਹ ਸਾਰੇ ਸਮਾਜੀ ਉਤਪਾਦਨ ਦੀ ਅਗਵਾਈ ਕਰਨ। ਇਹ ਸੰਕਲਪ ਸਮੇਂ ਦੇ ਐਨ ਅਨੁਸਾਰੀ ਸੀ ਜਦੋਂ ਕਿ ਫ਼ਰਾਂਸ ਵਿੱਚ ਨਵੀਨ ਸਨਅਤ ਅਤੇ ਇਹਦੇ ਨਾਲ਼ ਹੀ ਨਾਲ਼ ਬੁਰਜੂਆਜ਼ੀ ਅਤੇ ਪ੍ਰੋਲੇਤਾਰੀ ਵਿਚਕਾਰ ਪਾੜ ਹੋਂਦ ਵਿੱਚ ਆ ਹੀ ਰਹੇ ਸਨ। ਪਰ ਸੇਂਟ ਸਾਇਮਨ ਜਿਸ ਗੱਲ ਉੱਤੇ ਵਿਸ਼ੇਸ਼ ਤੌਰ 'ਤੇ ਜ਼ੋਰ ਦੇਂਦਾ ਹੈ ਉਹ ਇਹ ਹੈ: ਉਹਨੂੰ ਸਭ ਤੋਂ ਪਹਿਲਾਂ ਅਤੇ ਸਭ ਤੋਂ ਵੱਧ ਜਿਸ ਗੱਲ ਵਿੱਚ ਦਿਲਚਸਪੀ ਹੈ ਉਹ "ਉਸ ਸ਼੍ਰੇਣੀ ਦੀ ਹੋਣੀ ਹੈ ਜਿਹੜੀ ਗਿਣਤੀ ਵਿੱਚ ਸਭ ਤੋਂ ਵੱਧ ਅਤੇ ਸਭ ਤੋਂ ਗ਼ਰੀਬ ਹੈ" («la classe la plus nombreuse et la plus pauvre»)

ਆਪਣੀਆਂ "ਜਨੇਵਾ ਦੀਆਂ ਚਿੱਠੀਆਂ" ਵਿੱਚ ਹੀ ਸੇਂਟ-ਸਾਇਮਨ ਇਹ ਤਜਵੀਜ਼ ਪੇਸ਼ ਕਰਦਾ ਹੈ ਕਿ **"ਸਭਨਾਂ ਮਨੁੱਖਾਂ ਲਈ ਕੰਮ ਕਰਨਾ ਲਾਜ਼ਮੀ ਹੈ"**। ਇਸੇ ਕਿਰਤ ਵਿੱਚ ਉਹ ਇਸ ਗੱਲ ਨੂੰ ਪ੍ਰਵਾਨ ਕਰਦਾ ਹੈ ਕਿ ਜਬਰ ਦੀ ਹਕੂਮਤ ਬਿਨਾ-ਜਾਇਦਾਦ ਸ਼੍ਰੇਣੀਆਂ ਦੀ ਹਕੂਮਤ ਸੀ। **"ਵੇਖਿਆ", ਉਹ ਉਹਨਾਂ ਨੂੰ ਕਹਿੰਦਾ ਹੈ, "ਜਦੋਂ ਉੱਥੇ ਤੁਹਾਡੇ ਸਾਥੀ ਪ੍ਰਬਲ ਸਨ ਤਾਂ ਫਰਾਂਸ ਵਿੱਚ ਕੀ ਵਾਪਰਿਆ; ਉਹਨਾਂ ਕਾਲ ਪਾ ਦਿੱਤਾ।"** ਪਰ 1802 ਦੇ ਵਰ੍ਹੇ ਵਿੱਚ ਫਰਾਂਸੀਸੀ ਇਨਕਲਾਬ ਨੂੰ ਇੱਕ ਸ਼੍ਰੇਣੀ ਘੋਲ਼ ਵਜੋਂ ਪਛਾਣ ਲੈਣਾ ਅਤੇ ਉਹ ਵੀ ਕੇਵਲ ਰਾਠਾਂ ਅਤੇ ਬੁਰਜੂਆਜ਼ੀ ਵਿਚਕਾਰ ਨਹੀਂ ਸਗੋਂ ਰਾਠਾਂ, ਬੁਰਜੂਆਜ਼ੀ ਅਤੇ **ਬਿਨਾਂ-ਜਾਇਦਾਦ ਲੋਕਾਂ** ਵਿਚਕਾਰ ਘੋਲ਼ ਵਜੋਂ ਪਛਾਣ ਲੈਣਾ, ਇੱਕ ਹੋਣੀਆਂ ਭਰਪੂਰ ਲੱਭਤ ਸੀ। 1816 ਵਿੱਚ ਉਹ ਕਹਿੰਦਾ ਹੈ ਕਿ ਰਾਜ-ਨੀਤੀ ਉਤਪਾਦਨ ਦਾ ਵਿਗਿਆਨ ਹੈ ਅਤੇ ਇਹ ਭਵਿਖ-ਬਾਣੀ ਕਰਦਾ ਹੈ ਕਿ ਆਰਥਕਤਾ ਰਾਜ-ਨੀਤੀ ਨੂੰ ਉੱਕਾ ਹੀ ਸਮੋ ਲਵੇਗੀ। ਇਹ ਗਿਆਨ ਕਿ ਆਰਥਕ ਪ੍ਰਸਥਿਤੀਆਂ ਰਾਜਸੀ ਸੰਸਥਾਵਾਂ ਦਾ ਅਧਾਰ ਹਨ ਇੱਥੇ ਭਰੂਣ ਰੂਪ ਵਿੱਚ ਹੀ ਪ੍ਰਗਟ ਹੁੰਦਾ ਹੈ। ਪਰ ਇਹਦੇ ਬਾਵਜੂਦ ਜਿਹੜਾ ਵਿਚਾਰ ਇੱਥੇ ਬੜੀ ਸਪੱਸ਼ਟਤਾ ਨਾਲ਼ ਪੇਸ਼ ਕੀਤਾ ਗਿਆ ਹੈ ਉਹ ਮਨੁੱਖਾਂ ਉੱਤੇ ਰਾਜਸੀ ਹਕੂਮਤ ਦੇ ਭਵਿੱਖ ਵਿੱਚ ਮਾਮਲਿਆਂ ਦੇ ਪ੍ਰਬੰਧ ਅਤੇ ਉਤਪਾਦਨ ਦੇ ਅਮਲਾਂ ਨੂੰ ਸੇਧਣ ਵਿੱਚ ਤਬਦੀਲ ਹੋਣ ਦਾ ਵਿਚਾਰ ਹੈ — ਅਰਥਾਤ "ਰਾਜ ਦੇ ਅੰਤ" ਦਾ ਵਿਚਾਰ ਹੈ ਜਿਸ ਸਬੰਧੀ ਪਿੱਛੇ ਜਿਹੇ ਏਨਾ ਰੌਲ਼ਾ ਪਾਇਆ ਗਿਆ ਹੈ।

ਜਦੋਂ 1814 ਵਿੱਚ ਇਤਿਹਾਦੀਆਂ ਦੇ ਪੈਰਿਸ ਵਿੱਚ ਦਾਖ਼ਲ ਹੋਣ ਤੋਂ ਇੱਕ-ਦਮ ਪਿੱਛੋਂ ਅਤੇ ਫੇਰ 1815 ਵਿੱਚ ਸੌ ਦਿਨਾਂ ਦੇ ਯੁੱਧ[44] ਸਮੇਂ ਉਹ ਇਹ ਐਲਾਨ ਕਰਦਾ ਹੈ ਕਿ ਫ਼ਰਾਂਸ ਦਾ ਇੰਗਲੈਂਡ ਨਾਲ਼ ਏਕਾ ਅਤੇ ਫੇਰ ਦੁਹਾਂ ਦੇਸ਼ਾਂ ਦਾ ਜਰਮਨੀ ਨਾਲ਼ ਏਕਾ ਯੂਰਪ ਦੇ ਖੁਸ਼ਹਾਲ ਵਿਕਾਸ ਅਤੇ ਅਮਨ ਦੀ ਇੱਕੋ ਇੱਕ ਜ਼ਾਮਨੀ ਹੈ ਤਾਂ ਉਹ ਆਪਣੇ ਸਮਕਾਲੀਆਂ ਉੱਤੇ ਇਹੋ ਉੱਤਮਤਾ ਪ੍ਰਗਟ ਕਰਦਾ ਹੈ। 1815 ਵਿੱਚ ਫ਼ਰਾਂਸੀਸੀਆਂ ਅੱਗੇ ਵਟਰਲੂ[45] ਦੇ ਜੇਤੂਆਂ ਨਾਲ਼ ਏਕੇ ਦਾ ਪ੍ਰਚਾਰ ਕਰਨ ਲਈ ਦਲੇਰੀ ਦੀ ਵੀ ਉਨੀ ਲੋੜ ਸੀ ਜਿੰਨੀ ਅਗਾਊਂ-ਦ੍ਰਿਸ਼ਟੀ ਦੀ।

ਜੇ ਸੇਂਟ-ਸਾਇਮਨ ਦੀਆਂ ਕਿਰਤਾਂ ਵਿੱਚ ਸਾਨੂੰ ਦ੍ਰਿਸ਼ਟੀਕੋਣ ਦੀ ਇੱਕ ਵਿਆਪਕ

ਵਿਸ਼ਾਲਤਾ ਮਿਲਦੀ ਹੈ, ਜਿਸ ਕਾਰਨ ਪਿੱਛੋਂ ਆਉਣ ਵਾਲ਼ੇ ਸਭਨਾਂ ਸੋਸ਼ਲਿਸਟਾਂ ਦੇ ਲਗਭਗ ਸਾਰੇ ਉਹ ਵਿਚਾਰ ਜਿਹੜੇ ਸਖ਼ਤੀ ਨਾਲ਼ ਆਰਥਕ ਨਹੀਂ ਸਾਨੂੰ ਉਹਨਾਂ ਵਿੱਚ ਭਰੂਣ ਰੂਪ ਵਿੱਚ ਮਿਲਦੇ ਹਨ ਤਾਂ ਫ਼ੋਰੀਅਰ ਵਿੱਚ ਸਮਾਜ ਦੀਆਂ ਵਰਤਮਾਨ ਪ੍ਰਸਥਿਤੀਆਂ ਦੀ ਇੱਕ ਸੱਚਮੁਚ ਫ਼ਰਾਂਸੀਸੀ ਅਤੇ ਬਿਲਾਸੀ ਪੜਚੋਲ ਮਿਲਦੀ ਹੈ, ਜਿਹੜੀ ਅਜਿਹਾ ਹੋਣ ਕਾਰਨ ਕਿਸੇ ਵੀ ਤਰ੍ਹਾਂ ਘੱਟ ਪੂਰੀ ਨਹੀਂ। ਫ਼ੋਰੀਅਰ ਬੁਰਜੂਆਜ਼ੀ, ਇਨਕਲਾਬ ਤੋਂ ਪਹਿਲਾਂ ਉਹਨਾਂ ਦੇ ਪ੍ਰੇਰਤ ਪੈਗੰਬਰਾਂ ਅਤੇ ਉਸ ਤੋਂ ਪਿੱਛੋਂ ਇਹਦੇ ਸੁਆਰਥੀ ਪ੍ਰਸੰਸਕਾਂ ਦੀ ਗੱਲ ਫੜ ਲੈਂਦਾ ਹੈ। ਉਹ ਬਰੁਜੂਆ ਸੰਸਾਰ ਦੀ ਪਦਾਰਥਕ ਅਤੇ ਸਦਾਰਚਾਰਕ ਦੁਰਦਸ਼ਾ ਨੂੰ ਬੜੀ ਬੇਕਿਰਕੀ ਨਾਲ਼ ਨੰਗਾ ਕਰਦਾ ਹੈ। ਉਹ ਅਜਿਹੇ ਸਮਾਜ ਸਬੰਧੀ ਜਿਸ ਵਿੱਚ ਕੇਵਲ ਤਰਕ ਦਾ ਰਾਜ ਹੋਵਗਾ, ਇੱਕ ਅਜਿਹੀ ਸੱਭਿਅਤਾ ਸਬੰਧੀ ਜਿਸ ਵਿੱਚ ਖ਼ੁਸ਼ੀ ਵਿਆਪਕ ਹੋਵੇਗੀ, ਮਨੁੱਖ ਦੀ ਅਸੀਮ ਨਿਪੁੰਨਤਾ–ਯੋਗਤਾ ਸਬੰਦੀ ਪਹਿਲੋਂ ਦਾ ਦਾਰਸ਼ਨਿਕਾਂ ਦੇ ਚਕਾ–ਚੌਂਧ ਕਰਨ ਵਾਲ਼ੇ ਇਕਰਾਰਾਂ ਅਤੇ ਆਪਣੇ ਸਮੇਂ ਦੇ ਬਰੁਜੂਆ ਵਿਚਾਰਧਾਰਕਾਂ ਦੀ ਸੁਹਾਵਣੀ ਸ਼ਬਦਾਵਲੀ ਦਾ ਟਾਕਰਾ ਕਰਦਾ ਹੈ। ਉਹ ਵਿਖਾਉਂਦਾ ਹੈ ਕਿ ਅਤਿ–ਅੰਤ ਤਰਸ–ਯੋਗ ਯਥਾਰਥ ਅਤਿ–ਅੰਤ ਬੜਬੋਲੀ ਸ਼ਬਦਾਵਲੀ ਦਾ ਅਨੁਸਾਰੀ ਹੁੰਦਾ ਹੈ ਅਤੇ ਸ਼ਬਦਾਵਲੀ ਦੀ ਇਸ ਅਸਫ਼ਲਤਾ ਉੱਤੇ ਆਪਣੇ ਕਾਟਵੇਂ ਵਿਅੰਗ ਰਾਹੀਂ ਛਾ ਜਾਂਦਾ ਹੈ।

ਫ਼ੋਰੀਅਰ ਕੇਵਲ ਇੱਕ ਪੜਚੋਲੀਆ ਹੀ ਨਹੀਂ: ਉਹਦਾ ਅਡੋਲ ਅਤੇ ਸ਼ਾਂਤ ਖ਼ਾਸਾ ਉਹਨੂੰ ਵਿਅੰਗ–ਲੇਖਕ ਬਣਾਉਂਦਾ ਹੈ ਅਤੇ ਨਿਸ਼ਚੇ ਹੀ ਉਹ ਕਿਸੇ ਵੀ ਯੁੱਗ ਦੇ ਸਭ ਤੋਂ ਮਹਾਨ ਵਿਅੰਗ–ਲੇਖਕਾਂ ਵਿੱਚੋਂ ਇੱਕ ਹੈ। ਉਹ ਇਨਕਲਾਬ ਦੇ ਅਸਫ਼ਲ ਹੋਣ ਪਿੱਛੋਂ ਫੈਲੀ ਧੋਖੇਬਾਜ਼ ਸੱਟੇਬਾਜ਼ੀ ਅਤੇ ਉਸ ਸਮੇਂ ਦੇ ਫ਼ਰਾਂਸੀਸੀ ਵਪਾਰ ਵਿੱਚ ਪ੍ਰਚਲਤ ਦੁਕਾਨਦਾਰੀ ਭਾਵਨਾ ਦੁਹਾਂ ਨੂੰ ਇੱਕੋ ਜਿਹੇ ਬਲ ਅਤੇ ਸੁਹਜ ਨਾਲ਼ ਪ੍ਰਗਟ ਕਰਦਾ ਹੈ। ਜਿਣਸਾਂ ਵਿਚਕਾਰ ਸਬੰਧਾਂ ਦੇ ਬੁਰਜੂਆ ਰੂਪ ਅਤੇ ਬੁਰਜੂਆ ਸਮਾਜ ਵਿੱਚ ਇਸਤਰੀਆਂ ਦੀ ਪ੍ਰਸਥਿਤੀਆਂ ਦੀ ਉਹਦੀ ਪੜਚੋਲ ਹੋਰ ਵੀ ਉਸਤਾਦੀ ਢੰਗ ਦੀ ਹੈ। ਉਹ ਪਹਿਲਾ ਮਨੁੱਖ ਸੀ ਜਿਸਨੇ ਇਹ ਐਲਾਨ ਕੀਤਾ ਕਿ ਕਿਸੇ ਇੱਕ ਸਮਾਜ ਵਿੱਚ ਇਸਤਰੀਆਂ ਦੀ ਮੁਕਤੀ ਦੀ ਪੱਧਰ ਮੁਕਤੀ ਦੀ ਆਮ ਪੱਧਰ ਦਾ ਸੁਭਾਵਕ ਨਾਪ ਹੈ।

ਪਰ ਸਮਾਜ ਦੇ ਇਤਿਹਾਸ ਦੇ ਆਪਣੇ ਸੰਕਲਪ ਵਿੱਚ ਫ਼ੋਰੀਅਰ ਆਪਣੀ ਅਤਿ–ਅੰਤ ਉੱਚਾਈ ’ਤੇ ਅਪੜਦਾ ਹੈ। ਉਹ ਹੁਣ ਤੱਕ ਦੇ ਸਾਰੇ ਰਾਹ ਨੂੰ ਵਿਕਾਸ ਦੇ ਚਾਰ ਪੜਾਆਂ ਵਿੱਚ ਵੰਡਦਾ ਹੈ—ਵਹਿਸ਼ਤ, ਪਿਤਰੀਵਾਦ, ਜਹਾਲਤ ਅਤੇ ਸੱਭਿਅਤਾ। ਇਹ ਅੰਤਲਾ ਅੱਜ ਦੇ ਅਖੌਤੀ ਸ਼ਹਿਰੀ ਜਾਂ ਬੁਰਜੂਆ ਸਮਾਜ ਨਾਲ਼— ਅਰਥਾਤ ਉਸ ਸਮਾਜੀ ਪ੍ਰਬੰਧ ਨਾਲ਼ ਜਿਹੜਾ ਸੋਲਹਵੀਂ ਸਦੀ ਵਿੱਚ ਹੋਂਦ ਵਿੱਚ ਆਇਆ, ਸਗਵਾਂ ਹੈ। ਉਹ ਇਹ ਸਾਬਤ ਕਰਦਾ ਹੈ ਕਿ “**ਜਾਹਲ ਸਮੇਂ ਵਿੱਚ ਜਿਹੜੇ ਐਬ ਸਾਦੇ ਰੂਪ ਵਿੱਚ ਪ੍ਰਚੱਲਤ ਸਨ, ਸਭਿਅ ਪੜਾਅ ਉਹਨਾਂ ਨੂੰ ਜੀਵਨ ਦੇ ਇੱਕ ਰੂਪ ਵਿੱਚ ਤਬਦੀਲ ਕਰ ਦੇਂਦਾ ਹੈ, ਜਿਹੜਾ ਗੁੰਝਲਦਾਰ, ਅਸਪੱਸ਼ਟ, ਸ਼ੱਕੀ ਅਤੇ ਦੰਭੀ ਹੈ**”— ਕਿ ਸੱਭਿਅਤਾ ਇੱਕ “ਵਿਹੁ–ਚੱਕਰ” ਵਿੱਚ ਚੱਕਰ ਕੱਟਦੀ ਹੈ, ਅਜਿਹੇ ਵਿਰੋਧਾਂ ਵਿੱਚ ਰਹਿੰਦੀ ਹੈ, ਜਿਨ੍ਹਾਂ ਨੂੰ ਇਹ ਹਲ ਕਰਨੋਂ ਨਿਰਯੋਗ ਹੁੰਦੇ ਹੋਏ ਮੁੜ ਮੁੜ

ਪੈਦਾ ਕਰਦੀ ਹੈ; ਸੋ, ਇਹ ਉਸ ਕੁੱਝ ਦੇ ਐਨ ਉਲਟ ਉੱਤੇ ਅਪੜਦੀ ਹੈ ਜੋ ਇਹ ਪ੍ਰਾਪਤ ਕਰਨਾ ਚਾਹੁੰਦੀ ਹੈ ਜਾਂ ਪ੍ਰਾਪਤ ਕਰਨ ਦਾ ਪਾਖੰਡ ਕਰਦੀ ਹੈ, ਤਾਂ ਜੁ, ਮਿਸਾਲ ਵਜੋਂ, "ਸੱਭਿਅਤਾ ਅਧੀਨ **ਗ਼ਰੀਬੀ ਖੁਦ ਪਰਾ-ਬਹੁਲਤਾ ਵਿੱਚੋਂ ਪੈਦਾ ਹੁੰਦਾ ਹੈ।**

ਜਿਹਾ ਕਿ ਅਸੀਂ ਵੇਖਦੇ ਹਾਂ, ਆਪਣੇ ਸਮਕਾਲੀ ਹੀਗਲ ਵਾਂਗ ਹੀ ਫ਼ੋਰੀਅਰ ਦਵੰਦਵਾਦੀ ਵਿਧੀ ਨੂੰ ਉਸਤਾਦੀ ਢੰਗ ਨਾਲ਼ ਵਰਤਦਾ ਹੈ। ਇਸ ਦਵੰਦਵਾਦ ਨੂੰ ਵਰਤ ਕੇ ਉਹ ਅਸੀਮ ਮਨੁੱਖੀ ਨਿਪੁੰਨਤਾ-ਯੋਗਤਾ ਵਿਰੁੱਧ ਦਲੀਲ ਦੇਂਦਾ ਹੈ, ਕਿ ਹਰ ਇਤਿਹਾਸਕ ਦੌਰ ਦੀ ਉਠਾਣ ਦਾ ਸਮਾਂ ਵੀ ਹੁੰਦਾ ਹੈ ਅਤੇ ਗਿਰਾਵਟ ਦਾ ਵੀ ਅਤੇ ਉਹ ਆਪਣੇ ਇਸ ਵਿਚਾਰ ਨੂੰ ਸਮੁੱਚੀ, ਮਨੁੱਖੀ ਨਸਲ ਦੇ ਭਵਿੱਖ ਉੱਤੇ ਲਾਗੂ ਕਰਦਾ ਹੈ। ਜਿਵੇਂ ਕਾਂਟ ਨੇ ਪ੍ਰਕਿਰਤਕ ਵਿਗਿਆਨ ਵਿੱਚ ਅੰਤ ਧਰਤੀ ਦੇ ਤਬਾਹ ਹੋ ਜਾਣ ਦਾ ਵਿਚਾਰ ਪੇਸ਼ ਕੀਤਾ ਉਸੇ ਤਰ੍ਹਾਂ ਫ਼ੋਰੀਅਰ ਨੇ ਇਤਿਹਾਸ ਦੇ ਵਿਗਿਆਨ ਵਿੱਚ ਮਨੁੱਖੀ ਨਸਲ ਦੇ ਅੰਤ ਖ਼ਤਮ ਹੋ ਜਾਣ ਦਾ ਵਿਚਾਰ ਦਾਖ਼ਲ ਕੀਤਾ।

ਜਿੱਥੇ ਫ਼ਰਾਂਸ ਵਿੱਚ ਇਨਕਲਾਬ ਦੀ ਹਨ੍ਹੇਰੀ ਦੇਸ਼ ਉੱਪਰ ਛਾ ਗਈ ਉੱਥੇ ਇੰਗਲੈਂਡ ਵਿੱਚ ਇੱਕ ਵਧੇਰੇ ਸ਼ਾਂਤ ਇਨਕਲਾਬ ਹੋ ਰਿਹਾ ਸੀ ਜਿਹੜਾ ਸ਼ਾਂਤ ਹੋਣ ਕਾਰਨ ਕਿਸੇ ਵੀ ਤਰ੍ਹਾਂ ਘੱਟ ਪ੍ਰਬਲ ਨਹੀਂ ਸੀ। ਭਾਫ਼ ਅਤੇ ਨਵੀਆਂ ਮਸ਼ੀਨਾਂ ਕਾਰਖ਼ਾਨੇਦਾਰੀ ਨੂੰ ਨਵੀਨ ਸਨਅਤ ਵਿੱਚ ਤਬਦੀਲ ਕਰ ਰਹੇ ਸਨ ਅਤੇ ਇਉਂ ਬੁਰਜੂਆ ਸਮਾਜ ਦੇ ਸਮੁੱਚੇ ਅਧਾਰ ਵਿੱਚ ਇਨਕਲਾਬ ਲਿਆ ਰਹੇ ਸਨ। ਕਾਰਖ਼ਾਨੇਦਾਰੀ ਦੇ ਸਮੇਂ ਦਾ ਅੱਗੇ ਵੱਲ ਢਿੱਲੜ ਵਾਧਾ ਉਤਪਾਦਨ ਦੇ ਸਮੇਂ ਦੇ ਝੱਖੜ ਅਤੇ ਖਿਚਾਅ ਵਿੱਚ ਤਬਦੀਲ ਹੋ ਗਿਆ ਸੀ। ਸਮਾਜ ਦੀ ਵੱਡੇ ਸਰਮਾਏਦਾਰਾਂ ਅਤੇ ਬਿਨਾ-ਜਾਇਦਾਦ ਪ੍ਰੋਲੇਤਾਰੀਆਂ ਵਿੱਚ ਵੰਡ ਸਦਾ ਵਧੇਰੇ ਵੱਧਦੀ ਤੇਜ਼ੀ ਨਾਲ਼ ਚੱਲਦੀ ਰਹੀ। ਉਹਨਾਂ ਦੁਹਾਂ ਦੇ ਵਿਚਕਾਰ ਪਹਿਲੀਆਂ ਦੀ ਸਥਿਰ ਮੱਧ-ਸ਼੍ਰੇਣੀ ਦੀ ਥਾਂ ਵਸੋਂ ਦਾ ਸਭ ਤੋਂ ਵਧੇਰੇ ਅਸਥਿਰ ਹਿੱਸਾ, ਦਸਤਕਾਰਾਂ ਅਤੇ ਨਿੱਕੇ ਦੁਕਾਨਦਾਰਾਂ ਦਾ ਇੱਕ ਅਸਥਿਰ ਸਮੂਹ ਹੁਣ ਇੱਕ ਅਨਿਸ਼ਚਿਤ ਹੋਂਦ ਬਿਤਾ ਰਿਹਾ ਸੀ। ਉਤਪਾਦਨ ਦਾ ਨਵਾਂ ਢੰਗ ਅਜੇ ਆਪਣੇ ਚੜ੍ਹਾ ਦੇ ਸਮੇਂ ਦੇ ਮੁੱਢ ਵਿੱਚ ਹੀ ਸੀ; ਅਜੇ ਉਹ ਉਤਪਾਦਨ ਦਾ ਸਾਧਾਰਨ, ਨੇਮ-ਬੱਧ ਢੰਗ ਸੀ—ਇੱਕੋ ਇੱਕ ਢੰਗ ਜਿਹੜਾ ਵਿਦਮਾਨ ਪ੍ਰਸਥਿਤੀਆਂ ਵਿੱਚ ਸੰਭਵ ਸੀ। ਪਰ ਇਹਦੇ ਬਾਵਜੂਦ ਇਹ ਉਸ ਸਮੇਂ ਵੀ ਡਾਢੇ ਸਮਾਜੀ ਭੈੜ ਪੈਦਾ ਕਰ ਰਿਹਾ ਸੀ— ਬੇਘਰ ਵਸੋਂ ਨੂੰ ਵੱਡੇ ਸ਼ਹਿਰਾਂ ਦੇ ਸਭ ਤੋਂ ਭੈੜੇ ਹਿੱਸਿਆਂ ਵਿੱਚ ਡੱਕਣਾ; ਪਿਤਰੀ ਅਧੀਨਗੀ, ਪਰਿਵਾਰਕ ਸਬੰਧਾਂ, ਰਵਾਇਤੀ ਸਦਾਚਾਰਕ ਬੰਧਨਾਂ ਦਾ ਕਮਜ਼ੋਰ ਹੋਣ ਭਿਆਨਕ ਹੱਦ ਤੱਕ ਵਿਤੋਂ ਵੱਧ ਕੰਮ ਲਿਆ ਜਾਣਾ, ਵਿਸ਼ੇਸ਼ ਤੌਰ 'ਤੇ ਇਸਤਰੀਆਂ ਅਤੇ ਬੱਚਿਆਂ ਤੋਂ; ਪਿੰਡਾਂ ਤੋਂ ਸ਼ਹਿਰਾਂ ਦੀਆਂ, ਖੇਤੀ ਤੋਂ ਨਵੀਨ ਸਨਅਤ ਦੀਆਂ, ਹੋਂਦ ਦੀਆਂ ਸਥਿਰ ਹਾਲਤਾਂ ਤੋਂ ਨਿਤ ਬਦਲਦੀਆਂ ਅਸਥਿਰ ਹਾਲਤਾਂ ਵਿੱਚ, ਅਚਾਨਕ ਨਵੀਆਂ ਪ੍ਰਸਥਿਤੀਆਂ ਵਿੱਚ ਆ ਪਈ ਕਿਰਤੀ ਸ਼੍ਰੇਣੀ ਦਾ ਇੱਕ ਦਮ ਢਹਿੰਦੀ ਕਲਾ ਵਿੱਚ ਜਾ ਪੈਣਾ। ਇਸ ਅਵਸਰ 'ਤੇ 29 ਵਰ੍ਹਿਆਂ ਦਾ ਇੱਕ ਕਾਰਖ਼ਾਨੇਦਾਰ ਸੁਧਾਰਕ ਵਜੋਂ ਸਾਹਮਣੇ ਆਇਆ—ਇੱਕ ਅਜਿਹਾ ਬੰਦਾ ਜਿਸ ਵਿੱਚ ਆਚਰਣ ਦੀ ਉੱਚ, ਬੱਚਿਆਂ ਜਿਹੀ ਸਾਦਗੀ ਸੀ ਅਤੇ ਜਿਹੜਾ ਇਹਦੇ ਨਾਲ਼ ਹੀ ਨਾਲ਼

ਜਨਮ ਤੋਂ ਮਨੁੱਖਾਂ ਦੇ ਆਗੂ ਦੀਆਂ ਸਿਫ਼ਤਾਂ ਰੱਖਣ ਵਾਲ਼ੇ ਥੋੜ੍ਹੇ ਜਿਹੇ ਲੋਕਾਂ ਵਿੱਚੋਂ ਇੱਕ ਸੀ। ਰਾਬਰਟ ਓਵਨ ਨੇ ਪਦਾਰਥਵਾਦੀ ਦਾਰਸ਼ਨਿਕਾਂ ਦੀ ਸਿੱਖਿਆ ਆਪਣਾ ਲਈ ਸੀਃ ਕਿ ਮਨੁੱਖ ਦਾ ਆਚਰਣ, ਇੱਕ ਹੱਥ, ਉਹਦੀ ਪਿਤਰਤਾਈ ਉੱਤੇ ਅਤੇ, ਦੂਜੇ ਹੱਥ, ਉਹਦੇ ਜੀਵਨ ਦੇ ਕਾਲ ਵਿੱਚ, ਵਿਸ਼ੇਸ਼ ਤੌਰ ਉੱਤੇ ਮਨੁੱਖ ਦੇ ਵਿਕਾਸ ਦੇ ਸਮੇਂ ਵਿੱਚ, ਉਹਦੇ ਆਲ਼ੇ-ਦਵਾਲ਼ੇ ਉੱਤੇ ਨਿਰਭਰ ਹੈ। ਉਹਦੀ ਸ਼੍ਰੇਣੀ ਦੇ ਵਡੇਰੇ ਹਿੱਸੇ ਨੇ ਸਨਅਤੀ ਇਨਕਲਾਬ ਵਿੱਚ ਉੱਥਲ-ਪੁੱਥਲ ਅਤੇ ਗੜ-ਬੜ ਅਤੇ ਇਸ ਗੜ-ਬੜ ਦਾ ਲਾਭ ਉਠਾਉਣ ਅਤੇ ਕਾਹਲੀ ਕਾਹਲੀ ਅਮੀਰ ਬਣਨ ਦਾ ਅਵਸਰ ਹੀ ਵੇਖਿਆ। ਉਹਨੂੰ ਆਪਣਾ ਮਨ-ਪਸੰਦ ਸਿਧਾਂਤ ਅਮਲ ਵਿੱਚ ਲਿਆਉਣ ਅਤੇ ਇਉਂ ਉੱਥਲ-ਪੱਥਲ ਵਿੱਚੋਂ ਇੱਕ ਤਰਤੀਬ ਪੈਦਾ ਕਰਨ ਦਾ ਅਵਸਰ ਦਿੱਸਿਆ। ਉਹਨੇ ਮਾਨਚੈਸਟਰ ਦੇ ਇੱਕ ਕਾਰਖ਼ਾਨੇ ਵਿੱਚ 500 ਤੋਂ ਵੱਧ ਲੋਕਾਂ ਦੇ ਸੁਪਰਟੈਂਡੰਟ ਵਜੋਂ ਇਹਦੀ ਸਫਲਤਾ ਨਾਲ਼ ਪਰਖ ਕੀਤੀ ਸੀ। 1800 ਤੋਂ 1829 ਤੱਕ ਉਹਨੇ ਪ੍ਰਬੰਧਕ ਹਿੱਸੇਦਾਰ ਵਜੋਂ ਨਿਊ ਲਾਨਾਰਕ ਵਿਖੇ ਕੱਪੜੇ ਦੀ ਵੱਡੀ ਮਿਲ ਦੇ ਕੰਮ ਦੀ ਇਨ੍ਹਾਂ ਹੀ ਲੀਹਾਂ ਉੱਤੇ ਪਰ ਅਮਲ ਦੀ ਵਧੇਰੇ ਅਜ਼ਾਦੀ ਨਾਲ਼ ਅਤੇ ਇੱਕ ਅਜਿਹੀ ਸਫ਼ਲਤਾ ਨਾਲ਼ ਅਗਵਾਈ ਕੀਤੀ ਜਿਸਨੇ ਉਹਨੂੰ ਸਾਰੇ ਯੂਰਪ ਵਿੱਚ ਪ੍ਰਸਿੱਧ ਕਰ ਦਿੱਤਾ। ਇੱਕ ਅਜਿਹੀ ਵਸੋਂ ਨੂੰ, ਜਿਹੜੀ ਮੁੱਢ ਵਿੱਚ ਅਤਿ-ਅੰਤ ਭਿੰਨ, ਅਤੇ ਵਧੇਰੇ ਕਰਕੇ ਬਹੁਤ ਨਿਰਾਸ਼ ਹੋਏ ਅੰਸ਼ਾਂ ਉੱਤੇ ਆਧਾਰਤ ਸੀ, ਇੱਕ ਅਜਿਹੀ ਵਸੋਂ ਨੂੰ ਜਿਹੜੀ ਹੌਲ਼ੀ ਹੌਲ਼ੀ ਵੱਧ ਕੇ 2, 500 ਬਣ ਗਈ, ਉਹਨੇ ਇੱਕ ਅਜਿਹੀ ਨਮੂਨੇ ਦੀ ਬਸਤੀ ਵਿੱਚ ਤਬਦੀਲ ਕਰ ਦਿੱਤਾ ਜਿਸ ਵਿੱਚ ਮਦਮਸਤੀ, ਪੁਲੀਸ, ਮਜਿਸਟਰੇਟਾਂ, ਮੁਕੱਦਮਿਆਂ, ਗ਼ਰੀਬਾਂ ਸਬੰਧੀ ਕਾਨੂੰਨਾਂ, ਦਾਨ, ਦਾ ਨਾਂ ਤੱਕ ਨਹੀਂ ਸੀ। ਇਹ ਸਭ ਕੁੱਝ ਲੋਕਾਂ ਨੂੰ ਮਨੁੱਖਾਂ ਦੇ ਯੋਗ ਪ੍ਰਸਥਿਤੀਆਂ ਵਿੱਚ ਰੱਖ ਕੇ ਅਤੇ ਵਿਸ਼ੇਸ਼ ਤੌਰ ’ਤੇ ਉੱਭਰ ਰਹੀ ਪੀੜ੍ਹੀ ਦੀ ਧਿਆਨ ਨਾਲ਼ ਪਾਲਣਾ ਕਰਕੇ ਕੀਤਾ ਗਿਆ। ਉਹ ਨਿੱਕੇ ਬੱਚਿਆਂ ਲਈ ਸਕੂਲਾਂ ਦਾ ਮੋਢੀ ਸੀ ਅਤੇ ਉਹਨੇ ਨਿਊ ਲਾਨਾਰਕ ਵਿਖੇ ਪਹਿਲਾ ਸਕੂਲ ਸਥਾਪਤ ਕੀਤਾ। ਦੋ ਵਰ੍ਹੇ ਦੀ ਉਮਰੇ ਬੱਚੇ ਸਕੂਲੇ ਆਉਂਦੇ ਜਿੱਥੇ ਉਹ ਏਨੀਆਂ ਮੌਜਾਂ ਕਰਦੇ ਕਿ ਉਹਨਾਂ ਨੂੰ ਦੁਬਾਰਾ ਘਰ ਲਿਜਾਣਾ ਬਹੁਤ ਔਖਾ ਹੋ ਜਾਂਦਾ। ਜਿੱਥੇ ਉਹਦੇ ਮੁਕਾਬਲੇ ਦੇ ਕਾਰਖ਼ਾਨੇਦਾਰ ਆਪਣੇ ਲੋਕਾਂ ਤੋਂ ਤੇਰਾਂ ਅਤੇ ਚੌਦਾਂ ਘੰਟੇ ਕੰਮ ਲੈਂਦੇ ਉੱਥੇ ਨਿਊ ਲਾਨਾਰਕ ਵਿਖੇ ਕੰਮ-ਦਿਹਾੜੀ ਕੇਵਲ ਸਾਢੇ ਦਸ ਘੰਟੇ ਦੀ ਸੀ। ਜਦੋਂ ਕਪਾਹ ਦੇ ਸੰਕਟ ਨੇ ਚਾਰ ਮਹੀਨੇ ਕੰਮ ਬੰਦ ਕਰਵਾ ਦਿੱਤਾ ਤਾਂ ਉਹਦੇ ਕਾਮਿਆਂ ਨੂੰ ਸਾਰਾ ਸਮਾਂ ਪੂਰੀ ਉਜਰਤ ਮਿਲੀ ਅਤੇ ਇਸ ਸਭ ਕੁੱਝ ਦੇ ਬਾਵਜੂਦ ਵਪਾਰ ਦਾ ਮੁੱਲ ਦੂਣਾ ਹੋ ਗਿਆ ਅਤੇ ਇਹਨੇ ਅਖ਼ੀਰ ਤੱਕ ਆਪਣੇ ਮਾਲਕਾਂ ਨੂੰ ਵੱਡੇ ਨਫ਼ੇ ਦਿੱਤੇ।

ਪਰ ਇਹਦੇ ਬਾਵਜੂਦ ਓਵਨ ਸੰਤੁਸ਼ਟ ਨਹੀਂ ਸੀ। ਉਹਨੇ ਆਪਣੇ ਕਾਮਿਆਂ ਲਈ ਜਿਹੜੀ ਹੋਂਦ ਪ੍ਰਾਪਤ ਕੀਤੀ ਸੀ ਉਹ ਉਹਦੀਆਂ ਅੱਖਾਂ ਵਿੱਚ ਅਜੇ ਵੀ ਮਨੁੱਖਾਂ ਦੀ ਹੋਂਦ ਦੇ ਯੋਗ ਹੋਣੋਂ ਬਹੁਤ ਦੂਰ ਸੀ। **“ਲੋਕ ਮੇਰੇ ਰਹਿਮ ਦੇ ਗ਼ੁਲਾਮ ਸਨ”** ਉਹਨੇ ਉਹਨਾਂ ਨੂੰ ਜਿਨ੍ਹਾਂ ਨਿਸਬਤਨ ਸੁਖਾਵੀਆਂ ਪ੍ਰਸਥਿਤੀਆਂ ਵਿੱਚ ਰੱਖਿਆ ਸੀ ਉਹ ਅਜੇ ਉਹਨਾਂ ਪ੍ਰਸਥਿਤੀਆਂ ਤੋਂ ਬਹੁਤ ਦੂਰ ਸਨ ਜਿਨ੍ਹਾਂ ਵਿੱਚ ਲੋਕ ਸਭਨਾਂ ਦਿਸ਼ਾਵਾਂ ਵਿੱਚ ਆਚਰਣ ਅਤੇ ਅਕਲ ਦਾ ਤਰਕ

ਅਨੁਸਾਰ ਵਿਕਾਸ ਕਰ ਸਕਦੇ ਸਨ, ਇਹਨਾਂ ਯੋਗਤਾਵਾਂ ਦੇ ਵਰਤਣ ਦੀ ਤਾਂ ਗੱਲ ਹੀ ਨਹੀਂ ਸੀ "**ਅਤੇ ਇਹਦੇ ਬਾਵਜੂਦ 2,500 ਲੋਕਾਂ ਵਿੱਚੋਂ ਕੰਮ ਕਰਨ ਵਾਲ਼ਾ ਹਿੱਸਾ ਰੋਜ਼ ਸਮਾਜ ਲਈ ਉਨੀ ਅਸਲੀ ਦੌਲਤ ਪੈਦਾ ਕਰ ਰਿਹਾ ਸੀ, ਜਿੰਨੀ ਪੈਦਾ ਕਰਨ ਲਈ ਅੱਧੀ ਸਦੀ ਤੋਂ ਘੱਟ ਸਮਾਂ ਪਹਿਲਾਂ 6,00,000 ਲੋਕਾਂ ਦੀ ਲੋੜ ਹੁੰਦੀ। ਮੈਂ ਆਪਣੇ ਆਪ ਤੋਂ ਪੁੱਛਿਆ ਕਿ 2,500 ਲੋਕ ਜਿਹੜੀ ਦੌਲਤ ਦੀ ਖਪਤ ਕਰਦੇ ਸਨ ਅਤੇ 6,00,000 ਲੋਕ ਜਿੰਨੀ ਦੌਲਤ ਦੀ ਖਪਤ ਕਰਦੇ, ਉਹਨਾਂ ਵਿੱਚ ਜਿਹੜਾ ਫ਼ਰਕ ਸੀ, ਉਹ ਕਿੱਥੇ ਜਾ ਰਿਹਾ ਸੀ?**"

ਜਵਾਬ ਸਾਫ਼ ਸੀ। ਇਹ 3,00,000 ਪੌਂਡ ਦੇ ਖ਼ਾਲਸ ਨਫ਼ੇ ਤੋਂ ਬਿਨਾਂ ਸੰਸਥਾ ਦੇ ਮਾਲਕਾਂ ਵੱਲੋਂ ਲਾਈ ਪੂੰਜੀ ਉੱਤੇ ਉਹਨਾਂ ਨੂੰ ਪੰਜ ਫ਼ੀ ਸਦੀ ਦੇਣ ਲਈ ਵਰਤਿਆ ਗਿਆ। "**ਜੇ ਮਸ਼ੀਨਾਂ ਨੇ, ਜਿਹੜੀਆਂ ਅਜੇ ਗੈਰ-ਨਿਪੁੰਨ ਢੰਗ ਨਾਲ਼ ਵਰਤੀਆਂ ਜਾਂਦੀਆਂ ਸਨ, ਇਹ ਨਵੀਂ ਦੌਲਤ ਪੈਦਾ ਨਾ ਕੀਤੀ ਹੁੰਦੀ ਤਾਂ ਨੈਪੋਲੀਅਨ ਦੇ ਵਿਰੋਧ ਵਿੱਚ ਯੂਰਪੀ ਯੁੱਧਾਂ ਦਾ ਅਤੇ ਸਮਾਜ ਦੇ ਅਮੀਰਸ਼ਾਹੀ ਅਸੂਲਾਂ ਨੂੰ ਕਾਇਮ ਰੱਖਣ ਦਾ ਖ਼ਰਚਾ ਪੂਰਾ ਨਾ ਕੀਤਾ ਜਾ ਸਕਦਾ ਅਤੇ ਇਹਦੇ ਬਾਵਜੂਦ ਇਹ ਨਵੀਂ ਸ਼ਕਤੀ ਕਿਰਤੀ ਸ਼੍ਰੇਣੀ ਨੇ ਪੈਦਾ ਕੀਤੀ ਹੈ।**"*

ਇਸੇ ਲਈ ਉਹ ਇਹਦੇ ਫਲ ਦੇ ਮਾਲਕ ਹਨ। ਨਵੀਆਂ ਸਿਰਜੀਆਂ ਧੜਵੈਲ ਉਤਪਾਦਕ ਸ਼ਕਤੀਆਂ ਨੇ, ਜਿਹੜੀਆਂ ਹੁਣ ਤੱਕ ਇਕੱਲੇ ਵਿਅਕਤੀਆਂ ਨੂੰ ਅਮੀਰ ਬਣਾਉਣ ਅਤੇ ਜਨਤਾ ਨੂੰ ਗ਼ੁਲਾਮ ਬਣਾਉਣ ਲਈ ਵਰਤੀਆਂ ਜਾਂਦੀਆਂ ਸਨ; ਓਵਨ ਨੂੰ ਸਮਾਜ ਦੀ ਨਵੇਂ ਸਿਰਿਉਂ ਉਸਾਰੀ ਦਾ ਅਧਾਰ ਦਿੱਤਾ; ਸਾਂਝੀ ਜਾਇਦਾਦ ਵਜੋਂ ਸਭਨਾਂ ਦੇ ਸਾਂਝੇ ਭਲੇ ਲਈ ਵਰਤਿਆ ਜਾਣਾ ਉਹਨਾਂ ਦੀ ਹੋਣੀ ਸੀ।

ਓਵਨ ਦਾ ਕਮਿਊਨਿਜ਼ਮ ਇਸ ਖ਼ਾਲਸ ਵਪਾਰਕ ਬੁਨਿਆਦ ਉੱਤੇ ਆਧਾਰਤ ਸੀ, ਇਹ ਕਿਹਾ ਜਾ ਸਕਦਾ ਹੈ ਕਿ ਵਪਾਰਕ ਹਿਸਾਬ ਕਿਤਾਬ ਦਾ ਸਿੱਟਾ ਸੀ। ਸਾਰਾ ਸਮਾਂ ਇਹਨੇ ਆਪਣਾ ਅਮਲੀ ਖ਼ਾਸਾ ਕਾਇਮ ਰੱਖਿਆ। ਸੋ 1823 ਵਿੱਚ ਓਵਨ ਨੇ ਆਇਰਲੈਂਡ ਵਿੱਚ ਮੁਸੀਬਤ ਦਾ ਹੱਲ ਕਮਿਊਨਿਸਟ ਬਸਤੀਆਂ ਦੇ ਆਧਾਰ ਉੱਤੇ ਤਜਵੀਜ਼ ਕੀਤਾ ਅਤੇ ਉਹਨਾਂ ਨੂੰ ਸਥਾਪਤ ਕਰਨ, ਸਾਲਾਨਾ ਖ਼ਰਚ ਅਤੇ ਸੰਭਵ ਆਮਦਨ ਦੇ ਪੂਰੇ ਅਨੁਮਾਨ ਤਿਆਰ ਕੀਤੇ ਅਤੇ ਭਵਿੱਖ ਲਈ ਉਹਦੀ ਨਿਸ਼ਚਿਤ ਪਲਾਨ ਵਿੱਚ ਵਿਸਥਾਰਾਂ ਦੀ ਟੈਕਨੀਕਲ ਤਿਆਰੀ ਏਨੇ ਅਮਲੀ ਗਿਆਨ ਨਾਲ਼ ਤਿਆਰ ਕੀਤੀ ਗਈ ਹੈ—ਇਸ ਵਿੱਚ ਨਕਸ਼ਾ, ਸਾਹਮਣੇ ਦਾ, ਪਾਸੇ ਤੋਂ ਅਤੇ ਉੱਚੀ ਥਾਓਂ ਵੇਖਿਆ ਦ੍ਰਿਸ਼ ਸਭ ਸ਼ਾਮਲ ਹਨ— ਕਿ ਜਦੋਂ ਇੱਕ ਵਾਰ ਓਨਵ ਦੇ ਸਮਾਜੀ ਸੁਧਾਰ ਦੇ ਤਰੀਕੇ ਕਬੂਲ ਕਰ ਲਏ ਜਾਨ ਤਾਂ ਅਮਲੀ— ਦ੍ਰਿਸ਼ਟੀਕੋਣ ਤੋਂ ਵਿਸਥਾਰਾਂ ਦੇ ਯਥਾਰਥਕ ਪ੍ਰਬੰਧ ਵਿਰੁੱਧ ਕੁੱਝ ਵੀ ਨਹੀਂ ਕਿਹਾ ਜਾ ਸਕਦਾ।

ਕਮਿਊਨਿਜ਼ਮ ਵੱਲ ਉਹਦਾ ਵਾਧਾ ਓਵਨ ਦੇ ਜੀਵਨ ਦਾ ਮੋੜ ਸੀ। ਜਿੰਨਾਂ ਚਿਰ

---

* "ਯੂਰਪ ਦੇ" ਸਭਨਾਂ "ਲਾਲ ਜਮਹੂਰੀਅਤ-ਪਸੰਦਾਂ, ਕਮਿਊਨਿਸਟਾਂ ਅਤੇ ਸੋਸ਼ਲਿਸਟਾਂ" ਨੂੰ ਸਬੰਧਤ ਯਾਦ-ਪੱਤਰ "ਮਨ ਅਤੇ ਅਮਲ ਵਿੱਚ ਇਨਕਲਾਬ" ਵਿੱਚੋਂ, ਪੰਨਾ 21, ਜਿਹੜਾ ਫ਼ਰਾਂਸ ਦੀ ਆਰਜ਼ੀ ਹਕੂਮਤ ਨੂੰ ਭੇਜਿਆ ਗਿਆ, 1848 ਅਤੇ "ਮਲਕਾ ਵਿਕਟੋਰੀਆ ਅਤੇ ਉਹਦੇ ਜ਼ਿੰਮੇਵਾਰ ਸਲਾਹਕਾਰਾਂ" ਨੂੰ ਵੀ ਭੇਜਿਆ ਗਿਆ। (**ਏਂਗਲਜ਼ ਵੱਲੋਂ ਟੂਕ।**)

ਉਹ ਕੇਵਲ ਇੱਕ ਦਾਨੀ ਸੀ ਉਹਨੂੰ ਦੌਲਤ, ਸ਼ਲਾਘਾ, ਮਾਣ ਅਤੇ ਸ਼ਾਨ ਤੋਂ ਬਿਨਾਂ ਕੁੱਝ ਨਾ ਮਿਲਿਆ। ਉਙ ਯੂਰਪ ਵਿੱਚ ਸਭ ਤੋਂ ਵੱਧ ਲੋਕ-ਪ੍ਰਿਅ ਮਨੁੱਖ ਸੀ। ਨਾ ਕੇਵਲ ਉਹਦੀ ਆਪਣੀ ਸ਼੍ਰੇਣੀ ਦੇ ਲੋਕ ਸਗੋਂ ਰਾਜਨੇਤਾ ਅਤੇ ਬਾਦਸ਼ਾਹ ਉਹਦੀ ਗੱਲ ਸ਼ਲਾਘਾ ਨਾਲ਼ ਸੁਣਦੇ। ਪਰ ਜਦੋਂ ਉਹਨੇ ਆਪਣੇ ਕਮਿਊਨਿਸਟ ਸਿਧਾਂਤ ਪੇਸ਼ ਕੀਤੇ ਤਾਂ ਇਹ ਵੱਖਰੀ ਗੱਲ ਸੀ। ਤਿੰਨ ਮਹਾਨ ਰੁਕਾਵਟਾਂ ਵਿਸ਼ੇਸ਼ ਤੌਰ 'ਤੇ ਸਮਾਜੀ ਸੁਧਾਰ ਦਾ ਰਾਹ ਰੋਕਦੀਆਂ ਜਾਪਦੀਆਂ ਸਨ: ਨਿੱਜੀ ਜਾਇਦਾਦ, ਧਰਮ ਅਤੇ ਵਿਆਹ ਦਾ ਅਜੋਕਾ ਰੂਪ। ਉਹਨੂੰ ਪਤਾ ਸੀ ਕਿ ਜੇ ਉਹਨੇ ਇਹਨਾਂ ਉੱਤੇ ਹਮਲਾ ਕੀਤਾ ਤਾਂ ਉਹਦਾ ਹਸ਼ਰ ਕੀ ਹੋਵੇਗਾ—ਬਦਮਾਸ਼ ਕਿਹਾ ਜਾਣਾ, ਸਰਕਾਰੀ ਸਮਾਜ ਵਿੱਚੋਂ ਛੇਕਿਆ ਜਾਣਾ, ਸਮੁੱਚੀ ਸਮਾਜੀ ਪੁਜ਼ੀਸ਼ਨ ਦਾ ਖੁਸ ਜਾਣਾ। ਪਰ ਨਤੀਜਿਆਂ ਤੋਂ ਡਰੇ ਬਿਨਾਂ ਇਹਨਾਂ ਉੱਤੇ ਹਮਲਾ ਕਰਨੋਂ ਉਹਨੂੰ ਕੋਈ ਚੀਜ਼ ਰੋਕ ਨਾ ਸਕੀ ਅਤੇ ਉਹਨੇ ਜੋ ਕੁੱਝ ਅਗਾਊਂ ਵੇਖਿਆ ਸੀ ਉਹੋ ਵਾਪਰਿਆ। ਸਰਕਾਰੀ ਸਮਾਜ ਤੋਂ ਛੇਕਿਆ ਹੋਇਆ, ਅਖ਼ਬਾਰਾਂ ਵਿੱਚ ਆਪਣੇ ਵਿਰੁੱਧ ਚੁੱਪ ਦੀ ਸਾਜ਼ਸ਼ ਦਾ ਸ਼ਿਕਾਰ, ਅਮਰੀਕਾ ਵਿੱਚ ਆਪਣੇ ਅਸਫ਼ਲ ਕਮਿਊਨਿਜ਼ਮ ਤਜ਼ਰਬੇ ਕਾਰਨ, ਜਿਸ ਉੱਤੇ ਉਹਨੇ ਆਪਣੀ ਸਾਰੀ ਦੌਲਤ ਲਾ ਦਿੱਤੀ, ਗ਼ਰੀਬ ਹੋਇਆ, ਉਹ ਸਿੱਧਾ ਕਿਰਤੀ ਸ਼੍ਰੇਣੀ ਵੱਲ ਮੁੜਿਆ ਅਤੇ ਤੀਹ ਸਾਲ ਤੱਕ ਉਹਨਾਂ ਵਿਚਕਾਰ ਕੰਮ ਕਰਦਾ ਰਿਹਾ। ਇੰਗਲੈਂਡ ਵਿੱਚ ਕਿਰਤੀਆਂ ਦੇ ਹੱਕ ਵਿੱਚ ਹਰ ਸਮਾਜੀ ਲਹਿਰ, ਹਰ ਅਸਲੀ ਉੱਨਤੀ ਆਪਣੇ ਆਪ ਨੂੰ ਰਾਬਰਟ ਓਵਨ ਦੇ ਨਾਂ ਨਾਲ਼ ਜੋੜਦੀ ਹੈ। ਪੰਜਾਂ ਵਰ੍ਹਿਆਂ ਦੀ ਲੜਾਈ ਪਿੱਛੋਂ ਉਹਨੇ 1819 ਵਿੱਚ ਕਾਰਖ਼ਾਨਿਆਂ ਵਿੱਚ ਇਸਤਰੀਆਂ ਅਤੇ ਬੱਚਿਆਂ ਦੇ ਕੰਮ ਦੇ ਘੰਟੇ ਮਿੱਥਣ ਸਬੰਧੀ ਪਹਿਲਾ ਕਾਨੂੰਨ ਪ੍ਰਵਾਨ ਕਰਵਾਇਆ।[46] ਉਹ ਉਸ ਪਹਿਲੀ ਕਾਂਗਰਸ ਦਾ ਪ੍ਰਧਾਨ ਸੀ ਜਿਸ ਵਿੱਚ ਇੰਗਲੈਂਡ ਦੀਆਂ ਸਭੇ ਟਰੇਡ ਯੂਨੀਅਨਾਂ ਇੱਕ ਮਹਾਨ ਵਿਰਤਕ ਸਭਾ ਵਿੱਚ ਇਕੱਠੀਆਂ ਹੋਈਆਂ।[47] ਉਹਨੇ, ਸਮਾਜ ਦੀ ਮੁਕੰਮਲ ਕਮਿਊਨਿਸਟ ਜਥੇਬੰਦੀ ਵੱਲ ਤਬਦੀਲੀ ਦੇ ਸਮੇਂ ਦੇ ਕਦਮਾਂ ਵਜੋਂ, ਇੱਕ ਹੱਥ, ਪ੍ਰਚੂਨ ਵਿਕਰੀ ਅਤੇ ਉਪਜ ਲਈ, ਸਹਿਕਾਰ ਸਭਾਵਾਂ ਸਥਾਪਤ ਕੀਤੀਆਂ। ਉਸ ਸਮੇਂ ਤੋਂ ਉਹਨਾਂ ਘੱਟੋ ਘੱਟ ਇਹ ਸਾਬਤ ਕਰ ਦਿੱਤਾ ਹੈ ਕਿ ਵਪਾਰੀ ਅਤੇ ਕਾਰਖ਼ਾਨੇਦਾਰ ਸਮਾਜੀ ਤੌਰ ਉੱਤੇ ਉੱਕਾ ਹੀ ਬੇਲੋੜੇ ਹਨ। ਦੂਜੇ ਹੱਥ ਉਹਨੇ ਕਿਰਤ-ਨੋਟਾਂ ਰਾਹੀਂ ਕਿਰਤ ਦੀਆਂ ਉਪਜਾਂ ਦੇ ਵਟਾਂਦਰੇ ਲਈ ਕਿਰਤ ਬਾਜ਼ਾਰ ਸਥਾਪਤ ਕੀਤੇ, ਜਿੱਥੇ ਇਕਾਈ ਕਿਰਤ ਦਾ ਘੰਟਾ ਸੀ,[48] ਇਹ ਅਜਿਹੀਆਂ ਸੰਸਥਾਵਾਂ ਸਨ, ਜਿਨ੍ਹਾਂ ਦੀ ਅਸਫਲਤਾ ਅਟੱਲ ਸੀ ਪਰ ਜਿਹੜੀਆਂ ਪਿੱਛੋਂ ਦੇ ਸਮੇਂ ਵਿੱਚ ਪਰੂਦੋਂ ਵੱਲੋਂ ਸਥਾਪਤ ਕੀਤੇ ਤਬਾਦਲੇ ਦੇ ਬੈਂਕ[49] ਦਾ ਕੰਮ ਪੂਰੀ ਤਰ੍ਹਾਂ ਪਹਿਲਾਂ ਹੀ ਕਰ ਰਹੀਆਂ ਸਨ ਅਤੇ ਉਹ ਇਸ ਤੋਂ ਇਸ ਗੱਲ ਵਿੱਚ ਉੱਕਾ ਵੱਖਰੀਆਂ ਸਨ ਕਿ ਉਹ ਸਭਨਾਂ ਸਮਾਜੀ ਬੁਰਾਈਆਂ ਲਈ ਅਕਸੀਰ ਹੋਣ ਦਾ ਦਾਅਵਾ ਨਹੀਂ ਸਨ ਕਰਦੀਆਂ ਸਗੋਂ ਸਮਾਜ ਵਿੱਚ ਕਿਤੇ ਵਧੇਰੇ ਬੁਨਿਆਦੀ ਇਨਕਲਾਬ ਵੱਲ ਪਹਿਲਾ ਕਦਮ ਹੋਣ ਦਾ ਦਾਅਵਾ ਕਰਦੀਆਂ ਸਨ।

ਯੂਟੋਪੀਆਈ ਸੋਚ ਦਾ ਢੰਗ ਉਨ੍ਹੀਵੀਂ ਸਦੀ ਦੇ ਸੋਸ਼ਲਿਸਟ ਵਿਚਾਰਾਂ ਉੱਤੇ ਲੰਮੇ ਸਮੇਂ ਤੱਕ ਛਾਇਆ ਰਿਹਾ ਅਤੇ ਅਜੇ ਵੀ ਉਹਨਾਂ ਵਿੱਚੋਂ ਕੁੱਝ ਇੱਕ ਉੱਤੇ ਛਾਇਆ ਹੋਇਆ

ਹੈ। ਪਿੱਛੇ ਜਿਹੇ ਤੱਕ ਸਭੇ ਫ਼ਰਾਂਸੀਸੀ ਅਤੇ ਅੰਗ੍ਰੇਜ਼ ਸੋਸ਼ਲਿਸਟ ਇਹਨੂੰ ਸ਼ਰਧਾ ਭੇਟ ਕਰਦੇ ਸਨ। ਵੀਟਲਿੰਗ ਸਮੇਤ ਇਸ ਤੋਂ ਪਹਿਲਾਂ ਦਾ ਜਰਮਨ ਸੋਸ਼ਲਿਜ਼ਮ ਵੀ ਇਸੇ ਪਰਪਾਟੀ ਦਾ ਸੀ। ਇਹਨਾਂ ਸਭਨਾਂ ਲਈ ਸੋਸ਼ਲਿਜ਼ਮ ਨਿਹਕੇਵਲ ਸੱਚ, ਤਰਕ ਅਤੇ ਇਨਸਾਫ਼ ਦਾ ਪ੍ਰਗਟਾਅ ਹੈ ਅਤੇ ਲੋੜ ਬਸ ਇਸ ਗੱਲ ਦੀ ਹੈ ਕਿ ਇਹਨੂੰ ਲੱਭ ਲਿਆ ਜਾਵੇ ਤਾਂ ਜੁ ਇਹ ਖ਼ੁਦ ਆਪਣੀ ਸ਼ਕਤੀ ਨਾਲ਼ ਸਾਰੇ ਸੰਸਾਰ ਨੂੰ ਜਿੱਤ ਲਵੇ ਅਤੇ ਕਿਉਂਕਿ ਨਿਹਕੇਵਲ ਸੱਚ ਸਮੇਂ, ਸਥਾਨ ਅਤੇ ਮਨੁੱਖ ਦੇ ਇਤਿਹਾਸਕ ਵਿਕਾਸ ਤੋਂ ਸੁਤੰਤਰ ਹੈ, ਇਹ ਕੇਵਲ ਦੈਵ-ਨੈਤੀ ਗੱਲ ਹੈ ਕਿ ਇਹ ਕਦੋਂ ਅਤੇ ਕਿੱਥੇ ਲੱਭਿਆ ਜਾਂਦਾ ਹੈ। ਪਰ ਇਹਦੇ ਬਾਵਜੂਦ ਹਰ ਪਰਪਾਟੀ ਦੇ ਮੋਢੀ ਲਈ ਨਿਹਕੇਵਲ ਸੱਚ, ਤਰਕ ਅਤੇ ਇਨਸਾਫ਼ ਵੱਖਰੇ ਵੱਖਰੇ ਹਨ ਅਤੇ ਕਿਉਂਕਿ ਹਰ ਇੱਕ ਦਾ ਵਿਸ਼ੇਸ਼ ਕਿਸਮ ਦਾ ਨਿਹਕੇਵਲ ਸੱਚ, ਤਰਕ ਅਤੇ ਇਨਸਾਫ਼ ਆਪਣੀ ਵਾਰੀ ਉਹਦੀ ਅੰਤਰਮੁਖੀ ਸੂਝ, ਉਹਦੀਆਂ ਹੋਂਦ ਦੀਆਂ ਪ੍ਰਸਥਿਤੀਆਂ, ਉਹਦੇ ਗਿਆਨ ਦੀ ਮਾਤਰਾ ਅਤੇ ਬੌਧਕ ਸਿੱਖਿਆ ਅਨੁਸਾਰ ਰੂਪ ਧਾਰਦਾ ਹੈ ਇਸ ਲਈ ਇਹਨਾਂ ਨਿਹਕੇਵਲ ਸੱਚਾਂ ਵਿਚਕਾਰ ਘੋਲ਼ ਵਿੱਚ ਇਸ ਤੋਂ ਬਿਨਾਂ ਕੋਈ ਸਿੱਟਾ ਸੰਭਵ ਨਹੀਂ ਕਿ ਉਹ ਸਭੇ ਇੱਕ ਦੂਜੇ ਤੋਂ ਪ੍ਰਸਪਰ ਅਨੰਨ ਹਨ। ਇਸੇ ਲਈ ਇਸ ਤੋਂ ਇੱਕ ਤਰ੍ਹਾਂ ਦੇ ਚੋਂਗੇ ਅਤੇ ਔਸਤ ਸੋਸ਼ਲਿਜ਼ਮ ਤੋਂ ਬਿਨਾਂ ਕੁੱਝ ਹੋਂਦ ਵਿੱਚ ਨਹੀਂ ਸੀ ਆ ਸਕਦਾ, ਅਤੇ ਤੱਥ ਤਾਂ ਇਹ ਹੈ ਕਿ ਇਹ ਫਰਾਂਸ ਅਤੇ ਇੰਗਲੈਂਡ ਦੇ ਵਧੇਰੇ ਸੋਸ਼ਲਿਸਟ ਕਾਰਕੁਨਾਂ ਦੇ ਮਨਾਂ ਉੱਤੇ ਭਾਰੂ ਰਿਹਾ ਹੈ। ਇਸੇ ਲਈ ਇੱਕ ਅਜਿਹਾ ਸਤਨਾਜਾ ਪੈਦਾ ਹੁੰਦਾ ਹੈ ਜਿਸ ਵਿੱਚ ਰਾਏ ਦੀਆਂ ਬਹੁ-ਪਖੀ ਭਾਹਾਂ ਲਈ ਥਾਂ ਹੈ; ਵੱਖ ਵੱਖ ਸੰਪ੍ਰਦਾਆਂ ਦੇ ਮੋਢੀਆਂ ਵੱਲੋਂ ਅਜਿਹੇ ਪੜਚੋਲੀ ਬਿਆਨ, ਆਰਥਕ ਸਿਧਾਂਤਾਂ ਅਤੇ ਭਵਿੱਖ ਦੇ ਸਮਾਜ ਦੇ ਚਿੱਤਰਾਂ ਦਾ ਅਜਿਹਾ ਸਤਨਾਜਾ ਜਿਹੜਾ ਘੱਟ ਤੋਂ ਘੱਟ ਵਿਰੋਧ ਨੂੰ ਜਨਮ ਦੇਵੇ; ਇੱਕ ਅਜਿਹਾ ਸਤਨਾਜਾ ਜਿਹੜਾ ਜਿੰਨੇ ਸੌਖ ਨਾਲ਼ ਤਿਆਰ ਕੀਤਾ ਜਾ ਸਕਦਾ ਹੈ ਉਨੇ ਹੀ ਸੌਖ ਨਾਲ਼ ਵੱਖ ਵੱਖ ਅੰਸ਼ਾਂ ਦੇ ਤਿੱਖੇ ਕੋਣੇ ਬਹਿਸ ਦੇ ਵਹਿਣ ਵਿੱਚ ਘਸਾਏ ਜਾ ਸਕਦੇ ਹਨ, ਜਿਵੇਂ ਕਿਸੇ ਨਾਲ਼ੇ ਵਿੱਚ ਗੀਟੇ ਘਸਕੇ ਗੋਲ਼ ਹੋ ਜਾਂਦੇ ਹਨ। ਸੋਸ਼ਲਿਜ਼ਮ ਨੂੰ ਵਿਗਿਆਨ ਬਣਾਉਣ ਲਈ ਇਹ ਲਾਜ਼ਮੀ ਹੈ ਕਿ ਇਹਨੂੰ ਪਹਿਲਾਂ ਯਥਾਦਰਥਕ ਅਧਾਰ ਉੱਤੇ ਰੱਖਿਆ ਜਾ ਸਕੇ।

## II

ਇਚਰ ਅਠਾਰ੍ਹਵੀਂ ਸਦੀ ਦੇ ਫ਼ਰਾਂਸੀਸੀ ਦਾਰਸ਼ਨਿਕਾਂ ਦੇ ਨਾਲ਼ ਅਤੇ ਉਹਨਾਂ ਤੋਂ ਪਿੱਛੋਂ ਨਵਾਂ ਜਰਮਨ ਦਰਸ਼ਨ ਉੱਭਰਿਆ ਸੀ ਜਿਹੜਾ ਹੀਗਲ ਵਿੱਚ ਆਪਣੀ ਸਿਖਰ ਉੱਤੇ ਅਪੜਿਆ। ਇਹਦਾ ਸਭ ਤੋਂ ਵੱਡਾ ਗੁਣ ਦਵੰਦਵਾਦ ਨੂੰ ਤਰਕ ਦੇ ਸਰਵਉੱਚ ਰੂਪ ਵਜੋਂ ਲੈਣਾ ਸੀ। ਪੁਰਾਣੇ ਯੂਨਾਨੀ ਦਾਰਸ਼ਨਿਕ ਭੇਤੇ ਜਮਾਂਦਰੂ ਸੁਭਾਵਕ ਦਵੰਦਵਾਦੀ ਸਨ, ਅਤੇ ਅਰਸਤੂ ਨੇ, ਜਿਹੜਾ ਉਹਨਾਂ ਵਿੱਚੋਂ ਸਭ ਤੋਂ ਵੱਧ ਮਹਾਨ-ਕੋਸ਼ੀ ਬੁੱਧੀ ਵਾਲ਼ਾ ਸੀ, ਪਹਿਲਾਂ ਹੀ ਦਵੰਦਵਾਦੀ ਵਿਚਾਰ ਦੇ ਅਤਿ-ਅੰਤ ਲਾਜ਼ਮੀ ਰੂਪਾਂ ਦਾ ਵਿਸ਼ਲੇਸ਼ਣ ਕਰ ਦਿੱਤਾ ਸੀ। ਦੂਜੇ ਹੱਥ ਨਵੇਰਾ ਦਰਸ਼ਨ ਵਿਸ਼ੇਸ਼ ਕਰਕੇ ਅੰਗ੍ਰੇਜ਼ੀ ਅਸਰ ਰਾਹੀਂ ਤਰਕ ਦੇ ਅਖੌਤੀ

ਅਧਿਆਤਮਵਾਦੀ ਰੂਪ ਵਿੱਚ ਸਦਾ ਵਧੇਰੇ ਕਰੜਾਈ ਨਾਲ਼ ਜੰਮ ਗਿਆ ਸੀ ਅਤੇ ਸਮੁੱਚੀ ਅਠਾਰ੍ਹਵੀਂ ਸਦੀ ਦੇ ਫ਼ਰਾਂਸੀਸੀ ਵੀ ਲਗਭਗ ਪੂਰੀ ਤਰ੍ਹਾਂ ਇਹਦੇ ਗ਼ਲਬੇ ਅਧੀਨ ਸਨ, ਘੱਟੋ ਘੱਟ ਆਪਣੇ ਵਿਸ਼ੇਸ਼ ਦਾਰਸ਼ਨਿਕ ਕੰਮ ਵਿੱਚ, ਭਾਵੇਂ ਇਸ ਨਵੇਰੇ ਦਰਸ਼ਨ ਵਿੱਚ ਵੀ ਦਵੰਦਵਾਦ ਦੇ ਸ਼ਾਨਦਾਰ ਵਿਆਖਿਆਕਾਰ ਸਨ ਮਿਸਾਲ ਵਜੋਂ ਦੇਸਕਾਰਤੇਜ਼ ਅਤੇ ਸਪਿਨੋਜ਼ਾ। ਪਰ ਦਰਸ਼ਨ ਤੋਂ ਬਾਹਰ, ਸੀਮਤ ਅਰਥਾਂ ਵਿੱਚ, ਫ਼ਰਾਂਸੀਸੀਆਂ ਨੇ ਦਵੰਦਵਾਦ ਦੇ ਸ਼ਾਹਕਾਰ ਪੈਦਾ ਕੀਤੇ। ਮਨੁੱਖ ਲਈ ਬਸ ਦਿਦਰੋਤ ਦੇ «Le Neveu de Remeau»* ਅਤੇ ਰੂਸੋ ਦੇ «Discours sur l’ origine it les fondements de l’ inègalitè parmi les hommes»** ਨੂੰ ਯਾਦ ਕਰਨ ਦੀ ਲੋੜ ਹੈ। ਅਸੀਂ ਸੰਖੇਪ ਤੌਰ ’ਤੇ ਵਿਚਾਰ ਦੇ ਇਹਨਾਂ ਦੋ ਢੰਗਾਂ ਦਾ ਮੋਟਾ ਮੋਟਾ ਖ਼ਾਸਾ ਪੇਸ਼ ਕਰਦੇ ਹਾਂ।

ਜਦੋਂ ਅਸੀਂ ਵਿਸ਼ਾਲ ਤੌਰ ’ਤੇ ਪ੍ਰਕਿਰਤੀ ਜਾਂ ਮਨੁੱਖਜਾਤੀ ਦੇ ਇਤਿਹਾਸ ਜਾਂ ਖ਼ੁਦ ਆਪਣੀ ਬੌਧਕ ਸਰਗਰਮੀ ਨੂੰ ਵਿਚਾਰਦੇ ਅਤੇ ਇਸ ਉੱਪਰ ਧਿਆਨ ਦੇਂਦੇ ਹਾਂ ਤਾਂ ਪਹਿਲਾਂ ਪਹਿਲ ਅਸੀਂ ਸਬੰਧਾਂ ਅਤੇ ਪ੍ਰਤੀਕਰਮਾਂ ਦੀਆਂ ਅਨੰਤ ਅੜਾਉਣੀਆਂ, ਜੋੜ ਅਤੇ ਤਰਤੀਬਾਂ ਵੇਖਦੇ ਹਾਂ, ਜਿਨ੍ਹਾਂ ਵਿੱਚ ਕੁੱਝ ਵੀ ਉਹ ਨਹੀਂ ਰਹਿ ਜਾਂਦਾ ਜੋ ਉਹ ਸੀ, ਜਿੱਥੇ ਸੀ ਅਤੇ ਜਿਵੇਂ ਸਗੋਂ ਹਰ ਵਸਤ ਹਰਕਤ ਕਰਦੀ ਹੈ, ਤਬਦੀਲ ਹੁੰਦੀ ਹੈ, ਹੋਂਦ ਵਿੱਚ ਆਉਂਦੀ ਹੈ ਅਤੇ ਖ਼ਤਮ ਹੋ ਜਾਂਦੀ ਹੈ। ਸੋ, ਪਹਿਲਾਂ ਪਹਿਲ ਅਸੀਂ ਸਮੁੱਚੇ ਤੌਰ ’ਤੇ ਚਿੱਤਰ ਵੇਖਦੇ ਹਾਂ ਜਿਸਦੇ ਵਿਕੋਲਤ੍ਰੇ ਹਿੱਸੇ ਘੱਟ ਜਾਂ ਵੱਧ ਪਿਛੋਕੜ ਵਿੱਚ ਰਹਿੰਦੇ ਹਨ; ਅਸੀਂ ਉਹਨਾਂ ਵਸਤਾਂ ਨੂੰ ਨਹੀਂ ਵੇਖਦੇ **ਜਿਹੜੀਆਂ** ਮਿਲਦੀਆਂ, ਜੁੜਦੀਆਂ ਅਤੇ ਸਬੰਧਤ ਹੁੰਦੀਆਂ ਹਨ ਸਗੋਂ ਮੇਲਾਂ, ਤਬਦੀਲੀਆਂ ਅਤੇ ਜੁੜਤਾਂ ਨੂੰ ਵੇਖਦੇ ਹਾਂ। ਸੰਸਾਰ ਦਾ ਇਹ ਆਦਿ-ਕਾਲੀਨ ਸਿੱਧੜ ਪਰ ਅੰਤ੍ਰੀਵ ਤੌਰ ’ਤੇ ਠੀਕ ਸੰਕਲਪ ਪ੍ਰਾਚੀਨ ਯੂਨਾਨੀ ਦਰਸ਼ਨ ਦਾ ਹੈ ਅਤੇ ਪਹਿਲਾਂ ਇਹਨੂੰ ਹਰਾਕਲੀਟਸ ਨੇ ਸਪੱਸ਼ਟ ਤੌਰ ’ਤੇ ਨਿਰੂਪਿਆ; ਹਰ ਸ਼ੈਅ ਹੈ ਅਤੇ ਨਹੀਂ ਹੈ ਕਿਉਂਕਿ ਹਰ ਸ਼ੈਅ **ਅਸਥਿਰ** ਹੈ, ਨਿਰੰਤਰ ਤਬਦੀਲ ਹੁੰਦੀ ਰਹਿੰਦੀ ਹੈ, ਨਿਰੰਤਰ ਹੋਂਦ ਵਿੱਚ ਆਉਂਦੀ ਅਤੇ ਨਾਸ਼ ਹੁੰਦੀ ਰਹਿੰਦੀ ਹੈ। ਪਰ ਇਹ ਸੰਕਲਪ, ਜਿਹੜਾ ਸੂਰਤਾਂ ਦੇ ਚਿੱਤਰ ਦਾ ਆਮ ਖ਼ਾਸਾ ਤਾਂ ਠੀਕ ਤਰ੍ਹਾਂ ਪੇਸ਼ ਕਰਦਾ ਹੈ ਪਰ ਉਹਨਾਂ ਵਿਸਥਾਰਾਂ ਦੀ ਵਿਆਖਿਆ ਕਰਨ ਲਈ ਕਾਫ਼ੀ ਨਹੀਂ ਜਿਨ੍ਹਾਂ ਤੋਂ ਇਹ ਚਿੱਤਰ ਬਣਦਾ ਹੈ ਅਤੇ ਜਿੰਨਾਂ ਚਿਰ ਅਸੀਂ ਇਹਨਾਂ ਨੂੰ ਨਹੀਂ ਸਮਝਦੇ, ਸਾਨੂੰ ਸਮੁੱਚੇ ਤੌਰ ’ਤੇ ਚਿੱਤਰ ਦਾ ਸਪੱਸ਼ਟ ਵਿਚਾਰ ਨਹੀਂ ਮਿਲ ਸਕਦਾ। ਇਹਨਾਂ ਵਿਸਥਾਰਾਂ ਨੂੰ ਸਮਝਣ ਲਈ ਇਹ ਲਾਜ਼ਮੀ ਹੈ ਕਿ ਅਸੀਂ ਉਹਨਾਂ ਨੂੰ ਉਹਨਾਂ ਦੇ ਪ੍ਰਕ੍ਰਿਤਕ ਜਾਂ ਇਤਿਹਾਸਕ ਸਬੰਧਾਂ ਤੋਂ ਵੱਖ ਕਰੀਏ ਅਤੇ ਹਰ ਇੱਕ ਦਾ, ਉਹਦੇ ਖ਼ਾਸੇ, ਵਿਸ਼ੇਸ਼ ਕਾਰਨਾਂ ਅਤੇ ਅਸਰਾਂ, ਆਦਿ, ਦਾ ਵੱਖ ਵੱਖ ਅਧਿਅਨ ਕਰੀਏ। ਇਹ ਮੁੱਖ ਤੌਰ ’ਤੇ ਪ੍ਰਕਿਰਤਕ ਵਿਗਿਆਨਾਂ ਅਤੇ ਇਤਿਹਾਸਕ ਖੋਜ ਦਾ ਕੰਮ ਹੈ; ਇਹ ਵਿਗਿਆਨ ਦੀਆਂ ਉਹ ਸ਼ਾਖ਼ਾਂ ਹਰ ਜਿਨ੍ਹਾਂ ਨੂੰ ਕਲਾਸੀਕੀ ਸਮੇਂ ਦੇ ਯੂਨਾਨੀਆਂ ਨੇ, ਬਹੁਤ ਚੰਗੇ ਕਾਰਨਾਂ ਕਰਕੇ, ਅਧੀਨ ਪ੍ਰਸਥਿਤੀ ਵਿੱਚ ਸੁੱਟ ਦਿੱਤਾ, ਕਿਉਂਕਿ

* “ਰਾਮੋ ਦਾ ਭਤੀਜਾ”। **—ਸੰਪਾ.**

** “ਮਨੁੱਖਾਂ ਵਿਚਕਾਰ ਨਾਬਰਾਬਰੀ ਦੇ ਆਦਿ ਸਬੰਧੀ ਨਿਬੰਧ” **—ਸੰਪਾ.**

ਸਭ ਤੋਂ ਪਹਿਲਾਂ ਉਹਨਾਂ ਉਹ ਸਮੱਗਰੀ ਇਕੱਠੀ ਕਰਨੀ ਸੀ ਜਿਸ ਉੱਤੇ ਇਹਨਾਂ ਵਿਗਿਆਨਾਂ ਨੇ ਕੰਮ ਕਰਨਾ ਸੀ। ਇਸ ਤੋਂ ਪਹਿਲਾਂ ਕਿ ਕੋਈ ਪੜਚੋਲੀ ਵਿਸ਼ਲੇਸ਼ਣ, ਮੁਕਾਬਲਾ ਅਤੇ ਸ਼੍ਰੇਣੀਆਂ, ਪ੍ਰਬੰਧਾਂ ਅਤੇ ਜਾਤੀਆਂ ਵਿੱਚ ਤਰਤੀਬ ਹੋਂਦ ਵਿੱਚ ਆ ਸਕੇ ਇਹ ਲਾਜ਼ਮੀ ਹੈ ਕਿ ਇੱਕ ਖ਼ਾਸ ਮਾਤਰਾ ਵਿੱਚ ਪ੍ਰਕਿਰਤਕ ਅਤੇ ਇਤਿਹਾਸਕ ਸਮੱਗਰੀ ਇਕੱਠੀ ਕਰ ਲਈ ਜਾਵੇ। ਇਸੇ ਲਈ ਨਿਸ਼ਚਿਤ ਵਿਗਿਆਨਾਂ ਦੀਆਂ ਬੁਨਿਆਦਾਂ ਪਹਿਲਾਂ ਸਿਕੰਦਰਿਆਈ[50] ਯੁੱਗ ਦੇ ਯੂਨਾਨੀਆਂ ਅਤੇ ਉਸ ਤੋਂ ਪਿੱਛੋਂ ਮੱਧ-ਕਾਲ ਵਿੱਚ ਅਰਬਾਂ ਨੇ ਮਿੱਥੀਆਂ। ਅਸਲੀ ਪ੍ਰਕਿਰਤਕ ਵਿਗਿਆਨ ਪੰਦਰ੍ਹਵੀਂ ਸਦੀ ਦੇ ਦੂਜੇ ਅੱਧ ਤੋਂ ਸ਼ੁਰੂ ਹੁੰਦਾ ਹੈ ਅਤੇ ਉਸ ਤੋਂ ਪਿੱਛੋਂ ਇਹ ਲਗਾਤਾਰ ਵੱਧਦੀ ਤੇਜ਼ੀ ਨਾਲ਼ ਅੱਗੇ ਵਧਿਆ। ਇਹਦੇ ਵਿਕੋਲਤ੍ਰੇ ਹਿੱਸਿਆ ਵਿੱਚ ਪ੍ਰਕਿਰਤੀ ਦਾ ਵਿਸ਼ਲੇਸ਼ਣ, ਵੱਖ ਵੱਖ ਪ੍ਰਕਿਰਤਕ ਅਮਲਾਂ ਅਤੇ ਵਸਤਾਂ ਦੀ ਸਪੱਸ਼ਟ ਸ਼੍ਰੇਣੀਆਂ ਵਿੱਚ ਦਰਜੇਬੰਦੀ, ਉਹਨਾਂ ਦੇ ਅਨੇਕਾਂ ਰੂਪਾਂ ਵਿੱਚ ਜੀਵੀ ਸਰੀਰਾਂ ਦੀ ਸਰੀਰ-ਬਣਤਰ ਦਾ ਅਧਿਐਨ—ਇਹ ਸਾਡੇ ਕੁਦਰਤ ਦੇ ਗਿਆਨ ਵਿੱਚ ਪਿਛਲੇ ਚਾਰ ਸੌ ਵਰ੍ਹਿਆਂ ਵਿੱਚ ਪੁੱਟੀਆਂ ਗਈਆਂ ਧੜਵੈਲ ਪਲਾਂਘਾਂ ਲਈ ਬੁਨਿਆਦੀ ਸ਼ਰਤਾਂ ਸਨ। ਪਰ ਕੰਮ ਕਰਨ ਦੇ ਇਸ ਢੰਗ ਨੇ ਸਾਡੇ ਲਈ ਵਸਤਾਂ ਅਤੇ ਅਮਲਾਂ ਨੂੰ ਇਕੱਲ ਵਿੱਚ, ਵਿਸ਼ਾਲ ਸਮੂਹ ਨਾਲ਼ ਉਹਨਾਂ ਦੇ ਸਬੰਧ ਤੋਂ ਵੱਖ ਤੌਰ 'ਤੇ ਵੇਖਣ ਦਾ; ਉਹਨਾਂ ਨੂੰ ਹਰਕਤ ਵਿੱਚ ਨਹੀਂ ਸਗੋਂ ਟਿਕਾਅ ਦੀ ਹਾਲਤ ਵਿੱਚ ਵੇਖਣ ਦਾ; ਉਹਨਾਂ ਨੂੰ ਬਦਲਵਿਆਂ ਵਜੋਂ ਨਹੀਂ ਸਗੋਂ ਸਥਿਰਾਂ ਵਜੋਂ ਵੇਖਣ ਦਾ; ਉਹਨ੍ਹਾਂ ਦੇ ਜੀਵਨ ਵਿੱਚ ਨਹੀਂ ਸਗੋਂ ਮੌਤ ਵਿੱਚ ਅਧਿਐਨ ਕਰਨ ਦਾ ਵਿਰਸਾ ਵੀ ਛੱਡਿਆ ਹੈ ਅਤੇ ਜਦੋਂ ਬੇਕਨ ਅਤੇ ਲਾਕ ਨੇ ਵਸਤਾਂ ਨੂੰ ਵੇਖਣ ਦੇ ਇਸ ਢੰਗ ਨੂੰ ਪ੍ਰਕਿਰਤਕ ਵਿਗਿਆਨ ਤੋਂ ਲੈ ਕੇ ਦਰਸ਼ਨ ਉੱਤੇ ਲਾਗੂ ਕੀਤਾ ਤਾਂ ਇਹਨੇ ਵਿਚਾਰ ਦੇ ਢੰਗ, ਅਧਿਆਤਮਵਾਦੀ ਢੰਗ ਨੂੰ ਜਨਮ ਦਿੱਤਾ, ਜਿਹੜਾ ਪਿਛਲੀ ਸਦੀ ਦਾ ਵਿਸ਼ੇਸ਼ ਲੱਛਣ ਹੈ।

ਅਧਿਆਤਮਾਦੀ ਲਈ ਵਸਤਾਂ ਅਤੇ ਉਹਨਾਂ ਦੇ ਦਿਮਾਗ਼ੀ ਪਰਤੌ ਨਿਖੜਵੇਂ ਹਨ, ਉਹਨਾਂ ਉੱਤੇ ਵਾਰੋ ਵਾਰੀ ਅਤੇ ਇੱਕ ਦੂਜੇ ਤੋਂ ਵੱਖ ਵਿਚਾਰ ਕੀਤਾ ਜਾਣਾ ਚਾਹੀਦਾ ਹੈ, ਉਹ ਅਜਿਹੀ ਖੋਜ ਦਾ ਵਿਸ਼ਾ ਹਨ ਜਿਹੜੀ ਸਦਾ ਸਦਾ ਲਈ ਮੁਕੱਰਰ, ਕਰੜੀ ਅਤੇ ਮਿੱਥੀ ਗਈ ਹੈ। ਉਹ ਉੱਕਾ ਹੀ ਸਮਝੌਤਾ-ਰਹਿਤ ਵਿਰੋਧਾਂ ਦੇ ਰੂਪ ਵਿੱਚ ਸੋਚਦਾ ਹੈ। ਉਹਦਾ ਸੰਪਰਕ " 'ਹਾਂ-ਹਾਂ; ਨਹੀਂ-ਨਹੀਂ ਹੈ,' ਕਿਉਂਕਿ ਜੋ ਕੁੱਝ ਇਸ ਤੋਂ ਵੱਧ ਹੈ ਉਹ ਬੁਰਾਈ ਵਿੱਚੋਂ ਪੈਦਾ ਹੋਇਆ ਹੈ।" ਉਹਦੇ ਲਈ ਕਿਸੇ ਵਸਤ ਦੀ ਹੋਂਦ ਹੈ ਜਾਂ ਨਹੀਂ ਹੈ; ਕੋਈ ਵਸਤ ਇੱਕੋ ਸਮੇਂ ਖ਼ੁਦ ਆਪ ਅਤੇ ਕੁੱਝ ਵੱਖ ਨਹੀਂ ਹੋ ਸਕਦੀ। ਹਾਂ-ਪੱਖੀ ਅਤੇ ਨਾਂਹ-ਪੱਖੀ ਇੱਕ ਦੂਜੇ ਨੂੰ ਵਖਰਾਉਂਦੇ ਹਨ; ਕਾਰਨ ਅਤੇ ਨਤੀਜਾ ਇੱਕ ਦੂਜੇ ਦੇ ਕਰੜੇ ਵਿਰੋਧ ਵਿੱਚ ਖੜੇ ਹੁੰਦੇ ਹਨ। ਪਹਿਲੀ ਨਜ਼ਰੇ ਸੋਚਣ ਦਾ ਇਹ ਢੰਗ ਸਾਨੂੰ ਬੜਾ ਪ੍ਰਕਾਸ਼ਮਾਨ ਜਾਪਦਾ ਹੈ ਕਿਉਂਕਿ ਇਹ ਅਖੌਤੀ ਠੀਕ ਆਮ ਸੂਝ ਦਾ ਢੰਗ ਹੈ। ਗੱਲ ਕੇਵਲ ਏਨੀ ਹੈ ਕਿ ਠੀਕ ਆਮ ਸੂਝ, ਜਿਹੜੀ ਆਪਣੀਆਂ ਚਾਰ ਕੰਧਾਂ ਦੇ ਖੇਤਰ ਵਿੱਚ ਬੜੀ ਸਾਊ ਹੈ, ਜਿਉਂ ਹੀ ਉਹ ਖੋਜ ਦੇ ਵਿਸ਼ਾਲ ਸੰਸਾਰ ਵਿੱਚ ਪੈਰ ਧਰਦੀ ਹੈ ਤਾਂ ਉਹਨੂੰ ਬੜੇ ਅਦਭੁੱਤ ਹਾਦਸਿਆਂ ਨਾਲ਼ ਵਾਹ ਪੈਂਦਾ ਹੈ ਅਤੇ ਵਿਚਾਰ ਦਾ ਅਧਿਆਤਮਵਾਦੀ ਢੰਗ, ਜਿਹੜਾ ਅਨੇਕ ਖੇਤਰਾਂ ਵਿੱਚ, ਜਿਨ੍ਹਾਂ ਦੀ ਵਿਸ਼ਾਲਤਾ

ਖੋਜ ਦੇ ਵਿਸ਼ੇਸ਼ ਵਿਸ਼ੇ ਦੇ ਖਾਸੇ ਅਨੁਸਾਰ ਹੱਕੀ ਅਤੇ ਜ਼ਰੂਰੀ ਹੈ, ਸਵੇਰ ਜਾਂ ਅਵੇਰ ਆਪਣੀ ਸੀਮਾ ਤੱਕ ਅੱਪੜ ਜਾਂਦਾ ਹੈ ਜਿਸ ਤੋਂ ਅੱਗੇ ਇਹ ਇੱਕ-ਪੱਖੀ, ਸੀਮਤ, ਸੂਖਮ ਅਤੇ ਹੱਲ ਨਾ ਹੋ ਸਕਣ ਵਾਲ਼ੇ ਵਿਰੋਧਾਂ ਵਿੱਚ ਗਵਾਚਾ ਬਣ ਜਾਂਦਾ ਹੈ। ਵਿਕੋਲਤ੍ਰੀਆਂ ਵਸਤਾਂ ਨੂੰ ਵਿਚਾਰਦਾ ਹੋਇਆ ਇਹ ਉਹਨਾਂ ਵਿਚਕਾਰ ਸਬੰਧ ਨੂੰ ਭੁੱਲ ਜਾਂਦਾ ਹੈ; ਉਹਨਾਂ ਦੀ ਹੋਂਦ ਨੂੰ ਵਿਚਾਰਦਾ ਹੋਇਆ ਉਹ ਹੋਂਦ ਦੇ ਆਦਿ ਅਤੇ ਅੰਤ ਨੂੰ ਭੁੱਲ ਜਾਂਦਾ ਹੈ; ਉਹਨਾਂ ਦੇ ਟਿਕਾਅ ਨੂੰ ਵਿਚਾਰਦਾ ਹੋਇਆ ਉਹ ਉਹਨਾਂ ਦੀ ਹਰਕਤ ਨੂੰ ਭੁੱਲ ਜਾਂਦਾ ਹੈ। ਇਹ ਇਕੱਲੇ ਰੁਖਾਂ ਨੂੰ ਵਿਚਾਰਨ ਕਾਰਨ ਪੂਰੇ ਜੰਗਲ ਨੂੰ ਨਹੀਂ ਵੇਖ ਸਕਦਾ।

ਨਿੱਤ ਦੇ ਮੰਤਵਾਂ ਲਈ ਅਸੀਂ ਕਹਿ ਸਕਦੇ ਹਾਂ, ਮਿਸਾਲ ਵਜੋਂ, ਕੋਈ ਜਾਨਵਰ ਜਿਉਂਦਾ ਹੈ ਜਾਂ ਨਹੀਂ। ਪਰ ਵਧੇਰੇ ਨੇੜਵੀਂ ਪਰਖ ਕਰਨ ’ਤੇ ਅਸੀਂ ਵੇਖਦੇ ਹਾਂ, ਜਿਹਾ ਕਿ ਕਾਨੂੰਨਦਾਨ ਚੰਗੀ ਤਰ੍ਹਾਂ ਜਾਣਦੇ ਹਨ, ਬਹੁਤ ਹਾਲਤਾਂ ਵਿੱਚ ਇਹ ਬੜਾ ਪੇਚਦਾਰ ਮਸਲਾ ਹੁੰਦਾ ਹੈ। ਉਹਨਾਂ ਉਹ ਤਰਕਵਾਦੀ ਹੱਦ ਲੱਭਣ ਲਈ ਬਹੁਤ ਮਗ਼ਜ਼-ਪਚੀ ਕੀਤੀ ਹੈ ਜਿਸ ਤੋਂ ਪਿੱਛੋਂ ਮਾਂ ਦੇ ਗਰਭ ਵਿਚਲੇ ਬੱਚੇ ਨੂੰ ਮਾਰਨਾ ਕਤਲ ਹੈ। ਐਨ ਇਸੇ ਤਰ੍ਹਾਂ ਮੌਤ ਦਾ ਛਿਣ ਨਿਹਕੇਵਲ ਤੌਰ ’ਤੇ ਮਿਥਣਾ ਅਸੰਭਵ ਹੈ ਕਿਉਂਕਿ ਸਰੀਰ-ਵਿਗਿਆਨ ਇਹ ਸਾਬਤ ਕਰਦਾ ਹੈ ਕਿ ਮੌਤ ਇੱਕ ਦਮ, ਇੱਕ ਛਿਣ ਵਿੱਚ ਹੋਣ ਵਾਲ਼ਾ ਅਮਲ ਨਹੀਂ, ਸਗੋਂ ਇੱਕ ਬਹੁਤ ਲੰਮਾ ਅਮਲ ਹੈ। ਇਸੇ ਤਰ੍ਹਾਂ ਹਰ ਜੀਵੀ ਪਦਾਰਥ ਹਰ ਛਿਣ ਉਹੋ ਹੈ ਅਤੇ ਉਹੋ ਨਹੀਂ ਵੀ ਹੈ; ਹਰ ਛਿਣ ਉਹ ਬਾਹਰੋਂ ਮਿਲਦੇ ਪਦਾਰਥ ਨੂੰ ਜਜ਼ਬ ਕਰਦਾ ਹੈ ਅਤੇ ਹੋਰ ਪਦਾਰਥ ਤੋਂ ਛੁਟਕਾਰਾ ਪਾਉਂਦਾ ਹੈ; ਹਰ ਛਿਣ ਉਹਦੇ ਸਰੀਰੀ ਦੇ ਕੁੱਝ ਅੰਕੁਰ ਮਰ ਜਾਂਦੇ ਹਨ ਅਤੇ ਹੋਰ ਆਪਣੇ ਆਪ ਨੂੰ ਨਵੇਂ ਸਿਰਿਉਂ ਉਸਾਰਦੇ ਹਨ; ਲੰਮੇਰੇ ਜਾਂ ਛੁਟੇਰੇ ਸਮੇਂ ਵਿੱਚ ਇਹਦੇ ਸਰੀਰ ਦਾ ਪਦਾਰਥ ਪੂਰੀ ਤਰ੍ਹਾਂ ਨਵੀਨਿਆਇਆ ਜਾਂਦਾ ਹੈ ਅਤੇ ਉਹਦੀ ਥਾਂ ਪਦਾਰਥ ਦੇ ਹੋਰ ਅਣੂ ਲੈ ਲੈਂਦੇ ਹਨ ਤਾਂ ਜੁ ਹਰ ਜੀਵੀ ਜੀਵ ਸਦਾ ਖ਼ੁਦ ਆਪਣਾ ਆਪ ਹੁੰਦਾ ਹੈ ਅਤੇ ਇਹਦੇ ਨਾਲ਼ ਹੀ ਨਾਲ਼ ਆਪਣੇ ਆਪ ਤੋਂ ਕੁੱਝ ਵੱਖਰਾ ਹੁੰਦਾ ਹੈ। ਹੋਰ, ਅਸੀਂ ਨੇੜਵੀਂ ਖੋਜ ਨਾਲ਼ ਵੇਖਦੇ ਹਾਂ ਕਿ ਕਿਸੇ ਵਿਰੋਧ ਦੇ ਦੋ ਸਿਰੇ, ਮਿਸਾਲ ਵਜੋਂ ਹਾਂ-ਪੱਖੀ ਅਤੇ ਨਾਂਹ-ਪੱਖੀ, ਜਿੰਨੇ ਵਿਰੋਧੀ ਹਨ, ਉਨੇ ਹੀ ਅਨਿਖੜਵੇਂ ਹਨ ਅਤੇ ਆਪਣੇ **ਸਾਰੇ** ਵਿਰੋਧ ਦੇ ਬਾਵਜੂਦ ਉਹਨਾਂ ਦੀ ਪ੍ਰਸਪਰ ਅੰਤਰ-ਸਮਾਈ ਹੁੰਦੀ ਹੈ ਅਤੇ ਇਸੇ ਤਰ੍ਹਾਂ ਅਸੀਂ ਵੇਖਦੀ ਹਾਂ ਕਿ ਕਾਰਨ ਅਤੇ ਅਸਰ ਅਜਿਹੇ ਸੰਕਲਪ ਹਨ ਜਿਹੜੇ ਵਿਕੋਲਤ੍ਰੀਆਂ ਹਾਲਤਾਂ ਵਿੱਚ ਉਹਨਾਂ ਨੂੰ ਲਾਗੂ ਕੀਤਿਆਂ ਹੀ ਠੀਕ ਹਨ; ਪਰ ਜਿਉਂ ਹੀ ਅਸੀਂ ਵਿਕੋਲਤ੍ਰੀਆਂ ਹਾਲਤਾਂ ਨੂੰ ਸਮੁੱਚੇ ਤੌਰ ’ਤੇ ਬ੍ਰਹਿਮੰਡ ਨਾਲ਼ ਆਮ ਸਬੰਧ ਵਿੱਚ ਵੇਖਣਾ ਸ਼ੁਰੂ ਕਰਦੇ ਹਾਂ ਉਹ ਇੱਕ ਦੂਜੇ ਨਾਲ਼ ਟਕਰਾਉਣ ਲੱਗ ਪੈਂਦੇ ਹਨ ਅਤੇ ਜਦੋਂ ਅਸੀਂ ਵਿਆਪਕ ਕਰਮ ਅਤੇ ਪ੍ਰਤੀਕਰਮ ਨੂੰ ਵਿਚਾਰਦੇ ਹਾਂ, ਜਿਸ ਵਿੱਚ ਕਾਰਨ ਅਤੇ ਅਸਰ ਨਿਰੰਤਰ ਥਾਂ ਬਦਲਦੇ ਰਹਿੰਦੇ ਹਨ ਤਾਂ ਜੁ ਜੋ ਕੁੱਝ ਇੱਥੇ ਅਤੇ ਇਸ ਸਮੇਂ ਅਸਰ ਹੈ ਉਹ ਉੱਥੇ ਅਤੇ ਉਸ ਸਮੇਂ ਕਾਰਨ ਬਣ ਸਕਦਾ ਅਤੇ ਇਸੇ ਤਰ੍ਹਾਂ ਹੀ ਕਾਰਨ ਅਸਰ ਬਣ ਸਕਦਾ ਹੈ।

ਸੋਚ ਦੇ ਇਹਨਾਂ ਅਮਲਾਂ ਅਤੇ ਢੰਗਾਂ ਵਿੱਚੋਂ ਕੋਈ ਵੀ ਅਧਿਆਤਮਵਾਦੀ ਤਰਕ

ਦੇ ਚੌਖਟੇ ਵਿੱਚ ਦਾਖ਼ਲ ਨਹੀਂ ਹੁੰਦਾ। ਦੂਜੇ ਹੱਥ ਦਵੰਦਵਾਦ ਵਸਤਾਂ ਅਤੇ ਉਹਨਾਂ ਦੀਆਂ ਪ੍ਰਤਿਨਿੱਧਤਾਵਾਂ, ਵਿਚਾਰਾਂ ਨੂੰ, ਉਹਨਾਂ ਦੇ ਲਾਜ਼ਮੀ ਸਬੰਧ, ਸਿਲਸਿਲੇ, ਹਰਕਤ, ਆਦਿ ਅਤੇ ਅੰਤ ਦੇ ਸਬੰਧ ਵਿੱਚ ਵੇਖਦਾ ਹੈ। ਇਸੇ ਲਈ ਉੱਪਰ ਜਿਨ੍ਹਾਂ ਅਮਲਾਂ ਦਾ ਜ਼ਿਕਰ ਕੀਤਾ ਗਿਆ ਹੈ ਉਹ ਇਹਦੇ ਅਮਲ ਦੇ ਆਪਣੇ ਢੰਗ ਦੀਆਂ ਇੰਨੀਆਂ ਸਾਰੀਆਂ ਪ੍ਰੋੜ੍ਹਤਾਵਾਂ ਹੀ ਹਨ। ਪ੍ਰਕਿਰਤੀ ਦਵੰਦਵਾਦ ਦਾ ਸਬੂਤ ਹੈ ਅਤੇ ਇਹ ਗੱਲ ਨਵੀਨ ਵਿਗਿਆਨ ਦੇ ਹੱਕ ਵਿੱਚ ਕਹੀ ਜਾ ਸਕਦੀ ਹੈ ਕਿ ਇਹਨੇ ਨਿੱਤ ਵੱਧ ਰਹੇ ਅਤਿ-ਅੰਤ ਭਰਪੂਰ ਪਦਾਰਥਾਂ ਰਾਹੀਂ ਇਹ ਸਬੂਤ ਪੇਸ਼ ਕੀਤਾ ਹੈ ਅਤੇ ਇਉਂ ਵਿਖਾ ਦਿੱਤਾ ਹੈ ਕਿ ਪ੍ਰਕਿਰਤੀ ਦਵੰਦਵਾਦੀ ਢੰਗ ਨਾਲ਼ ਅਮਲ ਕਰਦੀ ਹੈ ਅਧਿਆਤਮਵਾਦੀ ਢੰਗ ਨਾਲ਼ ਨਹੀਂ; ਕਿ ਇਹ ਇੱਕ ਨਿਰੰਤਰ ਘੜੀ ਮੁੜੀ ਉਪਜਦੇ ਦਾਇਰੇ ਦੀ ਸਦੀਵੀ ਇੱਕਤਾ ਵਿੱਚ ਚੱਕਰ ਨਹੀਂ ਕਦੀ ਸਗੋਂ ਇੱਕ ਅਸਲੀ ਇਤਿਹਾਸਕ ਵਿਕਾਸ ਵਿੱਚੋਂ ਲੰਘਦੀ ਹੈ। ਇਸ ਸਬੰਧ ਵਿੱਚ ਸਭਨਾਂ ਤੋਂ ਪਹਿਲਾਂ ਡਾਰਵਿਨ ਦਾ ਨਾਂ ਲਿਆ ਜਾਣਾ ਚਾਹੀਦਾ ਹੈ। ਇਹ ਸਾਬਤ ਕਰਕੇ ਕਿ ਸਾਰੇ ਜੀਵੀ ਜੀਵ, ਬੂਟੇ, ਪਸ਼ੂ ਅਤੇ ਖ਼ੁਦ ਮਨੁੱਖ ਵਿਕਾਸ ਦੇ ਅਮਲ ਦਾ ਸਿੱਟਾ ਹਨ ਜਿਹੜਾ ਲਖੂਖਾ ਵਰ੍ਹਿਆਂ ਤੋਂ ਚੱਲਦਾ ਆ ਰਿਹਾ ਹੈ, ਉਹਨੇ ਪ੍ਰਕਿਰਤੀ ਦੇ ਅਧਿਆਤਮਵਾਦੀ ਸੰਕਲਪ ਨੂੰ ਸਭ ਤੋਂ ਕਰੜੀ ਸੱਟ ਮਾਰੀ। ਪਰ ਜਿਨ੍ਹਾਂ ਪ੍ਰਕਿਰਤੀ ਵਿਗਿਆਨੀਆਂ ਨੇ ਦਵੰਦਵਾਦੀ ਢੰਗ ਨਾਲ਼ ਸੋਚਣਾ ਸਿੱਖ ਲਿਆ ਹੈ ਉਹ ਵਿਰਲੇ ਹੀ ਹਨ ਅਤੇ ਲੱਭਤ ਦੇ ਸਿੱਟਿਆਂ ਦੇ ਸੋਚਣ ਦੇ ਪਹਿਲਾਂ ਤੋਂ ਮਿੱਥੇ ਢੰਗਾਂ ਵਿਚਕਾਰ ਇਹ ਟੱਕਰ ਉਸ ਅਨੰਤ ਗੜਬੜ ਦਾ ਕਾਰਨ ਹੈ ਜਿਹੜੀ ਇਸ ਸਮੇਂ ਸਿਧਾਂਤਕ ਪ੍ਰਕਿਰਤਕ ਵਿਗਿਆਨਾਂ ਵਿੱਚ ਫੈਲੀ ਹੋਈ ਹੈ, ਜਿਹੜੀ ਅਧਿਆਪਕਾਂ ਅਤੇ ਸਿਖਾਂਦਰੂਆਂ, ਲੇਖਕਾਂ ਅਤੇ ਪਾਠਕਾਂ ਦੁਹਾਂ ਦੀ ਨਿਰਾਸ਼ਾ ਦਾ ਕਾਰਨ ਹੈ।

ਇਸੇ ਲਈ ਬ੍ਰਹਿਮੰਡ ਦੀ, ਇਹਦੇ ਵਿਕਾਸ ਦੀ, ਮਨੁੱਖਜਾਤੀ ਦੇ ਵਿਕਾਸ ਦੀ ਅਤੇ ਮਨੁੱਖਾਂ ਦੇ ਮਨਾਂ ਵਿੱਚ ਇਸ ਵਿਕਾਸ ਦੇ ਪ੍ਰਤਿਬਿੰਬ ਦੀ ਇੰਨ ਬਿੰਨ ਮੂਰਤ ਕੇਵਲ ਇਹਦੇ ਜੀਵਨ ਅਤੇ ਮੌਤ ਦੇ ਕਰਮਾਂ ਅਤੇ ਪ੍ਰਤੀਕਰਮਾਂ, ਅੱਗੇ-ਵਧੂ ਅਤੇ ਪਿੱਛੇ-ਹਟੂ ਤਬਦੀਲੀਆਂ ਦਾ ਸਦਾ ਧਿਆਨ ਸਮੇਤ ਦਵੰਦਵਾਦ ਰਾਹੀਂ ਦੀ ਪ੍ਰਾਪਤ ਕੀਤੀ ਜਾ ਸਕਦੀ ਹੈ ਅਤੇ ਨਵੇਂ ਜਰਮਨ ਦਰਸ਼ਨ ਨੇ ਇਸੇ ਭਾਵਨਾ ਅਨੁਸਾਰ ਕੰਮ ਕੀਤਾ। ਕਾਂਟ ਨੇ ਆਪਣੀ ਵਿਗਿਆਨਕ ਸਰਗਰਮੀ ਨਿਊਟਨ ਦੇ ਸਥਿਰ ਸੂਰਜੀ ਪ੍ਰਬੰਧ ਅਤੇ ਇਹਦੀ ਸਦੀਵੀ ਹੋਂਦ ਨੂੰ, ਇਤਿਹਾਸਕ ਅਮਲ ਵਿੱਚ ਬਦੂ ਪਹਿਲੀ ਮੁੱਢਲੀ ਹਰਕਤ ਦਿੱਤੇ ਜਾਣ ਪਿੱਛੋਂ, ਸੂਰਜ ਅਤੇ ਸਭਨਾਂ ਨਛੱਤਰਾਂ ਦੇ ਘੁੰਮਦੇ, ਧੁੰਦਲੇ ਸਮੂਹ ਵਿੱਚੋਂ ਬਣਨ ਵਿੱਚ ਹੱਲ ਕਰਕੇ ਕੀਤਾ। ਇਸ ਤੋਂ ਉਸਨੇ ਇਹ ਸਿੱਟਾ ਕੱਢਿਆ ਕਿ ਸੂਰਜੀ ਪ੍ਰਬੰਧ ਦੇ ਇਸ ਆਦਿ ਕਾਰਨ ਭਵਿੱਖ ਵਿੱਚ ਇਹਦੀ ਮੌਤ ਲਾਜ਼ਮੀ ਹੈ। ਅੱਧੀ ਸਦੀ ਪਿੱਛੋਂ ਲਾਪਲੇਸ ਨੇ ਉਹਦੇ ਸਿਧਾਂਤ ਨੂੰ ਗਣਿਤਕ ਤੌਰ 'ਤੇ ਸਾਬਤ ਕਰ ਦਿੱਤਾ ਅਤੇ ਅੱਧੀ ਸਦੀ ਪਿੱਛੋਂ ਸਪੈਕਟਰੋਸਕੋਪ ਨੇ ਪੁਲਾੜ ਵਿੱਚ ਸੰਘਣਤਾ ਦੇ ਵੱਖ ਵੱਖ ਪੜਾਆਂ ਉੱਤੇ ਪਹੁੰਚੇ ਗੈਸਾਂ ਦੇ ਲੋਅ-ਪਸਾਰ ਸਮੂਹਾਂ ਦੀ ਹੋਂਦ ਸਾਬਤ ਕਰ ਦਿੱਤੀ।

ਨਵੇਂ ਜਰਮਨ ਦਰਸ਼ਨ ਦੀ ਸਿਖਰ ਹੀਗਲ ਦੀ ਪ੍ਰਣਾਲੀ ਸੀ। ਇਸ ਪ੍ਰਣਾਲੀ ਵਿੱਚ

ਪਹਿਲੀ ਵਾਰ ਸਮੁੱਚੇ ਸੰਸਾਰ—ਪ੍ਰਕਿਰਤਕ, ਇਤਿਹਾਸਕ, ਬੌਧਕ—ਨੂੰ ਇੱਕ ਅਮਲ ਦੇ ਤੌਰ ’ਤੇ, ਅਰਥਾਤ, ਇੱਕ ਨਿਰੰਤਰ ਹਰਕਤ, ਤਬਦੀਲੀ, ਕਾਇਆ-ਪਲਟ, ਵਿਕਾਸ ਦੇ ਤੌਰ ’ਤੇ ਵੇਖਿਆ ਗਿਆ ਹੈ—ਅਤੇ ਇਹੋ ਇਹਦਾ ਮਹਾਨ ਗੁਣ ਹੈ—ਅਤੇ ਉਹ ਅੰਤ੍ਰੀਵ ਸਬੰਧ ਨੂੰ ਖੋਜਣ ਦਾ ਯਤਨ ਕੀਤਾ ਗਿਆ ਹੈ ਜਿਹੜਾ ਇਸ ਹਰਕਤ ਅਤੇ ਵਿਕਾਸ ਨੂੰ ਇੱਕ ਲਗਾਤਾਰ ਸਮੂਹ ਬਣਾਉਂਦਾ ਹੈ। ਇਸ ਦ੍ਰਿਸ਼ਟੀਕੋਣ ਤੋਂ ਮਨੁੱਖਜਾਤੀ ਦਾ ਇਤਿਹਾਸ ਹੁਣ ਹਿੰਸਾ ਦੇ ਤਰਕਹੀਣ ਕੰਮਾਂ ਦੀ ਵਹਿਮੀ ਘੁੰਮਣ-ਘੇਰੀ ਨਹੀਂ ਸੀ ਜਾਪਦਾ, ਜਿਹੜੇ ਸਭ ਇਸ ਯੋਗ ਸਨ ਕਿ ਉਹਨਾਂ ਨੂੰ ਪਰਪੱਕ ਦਾਰਸ਼ਨਕ ਤਰਕ ਦੀ ਕਚਹਿਰੀ ਵਿੱਚ ਨਿੰਦਿਆ ਜਾਵੇ, ਸਗੋਂ ਖ਼ੁਦ ਮਨੁੱਖ ਦੇ ਵਿਕਾਸ ਦੇ ਅਮਲ ਵਜੋਂ ਦਿੱਸਦਾ ਸੀ। ਹੁਣ ਇਹ ਬੁੱਧੀ ਦਾ ਕੰਮ ਸੀ ਕਿ ਉਹ ਇਹਦੇ ਸਭਨਾਂ ਵੱਲ-ਵਲੇਵੇਂ ਖਾਂਦੇ ਰਾਹਾਂ ਵਿੱਚੋਂ ਦਰਜੇਵਾਰ ਵਾਧੇ ਦੇ ਪਿੱਛੇ ਚੱਲੇ ਅਤੇ ਉਸ ਅੰਤ੍ਰੀਵ ਕਾਨੂੰਨ ਨੂੰ ਲੱਭੇ ਜਿਹੜਾ ਇਹਦੀਆਂ ਜਾਪਦੀਆਂ ਦੈਵ-ਨੈਤੀ ਘਟਨਾਵਾਂ ਵਿੱਚੋਂ ਲੰਘਦਾ ਹੈ।

ਇਸ ਗੱਲ ਦੀ ਕੋਈ ਮਹੱਤਤਾ ਨਹੀਂ ਕਿ ਹੀਗਲਵਾਦੀ ਪ੍ਰਣਾਲੀ ਉਹ ਮਸਲਾ ਹੱਲ ਨਾ ਕਰ ਸਕੀ ਜਿਹੜਾ ਉਸਨੇ ਪੇਸ਼ ਕੀਤਾ ਸੀ। ਇਹਦੀ ਯੁੱਗ-ਪਲਟਾਊ ਮਹੱਤਤਾ ਇਸ ਵਿੱਚ ਸੀ ਕਿ ਇਹਨੇ ਮਸਲਾ ਪੇਸ਼ ਕੀਤਾ। ਇਹ ਇੱਕ ਅਜਿਹਾ ਮਸਲਾ ਹੈ ਜਿਹੜਾ ਕੋਈ ਇਕੱਲਾ ਮਨੁੱਖ ਕਦੇ ਹੱਲ ਨਹੀਂ ਕਰ ਸਕੇਗਾ। ਭਾਵੇਂ—ਸੇਂਟ-ਸਾਇਮਨ ਦੇ ਨਾਲ਼— ਹੀਗਲ ਆਪਣੇ ਯੁੱਗ ਦਾ ਸਭ ਤੋਂ ਵੱਧ ਮਹਾਨ-ਕੋਸ਼ੀ ਦਿਮਾਗ਼ ਸੀ, ਪਰ ਇਹਦੇ ਬਾਵਜੂਦ ਉਹ ਸੀਮਤ ਸੀ, ਪਹਿਲੇ, ਆਪਣੇ ਗਿਆਨ ਦੇ ਲਾਜ਼ਮੀ ਤੌਰ ’ਤੇ ਸੀਮਤ ਘੇਰੇ ਕਾਰਨ ਅਤੇ ਦੂਜੇ ਆਪਣੇ ਯੁੱਗ ਦੇ ਗਿਆਨ ਅਤੇ ਸੰਕਲਪਾਂ ਦੇ ਸੀਮਤ ਘੇਰੇ ਅਤੇ ਡੂੰਘਾਈ ਕਾਰਨ। ਇਹਨਾਂ ਦੋ ਸੀਮਾਵਾਂ ਵਿੱਚ ਇੱਕ ਤੀਜੇ ਦਾ ਵਾਧਾ ਕਰਨਾ ਲਾਜ਼ਮੀ ਹੈ। ਹੀਗਲ ਇੱਕ ਆਦਰਸ਼ਵਾਦੀ ਸੀ। ਉਹਦੇ ਲਈ ਦਿਮਾਗ਼ ਵਿੱਚ ਵਿਚਾਰ ਯਥਾਰਥਕ ਵਸਤਾਂ ਅਤੇ ਅਮਲਾਂ ਦੇ ਵੱਧ ਜਾਂ ਘੱਟ ਸੂਖਮ ਬਿੰਬ ਨਹੀਂ ਸਨ ਸਗੋਂ, ਇਹਦੇ ਉਲਟ, ਵਸਤਾਂ ਅਤੇ ਉਹਨਾਂ ਦਾ ਵਿਕਾਸ “ਵਿਚਾਰ” ਦੇ ਪ੍ਰਾਪਤ ਕੀਤੇ ਬਿੰਬ ਸਨ, ਜਿਸਦੀ ਸੰਸਾਰ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਕਿਸੇ ਅਨੰਤਤਾ ਤੋਂ ਹੋਂਦ ਸੀ। ਸੋਚਣ ਦੇ ਇਸ ਢੰਗ ਨੇ ਹਰ ਸ਼ੈਅ ਨੂੰ ਸਿਰ ਭਾਰ ਖੜ੍ਹਾ ਕਰ ਦਿੱਤਾ ਅਤੇ ਇਸ ਸੰਸਾਰ ਵਿੱਚ ਵਸਤਾਂ ਦੇ ਅਸਲੀ ਸਬੰਧ ਨੂੰ ਉੱਕਾ ਹੀ ਉਲਟਾ ਬਣਾ ਦਿੱਤਾ। ਭਾਵੇਂ ਹੀਗਲ ਨੇ ਤੱਥਾਂ ਦੇ ਅਨੇਕ ਵਿਕੋਲਤ੍ਰੇ ਸਮੂਹਾਂ ਨੂੰ ਠੀਕ ਤਰ੍ਹਾਂ ਅਤੇ ਬੜੀ ਜੁਗਤ ਨਾਲ਼ ਸਮਝਿਆ, ਪਰ, ਇਸੇ ਕਾਰਨ ਹੀ ਉਹਦੇ ਵਿੱਚ ਬਹੁਤ ਕੁੱਝ ਅਜਿਹਾ ਹੈ ਜਿਹੜਾ ਤਰੁੰਡਿਆ ਹੋਇਆ, ਨਕਲੀ, ਧੂਹ ਘਸੀਟਵਾਂ, ਸੰਖੇਪ ਤੌਰ ’ਤੇ, ਵਿਸਥਾਰ ਦੇ ਨੁਕਤੇ ਤੋਂ ਗ਼ਲਤ ਹੈ। ਹੀਗਲਵਾਦੀ ਪ੍ਰਣਾਲੀ ਆਪਣੇ ਆਪ ਵਿੱਚ ਇੱਕ ਅਥਾਹ ਵੱਡਾ ਗਰਭ-ਪਾਤ ਸੀ—ਪਰ ਇਹ ਆਪਣੀ ਕਿਸਮ ਦਾ ਅਖ਼ੀਰੀ ਵੀ ਸੀ। ਤੱਥ ਤਾਂ ਇਹ ਹੈ ਕਿ ਇਹ ਇੱਕ ਅੰਦਰਲੇ ਅਤੇ ਅਸਾਧ ਵਿਰੋਧ ਦਾ ਸ਼ਿਕਾਰ ਸੀ। ਇੱਕ ਹੱਥ ਇਹਦਾ ਲਾਜ਼ਮੀ ਮਸਲਾ ਇਹ ਸੰਕਲਪ ਸੀ ਕਿ ਮਨੁੱਖੀ ਇਤਿਹਾਸ ਵਿਕਾਸ ਦਾ ਇੱਕ ਅਮਲ ਹੈ, ਜਿਹੜਾ ਆਪਣੇ ਖ਼ਾਸੇ ਕਾਰਨ, ਕਿਸੇ ਅਖੌਤੀ ਨਿਹਕੇਵਲ ਸੱਚ ਦੀ ਲੱਭਤ ਵਿੱਚ ਆਪਣਾ ਬੌਧਕ ਅੰਤਮ ਰੂਪ ਪ੍ਰਾਪਤ ਨਹੀਂ ਕਰ

ਸਕਦਾ। ਪਰ, ਦੂਜੇ ਹੱਥ, ਇਹ ਇਸੇ ਨਿਹਕੇਵਲ ਸੱਚ ਦਾ ਐਨ ਤੱਤ ਹੋਣ ਦਾ ਦਾਅਵਾ ਕਰਦਾ ਸੀ। ਪ੍ਰਕਿਰਤਕ ਅਤੇ ਇਤਿਹਾਸਕ ਗਿਆਨ ਦੀ ਇੱਕ ਅਜਿਹੀ ਪ੍ਰਣਾਲੀ, ਜਿਹੜੀ ਹਰ ਸ਼ੈਅ ਨੂੰ ਆਪਣੀ ਵਲਗਣ ਵਿੱਚ ਲੈ ਲੈਂਦੀ ਹੈ ਅਤੇ ਸਦਾ ਲਈ ਅੰਤਮ ਹੈ, ਦਵੰਦਵਾਦੀ ਤਰਕ ਦੇ ਬੁਨਿਆਦੀ ਨਿਯਮ ਦਾ ਵਿਰੋਧ ਹੈ। ਨਿਰਸੰਦੇਹ ਇਹ ਨਿਯਮ ਕਿਸੇ ਵੀ ਤਰ੍ਹਾਂ ਇਸ ਵਿਚਾਰ ਨੂੰ ਰੱਦ ਨਹੀਂ ਕਰਦਾ ਕਿ ਇੱਕ ਤੋਂ ਪਿੱਛੋਂ ਦੂਜੇ ਯੁੱਗ ਵਿੱਚ ਮਨੁੱਖੀ ਗਿਆਨ ਧੜਵੈਲ ਪਲਾਂਘਾਂ ਪੁੱਟ ਸਕਦਾ ਹੈ, ਸਗੋਂ ਇਹਨੂੰ ਆਪਣੇ ਵਿੱਚ ਸ਼ਾਮਲ ਕਰਦਾ ਹੈ।

ਜਰਮਨ ਆਦਰਸ਼ਵਾਦ ਦੇ ਬੁਨਿਆਦੀ ਵਿਰੋਧ ਦੀ ਸੂਝ ਦਾ ਲਾਜ਼ਮੀ ਸਿੱਟਾ ਪਦਾਰਥਾਵਾਦ ਵੱਲ ਮੁੜਨਾ ਨਿਕਲਿਆ, ਪਰ, ਧਿਆਨ ਰੱਖਣਾ, ਅਠਾਰ੍ਹਵੀਂ ਸਦੀ ਦੇ ਅਧਿਆਤਮਵਾਦੀ, ਅਨੰਨ ਮਕਾਨੀਕੀ ਪਦਾਰਥਵਾਦੀ ਨਹੀਂ। ਪੁਰਾਣਾ ਪਦਾਰਥਵਾਦ ਪਹਿਲਾਂ ਦੇ ਸਾਰੇ ਇਤਿਹਾਸ ਨੂੰ ਤਰਕਹੀਣਤਾ ਅਤੇ ਹਿੰਸਾ ਦਾ ਇੱਕ ਭੱਦਾ ਢੇਰ ਸਮਝਦਾ ਸੀ; ਨਵੀਨ ਪਦਾਰਥਵਾਦ ਇਹਦੇ ਵਿੱਚ ਮਨੁੱਖਜਾਤੀ ਦਾ ਵਿਕਾਸ ਵੇਖਦਾ ਹੈ ਅਤੇ ਇਸ ਵਿਕਾਸ ਦੇ ਨਿਯਮ ਲੱਭਣ ਦਾ ਯਤਨ ਕਰਦਾ ਹੈ। ਅਠਾਰ੍ਹਵੀਂ ਸਦੀ ਦੇ ਫ਼ਰਾਂਸੀਸੀਆਂ ਲਈ ਅਤੇ ਹੀਗਲ ਲਈ ਵੀ, ਪ੍ਰਕਿਰਤੀ ਦਾ ਪ੍ਰਵਾਨ ਸੰਕਲਪ ਸੀ ਇੱਕ ਸਮੂਹ, ਜਿਹੜਾ ਤੰਗ ਦਾਇਰਿਆਂ ਵਿੱਚ ਘੁੰਮਦਾ ਹੈ, ਅਤੇ ਸਦਾ ਲਈ ਨਿਸ਼ਚਿਤ ਹੈ, ਜਿਸ ਵਿੱਚ ਸਦੀਵੀ ਅਸਮਾਨੀ ਹੋਂਦਾਂ ਹਨ, ਜਿਵੇਂ ਕਿ ਨਿਊਟਨ ਨੇ ਸਿਖਾਇਆ ਅਤੇ ਤਬਦੀਲ ਨਾ ਹੋ ਸਕਣ ਵਾਲ਼ੀਆਂ ਜੀਵੀ ਜਾਤਾਂ ਹਨ, ਜਿਹਾ ਕਿ ਲੀਨੀਉਸ ਨੇ ਸਿਖਾਇਆ; ਨਵੀਨ ਪਦਾਰਥਵਾਦ ਪ੍ਰਕਿਰਤਕ ਵਿਗਿਆਨ ਦੀਆਂ ਵਧੇਰੇ ਸੱਜਰੀਆਂ ਲੱਭਤਾਂ ਨੂੰ ਆਪਣੀ ਵਲਗਣ ਵਿੱਚ ਲੈਂਦਾ ਹੈ, ਜਿਨ੍ਹਾਂ ਅਨੁਸਾਰ ਪ੍ਰਕਿਰਤੀ ਦਾ ਵੀ ਸਮੇਂ ਅਨੁਸਾਰ ਇਤਿਹਾਸ ਹੈ, ਅਤੇ ਉਹਨਾਂ ਜੀਵੀ ਜਾਤਾਂ ਵਾਂਗ, ਜਿਹੜੀਆਂ ਸੁਖਾਵੀਆਂ ਪ੍ਰਸਥਿਤੀਆਂ ਅਧੀਨ ਉਹਨਾਂ ਨੂੰ ਆਬਾਦ ਕਰਦੀਆਂ ਹਨ, ਅਸਮਾਨੀ ਹੋਂਦਾਂ ਵੀ ਜੰਮਦੀਆਂ ਅਤੇ ਤਬਾਹ ਹੁੰਦੀਆਂ ਹਨ ਅਤੇ ਜੇ ਸਮੁੱਚੇ ਤੌਰ ’ਤੇ ਪ੍ਰਕਿਰਤੀ ਨੂੰ ਅਜੇ ਵੀ ਮੁੜ ਮੁੜ ਵਾਪਰਨ ਵਾਲ਼ੇ ਗੇੜਾਂ ਵਿੱਚ ਘੁੰਮਣ ਵਾਲ਼ੀ ਕਿਹਾ ਜਾਵੇ ਤਾਂ ਇਹ ਗੇੜੇ ਅਨੰਤ ਵਡੇਰੇ ਆਕਾਰ ਪ੍ਰਾਪਤ ਕਰ ਲੈਂਦੇ ਹਨ। ਦੁਹਾਂ ਪੱਖਾਂ ਵਿੱਚ ਨਵੀਨ ਪਦਾਰਥਵਾਦ ਲਾਜ਼ਮੀ ਤੌਰ ’ਤੇ ਦਵੰਦਵਾਦੀ ਹੈ ਅਤੇ ਇਹਨੂੰ ਉਸ ਪ੍ਰਕਾਰ ਦੇ ਦਰਸ਼ਨ ਦੀ ਲੋੜ ਨਹੀਂ ਜਿਹੜਾ ਕਿਸੇ ਮਲਕਾ ਵਾਂਗ ਵਿਗਿਆਨਾਂ ਦੀ ਬਾਕੀ ਭੀੜ ਉੱਤੇ ਹਕੂਮਤ ਕਰਨ ਦਾ ਮਕਰ ਕਰਦਾ ਸੀ। ਜਿਉਂ ਹੀ ਹਰ ਵਿਸ਼ੇਸ਼ ਵਿਗਿਆਨ ਵਸਤਾਂ ਦੀ ਸਮੂਹਕਤਾ ਵਿੱਚ ਅਤੇ ਵਸਤਾਂ ਦੇ ਸਾਡੇ ਗਿਆਨ ਵਿੱਚ ਲਾਜ਼ਮੀ ਤੌਰ ’ਤੇ ਆਪਣੀ ਸਥਿਤੀ ਸਪੱਸ਼ਟ ਕਰਦਾ ਹੈ, ਇਸ ਸਮੂਹਕਤਾ ਨਾਲ਼ ਸਬੰਧ ਰੱਖਣ ਵਾਲ਼ਾ ਵਿਸ਼ੇਸ਼ ਵਿਗਿਆਨ ਫ਼ਾਲਤੂ ਜਾਂ ਬੇਲੋੜਾ ਹੋ ਜਾਂਦਾ ਹੈ। ਪਹਿਲੀਆਂ ਦੇ ਦਰਸ਼ਨ ਵਿੱਚੋਂ ਜੋ ਕੁੱਝ ਅਜੇ ਤੱਕ ਬਚਿਆ ਹੋਇਆ ਹੈ ਉਹ ਵਿਚਾਰ ਅਤੇ ਇਹਦੇ ਨਿਯਮਾਂ ਦਾ ਵਿਗਿਆਨ—ਰਸਮੀ ਮੰਤਕ ਅਤੇ ਦਵੰਦਵਾਦੀ— ਹੈ। ਬਾਕੀ ਸਭ ਕੁੱਝ ਪ੍ਰਕਿਰਤੀ ਅਤੇ ਇਤਿਹਾਸ ਦੇ ਹਾਂ-ਪੱਖੀ ਵਿਗਿਆਨ ਵਿੱਚ ਸ਼ਾਮਲ ਕਰ ਲਿਆ ਗਿਆ ਹੈ।

ਪਰ ਜਿੱਥੇ ਪ੍ਰਕਿਰਤੀ ਦੇ ਸੰਕਲਪ ਵਿੱਚ ਇਨਕਲਾਬ ਖੋਜ ਵੱਲੋਂ ਦਿੱਤੀ ਹਾਂ-ਪੱਖੀ ਸਮੱਗਰੀ ਦੀ ਅਨੁਸਾਰੀ ਨਿਸਬਤ ਨਾਲ਼ ਹੀ ਹੋ ਸਕਦਾ ਹੈ, ਬਹੁਤ ਪਹਿਲਾਂ ਹੀ ਕੁੱਝ

ਇਤਿਹਾਸਕ ਤੱਥ ਵਾਪਰ ਜਿਨ੍ਹਾਂ ਇਤਿਹਾਸ ਦੇ ਸੰਕਲਪ ਵਿੱਚ ਨਿਰਣਾਇਕ ਤਬਦੀਲੀ ਲਿਆ ਦਿੱਤੀ। 1831 ਵਿੱਚ ਲਾਇਨਜ਼ ਵਿਖੇ ਰਿਕਤੀਆਂ ਦੀ ਪਹਿਲੀ ਬਗ਼ਾਵਤ ਹੋਈ; 1838 ਅਤੇ 1842 ਦੇ ਵਿਚਕਾਰ ਪਹਿਲੀ ਕੌਮੀ ਕਿਰਤੀ ਸ਼੍ਰੇਣੀ ਲਹਿਰ, ਅੰਗ੍ਰੇਜ਼ ਅਧਿਕਾਰ–ਪੱਤਰਵਾਦੀਆਂ ਦੀ ਲਹਿਰ, ਆਪਣੀ ਸਿਖਰ 'ਤੇ ਅਪੜੀ। ਪ੍ਰੋਲਤਾਰੀ ਅਤੇ ਬੁਰਜੂਆਜ਼ੀ ਵਿਚਕਾਰ ਸ਼੍ਰੇਣੀ ਘੋਲ਼ ਯੂਰਪ ਦੇ ਸਭ ਤੋਂ ਵੱਧ ਉੱਨਤ ਦੇਸ਼ਾਂ ਵਿੱਚ ਇੱਕ ਹੱਥ ਨਵੀਨ ਸਨਅਤ ਦੇ ਅਤੇ ਦੂਜੇ ਹੱਥ ਬੁਰਜੂਆਜ਼ੀ ਵੱਲੋਂ ਪ੍ਰਾਪਤ ਕੀਤੀ ਰਾਜਸੀ ਪ੍ਰਮੁੱਖਤਾ ਦੇ ਵਿਕਾਸ ਦੀ ਨਿਸਬਤ ਨਾਲ਼ ਇਤਿਹਾਸ ਵਿੱਚ ਮੂਹਰੇ ਆਇਆ। ਤੱਥਾਂ ਨੇ ਸਰਮਾਏ ਅਤੇ ਕਿਰਤ ਦੇ ਹਿੱਤਾਂ ਦੇ ਸਗਵੇਂ ਹੋਣ ਸਬੰਧੀ, ਬੇਲਗਾਮ ਮੁਕਾਬਲੇ ਦੇ ਸਿੱਟੇ ਵਜੋਂ ਆਉਣ ਵਾਲ਼ੇ ਵਿਆਪਕ ਸੁਰਮੇਲ ਅਤੇ ਵਿਆਪਕ ਖ਼ੁਸ਼ਹਾਲੀ ਸਬੰਧੀ ਬੁਰਜੂਆ ਆਰਥਕਤਾ ਦੀਆਂ ਸਿੱਖਿਆਵਾਂ ਨੂੰ ਸਦਾ ਵਧੇਰੇ ਗ਼ਲਤ ਸਾਬਤ ਕੀਤਾ। ਇਹਨਾਂ ਗੱਲਾਂ ਨੂੰ ਉਸੇ ਤਰ੍ਹਾਂ ਅੱਖੋਂ ਉਹਲੇ ਨਹੀਂ ਸੀ ਕੀਤਾ ਜਾ ਸਕਦਾ ਜਿਵੇਂ ਫ਼ਰਾਂਸੀਸੀ ਜਾਂ ਬਰਤਾਨਵੀ ਸੋਸ਼ਲਿਜ਼ਮ ਨੂੰ, ਜਿਹੜਾ ਉਹਨਾਂ ਦਾ ਸਿਧਾਂਤਕ, ਭਾਵੇਂ ਬੜਾ ਅਧੂਰਾ, ਪ੍ਰਗਟਾਅ ਸੀ। ਪਰ ਇਤਿਹਾਸ ਦੇ ਪੁਰਾਣੇ ਆਦਰਸ਼ਵਾਦੀ ਸੰਕਲਪ ਨੂੰ, ਜਿਹੜਾ ਅਜੇ ਪੂਰੀ ਤਰ੍ਹਾਂ ਹਟਾਇਆ ਨਹੀਂ ਸੀ ਗਿਆ, ਆਰਥਕ ਹਿੱਤਾਂ ਉੱਤੇ ਅਧਾਰਤ ਸ਼੍ਰੇਣੀ ਘੋਲ਼ਾਂ ਦੀ ਕੋਈ ਸੂਝ ਨਹੀਂ ਸੀ, ਆਰਥਕ ਹਿੱਤਾਂ ਦੀ ਕੋਈ ਸੂਝ ਨਹੀਂ ਸੀ; ਇਹਨੂੰ ਉਤਪਾਦਨ ਅਤੇ ਸਭੇ ਆਰਥਕ ਸਬੰਧ "ਸੱਭਿਅਤਾ ਦੇ ਇਤਿਹਾਸ" ਵਿੱਚ ਕੇਵਲ ਸਬੱਬੀ, ਅਧੀਨ ਅੰਸ਼ ਜਾਪਦੇ।

ਨਵੇਂ ਤੱਥਾਂ ਨੇ ਬੀਤੇ ਦੇ ਸਾਰੇ ਇਤਿਹਾਸ ਦੀ ਇੱਕ ਨਵੀਂ ਪਰਖ ਲਾਜ਼ਮੀ ਬਣਾ ਦਿੱਤੀ। ਫੇਰ ਇਹ ਵੇਖਿਆ ਗਿਆ ਕਿ ਇਹਦੇ ਆਦਿ–ਕਾਲੀਨ ਪੜਾਆਂ ਤੋਂ ਬਿਨਾਂ **ਸਾਰਾ** ਪਿਛਲਾ ਇਤਿਹਾਸ ਸ਼੍ਰੇਣੀ ਘੋਲ਼ਾਂ ਦਾ ਇਤਿਹਾਸ ਸੀ; ਕਿ ਸਮਾਜ ਦੀਆਂ ਇਹ ਪ੍ਰਸਪਰ ਲੜ ਰਹੀਆਂ ਸ਼੍ਰੇਣੀਆਂ ਸਦਾ ਹੀ ਉਤਪਾਦਨ ਅਤੇ ਵਟਾਂਦਰੇ ਦੇ ਢੰਗਾਂ ਦੀ, ਮੁੱਕਦੀ ਗੱਲ, ਆਪਣੇ ਸਮੇਂ ਦੀਆਂ **ਆਰਥਕ** ਪ੍ਰਸਥਿਤੀਆਂ ਦੀ ਉਪਜ ਹੁੰਦੀਆਂ ਹਨ; ਕਿ ਸਮਾਜ ਦੀ ਆਰਥਕ ਬਣਤਰ ਸਦਾ ਉਹ ਅਸਲੀ ਅਧਾਰ ਪੇਸ਼ ਕਰਦੀ ਹੈ ਜਿਸ ਤੋਂ ਮੁੱਢ ਬੰਨ੍ਹ ਕੇ ਅਸੀਂ ਕਿਸੇ ਵਿਸ਼ੇਸ਼ ਇਤਿਹਾਸਕ ਦੌਰ ਦੀਆਂ ਕਾਨੂੰਨੀ ਅਤੇ ਰਾਜਸੀ ਸੰਸਥਾਵਾਂ ਦੀ ਸਮੁੱਚੀ ਉਪਰਲੀ ਬਣਤਰ ਨੂੰ ਵੀ ਅਤੇ ਧਾਰਮਕ, ਦਾਰਸ਼ਨਕ ਅਤੇ ਹੋਰ ਵਿਚਾਰਾਂ ਨੂੰ ਵੀ ਸਮਝ ਸਕਦੇ ਹਾਂ। ਹੀਗਲ ਨੇ ਇਤਿਹਾਸ ਨੂੰ ਅਧਿਆਤਮਵਾਦ ਤੋਂ ਮੁਕਤ ਕਰ ਦਿੱਤਾ ਸੀ—ਉਹਨੇ ਇਹਨੂੰ ਦਵੰਦਵਾਦੀ ਬਣਾ ਦਿੱਤਾ ਸੀ; ਪਰ ਉਹਦਾ ਇਤਿਹਾਸ ਦਾ ਸੰਕਲਪ ਬੁਨਿਆਦੀ ਤੌਰ 'ਤੇ ਆਦਰਸ਼ਾਵਦੀ ਸੀ। ਪਰ ਹੁਣ ਆਦਰਸ਼ਵਾਦ ਨੂੰ ਉਹਦੇ ਆਖਰੀ ਟਿਕਾਣੇ, ਇਤਿਹਾਸ ਦੇ ਦਰਸ਼ਨ ਵਿੱਚੋਂ ਵੀ ਕੱਢ ਦਿੱਤਾ ਗਿਆ; ਹੁਣ ਇਤਿਹਾਸ ਦੀ ਪਦਾਰਥਵਾਦੀ ਵਿਆਖਿਆ ਪੇਸ਼ ਕੀਤੀ ਗਈ ਅਤੇ ਪਹਿਲਾਂ ਵਾਂਗ ਉਹਦੇ "ਬੋਧ" ਰਾਹੀਂ ਉਹਦੀ "ਹੋਂਦ" ਦੀ ਵਿਆਖਿਆ ਕਰਨ ਦੀ ਥਾਂ ਉਹਦੀ "ਹੋਂਦ" ਰਾਹੀਂ ਉਹਦੇ "ਬੋਧ" ਦੀ ਵਿਆਖਿਆ ਕਰਨ ਦਾ ਢੰਗ ਲੱਭ ਲਿਆ ਗਿਆ।

ਉਸ ਸਮੇਂ ਤੋਂ ਸੋਸ਼ਲਿਜ਼ਮ ਕਿਸੇ ਇੱਕ ਜਾਂ ਦੂਜੇ ਜੁਗਤੀ ਦਿਮਾਗ਼ ਦੀ ਸੁਭਾਵਕ

ਲੱਭਤ ਨਹੀਂ ਸਗੋਂ ਦੋ ਇਤਿਹਾਸਕ ਤੌਰ 'ਤੇ ਵਿਕਸਤ ਸ਼੍ਰੇਣੀਆਂ—ਪ੍ਰੋਲੇਤਾਰੀ ਅਤੇ ਬੁਰਜੂਆਜ਼ੀ ਵਿਚਕਾਰ ਘੋਲ਼ ਦਾ ਜ਼ਰੂਰੀ ਸਿੱਟਾ ਬਣ ਗਿਆ। ਹੁਣ ਇਹਦਾ ਕਾਰਜ ਵੱਧ ਤੋਂ ਵੱਧ ਸੰਭਵ ਨਿਪੁੰਨ ਸਮਾਜੀ ਪ੍ਰਬੰਧ ਘੜਨਾ ਨਾ ਰਿਹਾ ਸਗੋਂ ਉਹਨਾਂ ਘਟਨਾਵਾਂ ਦੀ ਉਸ ਇਤਿਹਾਸੀ-ਆਰਥਕ ਲੜੀ ਦਾ ਅਧਿਐਨ, ਜਿਨ੍ਹਾਂ ਤੋਂ ਇਹ ਸ਼੍ਰੇਣੀਆਂ ਅਤੇ ਉਹਨਾਂ ਦੇ ਵਿਰੋਧ ਲਾਜ਼ਮੀ ਤੌਰ 'ਤੇ ਹੋਂਦ ਵਿੱਚ ਆਏ ਸਨ ਅਤੇ ਇਉਂ ਪੈਦਾ ਹੋਈਆਂ ਆਰਥਕ ਪ੍ਰਸਥਿਤੀਆਂ ਵਿੱਚ ਟੱਕਰ ਦੇ ਅੰਤ ਦੇ ਸਾਧਨ ਲੱਭਣਾ ਬਣ ਗਿਆ। ਪਰ ਪਹਿਲੇ ਦੇ ਦਿਨਾਂ ਦਾ ਸੋਸ਼ਲਿਜ਼ਮ ਇਸ ਪਦਾਰਥਵਾਦੀ ਸੰਕਲਪ ਨਾਲ਼ ਉਨਾਂ ਹੀ ਬੇਜੋੜ ਸੀ ਜਿੰਨਾ ਫ਼ਰਾਂਸੀਸੀ ਪਦਾਰਥਵਾਦੀਆਂ ਦਾ ਪ੍ਰਕਿਰਤੀ ਦਾ ਸੰਕਲਪ ਦਵੰਦਵਾਦ ਅਤੇ ਨਵੀਨ ਪ੍ਰਕਿਰਤਕ ਵਿਗਿਆਨ ਨਾਲ਼ ਬੇਜੋੜ ਸੀ। ਨਿਰਸੰਦੇਹ ਪਹਿਲੇ ਦਿਨਾਂ ਦਾ ਸੋਸ਼ਲਿਜ਼ਮ ਉਤਪਾਦਨ ਦੇ ਵਿਦਮਾਨ ਸਰਮਾਏਦਾਰ ਪ੍ਰਬੰਧ ਅਤੇ ਇਹਦੇ ਸਿੱਟਿਆਂ ਦੀ ਪੜਚੋਲ ਕਰਦਾ ਸੀ, ਪਰ ਇਹ ਉਹਨਾਂ ਦੀ ਵਿਆਖਿਆ ਨਹੀਂ ਸੀ ਕਰਦਾ ਅਤੇ ਇਸੇ ਲਈ ਉਹਨਾਂ ਉੱਤੇ ਗ਼ਲਬਾ ਪ੍ਰਾਪਤ ਨਹੀਂ ਸੀ ਕਰ ਸਕਦਾ। ਇਹ ਤਾਂ ਉਹਨਾਂ ਨੂੰ ਬਸ ਭੈੜ ਹੋਣ ਵਜੋਂ ਰੱਦ ਹੀ ਕਰ ਸਕਦਾ ਸੀ। ਪਹਿਲਾਂ ਦਾ ਸੋਸ਼ਲਿਜ਼ਮ ਜਿੰਨੀ ਵਧੇਰੇ ਸਖ਼ਤੀ ਨਾਲ਼ ਸਰਮਾਏਦਾਰ ਅਧੀਨ ਕਿਰਤੀ ਸ਼੍ਰੇਣੀ ਦੀ ਅਟੱਲ ਲੁੱਟ-ਚੋਂਘ ਦੀ ਨਿਖੇਧੀ ਕਰਦਾ ਉਨਾਂ ਹੀ ਘਟ ਉਹ ਸਪਸ਼ਟ ਤੌਰ 'ਤੇ ਵਿਖਾਉਣ ਦੇ ਯੋਗ ਸੀ ਕਿ ਉਹ ਲੁੱਟ-ਚੋਂਘ ਕਾਹਦੇ ਵਿੱਚ ਹੈ ਅਤੇ ਇਹ ਕਿਵੇਂ ਹੋਂਦ ਵਿੱਚ ਆਈ। ਇਹਦੇ ਲਈ ਇਹ ਲਾਜ਼ਮੀ ਸੀ ਕਿ (1) ਉਤਪਾਦਨ ਦੇ ਸਰਮਾਏਦਾਰ ਪ੍ਰਬੰਧ ਨੂੰ ਇਹਦੇ ਇਤਿਹਾਸਕ ਸਬੰਧ ਵਿੱਚ ਅਤੇ ਇਸੇ ਲਈ ਇੱਕ ਵਿਸ਼ੇਸ਼ ਇਤਿਹਾਸਕ ਦੌਰ ਵਿੱਚ ਇਹਦੀ ਅਟੱਲਤਾ ਵਿੱਚ ਅਤੇ ਇਸੇ ਲਈ ਇਹਦਾ ਅਟੱਲ ਤੌਰ 'ਤੇ ਢਹਿ-ਢੇਰੀ ਹੋਣਾ ਦਰਸਾਉਣਾ; ਅਤੇ (2) ਇਹਦਾ ਬੁਨਿਆਦੀ ਖ਼ਾਸਾ ਜਿਹੜਾ ਅਜੇ ਤੱਕ ਲੁਪਤ ਸੀ, ਨੰਗਾ ਕਰਨਾ ਲਾਜ਼ਮੀ ਸੀ। ਇਹ ਕੰਮ **ਵਾਧੂ-ਕਦਰ** ਦੀ ਲੱਭਤ ਰਾਹੀਂ ਕੀਤਾ ਗਿਆ। ਇਹ ਵਿਖਾਇਆ ਗਿਆ ਕਿ ਉਜਰਤ ਤੋਂ ਬਿਨਾਂ ਕਿਰਤ ਦਾ ਹੜਪਣਾ ਉਪਜ ਦੇ ਸਰਮਾਏਦਾਰ ਪ੍ਰਬੰਧ ਦਾ ਅਤੇ ਇਸ ਅਧੀਨ ਕਿਰਤੀ ਦੀ ਜਿਹੜੀ ਲੁੱਟ-ਚੋਂਘ ਹੁੰਦੀ ਹੈ, ਉਹਦਾ ਅਧਾਰ ਹੈ; ਕਿ ਜੇ ਸਰਮਾਏਦਾਰ ਮਜ਼ਦੂ ਦੀ ਕਿਰਤ ਸ਼ਕਤੀ ਨੂੰ ਮੰਡੀ ਵਿੱਚ ਜਿਣਸ ਵਜੋਂ ਇਹਦੇ ਪੂਰੀ ਕੀਮਤ ਦੇ ਕੇ ਮੁੱਲ ਲੈਂਦਾ ਹੈ ਇਹਦੇ ਬਾਵਜੂਦ ਉਹ ਇਸ ਤੋਂ ਦਿੱਤੀ ਕੀਮਤ ਤੋਂ ਵਧੇਰੇ ਕਦਰ ਪ੍ਰਾਪਤ ਕਰਦਾ ਹੈ; ਅਤੇ ਇਹ ਕਿ ਅੰਤਲੇ ਵਿਸ਼ਲੇਸ਼ਣ ਵਿੱਚ ਇਹ ਵਾਧੂ-ਕਦਰ ਕਦਰ ਦੀਆਂ ਉਹ ਮਾਤਰਾਵਾਂ ਬਣਦੀ ਹੈ ਜਿਹੜੀਆਂ ਮਾਲਕ ਸ਼੍ਰੇਣੀ ਦੇ ਹੱਥਾਂ ਵਿੱਚ ਸਰਮਾਏ ਦੇ ਸਦਾ ਵਧੇਰੇ ਵੱਧ ਰਹੇ ਸਮੂਹ ਬਣਦੀ ਹੈ। ਸਰਮਾਏਦਾਰ ਉਤਪਾਦਨ ਅਤੇ ਸਰਮਾਏ ਦੇ ਉਤਪਾਦਨ ਦੁਹਾਂ ਦੀ ਉਤਪਤੀ ਦੀ ਵਿਆਖਿਆ ਕੀਤੀ ਗਈ।

ਇਹਨਾਂ ਦੋ ਮਹਾਨ ਲੱਭਤਾਂ, ਇਤਿਹਾਸ ਦੇ ਪਦਾਰਥਵਾਦੀ ਸੰਕਲਪ ਅਤੇ ਵਾਧੂ-ਕਦਰ ਰਾਹੀਂ ਸਰਮਾਏਦਾਰ ਉਤਪਾਦਨ ਦੇ ਭੇਤ ਪ੍ਰਗਟ ਕਰਨ ਲਈ ਅਸੀਂ **ਮਾਰਕਸ** ਦੇ ਦੇਣਦਾਰ ਹਾਂ। ਇਹਨਾਂ ਲਭਤਾਂ ਨਾਲ਼ ਸੋਸ਼ਲਿਜ਼ਮ ਇੱਕ ਵਿਗਿਆਨ ਬਣ ਗਿਆ। ਅਗਲਾ ਕੰਮ ਇਹਦੇ ਵਿਸਥਾਰਾਂ ਅਤੇ ਸਬੰਧਾਂ ਦੀ ਵਿਆਖਿਆ ਕਰਨਾ ਸੀ।

# III

ਇਤਿਹਾਸ ਦਾ ਪਦਾਰਥਵਾਦੀ ਸੰਕਲਪ ਇਸ ਪ੍ਰਸਤਾਵ ਤੋਂ ਸ਼ੁਰੂ ਹੁੰਦਾ ਹੈ ਕਿ ਮਨੁੱਖੀ ਜੀਵਨ ਕਾਇਮ ਰੱਖਣ ਦੇ ਸਾਧਨਾਂ ਦੀ ਉਪਜ ਅਤੇ ਉਪਜ ਤੋਂ ਮਗਰੋਂ ਉਪਜਾਈਆਂ ਵਸਤਾਂ ਦਾ ਤਬਾਦਲਾ ਸਾਰੀ ਸਮਾਜੀ ਬਣਤਰ ਦਾ ਆਧਾਰ ਹੈ; ਕਿ ਇਤਿਹਾਸ ਵਿੱਚ ਜਿਹੜਾ ਵੀ ਸਮਾਜ ਪ੍ਰਗਟ ਹੋਇਆ ਹੈ ਉਸ ਵਿੱਚ ਦੌਲਤ ਦੀ ਵੰਡ ਅਤੇ ਸਮਾਜ ਦੇ ਸ਼੍ਰੇਣੀਆਂ ਜਾਂ ਵਰਗਾਂ ਵਿੱਚ ਵੰਡੇ ਜਾਣ ਦਾ ਢੰਗ ਇਸ ਗੱਲ ਉੱਤੇ ਨਿਰਭਰ ਹੈ ਕਿ ਕੀ ਉਪਜਾਇਆ ਜਾਂਦਾ ਹੈ, ਕਿਵੇਂ ਉਪਜਾਇਆ ਜਾਂਦਾ ਹੈ ਅਤੇ ਉਪਜਾਈਆਂ ਵਸਤਾਂ ਕਿਵੇਂ ਵੰਡੀਆਂ ਜਾਂਦੀਆਂ ਹਨ। ਇਸ ਦ੍ਰਿਸ਼ਟੀਕੋਣ ਤੋਂ ਸਭਨਾਂ ਸਮਾਜੀ ਤਬਦੀਲੀਆਂ ਅਤੇ ਰਾਜਸੀ ਇਨਕਲਾਬਾਂ ਦੇ ਅੰਤਮ ਕਾਰਨ ਮਨੁੱਖਾਂ ਦੇ ਦਿਮਾਗ਼ਾਂ ਵਿੱਚ ਨਹੀਂ, ਸਦੀਵੀ ਸੱਚ ਅਤੇ ਇਨਸਾਫ਼ ਸਬੰਧੀ ਮਨੁੱਖ ਦੀ ਚੰਗੇਰੀ ਸੂਝ ਵਿੱਚ ਨਹੀਂ ਸਗੋਂ ਉਤਪਾਦਨ ਅਤੇ ਤਬਾਦਲੇ ਦੇ ਢੰਗਾਂ ਵਿੱਚ ਤਬਦੀਲੀ ਵਿੱਚ ਲੱਭਣੇ ਚਾਹੀਦੇ ਹਨ। ਇਹ ਹਰ ਦੌਰ ਦੇ **ਦਰਸ਼ਨ** ਵਿੱਚ ਨਹੀਂ ਸਗੋਂ **ਆਰਥਕਤਾ** ਵਿੱਚ ਲੱਭਣੇ ਚਾਹੀਦੇ ਹਨ। ਇਸ ਗੱਲ ਦੀ ਵੱਧ ਰਹੀ ਸੂਝ ਕਿ ਵਿਦਮਾਨ ਸਮਾਜੀ ਸੰਸਥਾਵਾਂ ਅਨਿਆਈ ਅਤੇ ਅਣਮੁਨਸਫ਼ੀ ਬਣ ਗਈਆਂ ਹਨ ਕਿ ਤਰਕ ਬੇਤਰਕ ਬਣ ਗਿਆ ਹੈ ਅਤੇ ਹੱਕ ਨਹੱਕ* ਬਣ ਗਿਆ ਹੈ ਕੇਵਲ ਇਸ ਗੱਲ ਦਾ ਸਬੂਤ ਹੈ ਕਿ ਉਤਪਾਦਨ ਅਤੇ ਵਟਾਂਦਰੇ ਦੇ ਢੰਗਾਂ ਵਿੱਚ ਚੁੱਪ ਚਾਪ ਅਜਿਹੀਆਂ ਤਬਦੀਲੀਆਂ ਹੋ ਗਈਆਂ ਹਨ, ਜਿਨ੍ਹਾਂ ਨਾਲ਼ ਉਹ ਸਮਾਜੀ ਪ੍ਰਬੰਧ, ਜਿਹੜਾ ਪਹਿਲੀਆਂ ਦੀਆਂ ਆਰਥਕ ਪ੍ਰਸਥਿਤੀਆਂ ਦੇ ਅਨੁਸਾਰੀ ਸੀ, ਹੁਣ ਮੇਲ ਨਹੀਂ ਖਾਂਦਾ। ਇਸ ਤੋਂ ਇਹ ਸਿੱਟਾ ਵੀ ਨਿਕਲਦਾ ਹੈ ਕਿ ਜਿਹੜੇ ਅਣਮੇਲ ਪ੍ਰਗਟ ਹੋਏ ਹਨ ਉਹਨਾਂ ਨੂੰ ਦੂਰ ਕਰਨ ਦੇ ਸਾਧਨ ਵੀ, ਘੱਟ ਜਾਂ ਵੱਧ ਵਿਕਸਤ ਰੂਪ ਵਿੱਚ, ਖ਼ੁਦ ਉਤਪਾਦਨ ਦੇ ਤਬਦੀਲ ਹੋਏ ਸਾਧਨਾਂ ਵਿੱਚ ਮੌਜੂਦ ਹੋਣਗੇ। ਇਹ ਸਾਧਨ ਬੁਨਿਆਦੀ ਅਸੂਲਾਂ ਤੋਂ ਨਿਗਮਨ ਰਾਹੀਂ ਨਹੀਂ **ਕੱਢੇ ਜਾਂਦੇ** ਸਗੋਂ ਉਤਪਾਦਨ ਦੇ ਵਿਦਮਾਨ ਪ੍ਰਬੰਧ ਦੇ ਅੜੀਅਲ ਤੱਥਾਂ ਵਿੱਚੋਂ **ਲੱਭਣੇ** ਪੈਂਦੇ ਹਨ।

ਤਾਂ ਫੇਰ ਇਸ ਸਬੰਧ ਵਿੱਚ ਨਵੀਨ ਸੋਸ਼ਲਿਜ਼ਮ ਦੀ ਸਥਿਤੀ ਕੀ ਹੈ?

ਸਮਾਜ ਦੀ ਅਜੋਕੀ ਬਣਤਰ—ਇਹ ਗੱਲ ਹੁਣ ਆਮ ਤੌਰ 'ਤੇ ਪ੍ਰਵਾਨ ਕੀਤੀ ਜਾਂਦੀ ਹੈ— ਅਜੋਕੀ ਹਾਕਮ ਸ਼੍ਰੇਣੀ, ਬੁਰਜੂਆਜ਼ੀ ਦੀ ਸਿਰਜਣਾ ਹੈ। ਉਤਪਾਦਨ ਦਾ ਉਹ ਢੰਗ ਜਿਹੜਾ ਬੁਰਜੂਆਜ਼ੀ ਦਾ ਵਿਸ਼ੇਸ਼ ਲੱਛਣ ਹੈ, ਜਿਸਨੂੰ, ਮਾਰਕਸ ਦੇ ਸਮੇਂ ਤੋਂ, ਉਤਪਾਦਨ ਦਾ ਸਰਮਾਏਦਾਰ ਢੰਗ ਕਹਿੰਦੇ ਹਨ, ਸਾਮੰਤੀ ਪ੍ਰਣਾਲੀ ਨਾਲ਼, ਵਿਅਕਤੀਆਂ, ਪੂਰੇ ਦੇ ਪੂਰੇ ਦਰਜਿਆਂ ਅਤੇ ਸਥਾਨਕ ਨਿਗਮਾਂ ਨੂੰ ਦਿੱਤੇ ਵਿਸ਼ੇਸ਼ ਹੱਕਾਂ ਨਾਲ਼ ਵੀ ਅਤੇ ਉਸ ਜਦੀ ਅਧੀਨਗੀ ਨਾਲ਼ ਵੀ ਜਿਹੜੀ ਇਸ ਸਮਾਜੀ ਜਥੇਬੰਦੀ ਦਾ ਢਾਂਚਾ ਸੀ, ਅਣਮੇਲਵਾਂ ਸੀ। ਬੁਰਜੂਆਜ਼ੀ ਨੇ ਸਾਮੰਤੀ ਪ੍ਰਣਾਲੀ ਨੂੰ ਤੋੜ ਦਿੱਤਾ ਅਤੇ ਇਹਦੇ ਖੰਡਰਾਂ ਉੱਤੇ ਸਮਾਜ ਦਾ

---

* ਗੋਇਟੇ ਦੇ "ਫ਼ਾਸਟ" ਵਿੱਚ ਮੈਫ਼ਿਸਟਾਫ਼ਲੀਸ। **—ਸੰਪਾ.**

ਸਰਮਾਏਦਾਰ ਪ੍ਰਬੰਧ, ਖੁੱਲ੍ਹੇ ਮੁਕਾਬਲੇ ਦੀ, ਜਿਣਸਾਂ ਦੇ ਮਾਲਕਾਂ ਦੀ ਨਿੱਜੀ ਅਜ਼ਾਦੀ, ਕਾਨੂੰਨ ਦੇ ਸਾਹਮਣੇ ਬਰਾਬਰੀ ਦੀ, ਹੋਰਨਾਂ ਸਭਨਾਂ ਸਰਮਾਏਦਾਰ ਬਰਕਤਾਂ ਦੀ ਬਾਦਸ਼ਾਹੀ ਸਥਾਪਤ ਕੀਤੀ। ਇਸ ਤੋਂ ਪਿਛੋਂ ਉਤਪਾਦਨ ਦਾ ਸਰਮਾਏਦਾਰ ਢੰਗ ਅਜ਼ਾਦੀ ਨਾਲ਼ ਵਿਕਾਸ ਕਰ ਸਕਦਾ ਸੀ। ਜਦੋਂ ਭਾਫ਼, ਮਸ਼ੀਨਾਂ ਅਤੇ ਮਸ਼ੀਨਾਂ ਰਾਹੀਂ ਬਣਾਉਣ ਨੇ ਪੁਰਾਣੇ ਕਾਰਖ਼ਾਨੇਦਾਰੀ ਉਤਪਾਦਨ ਨੂੰ ਨਵੀਨ ਸਨਅਤ ਵਿੱਚ ਤਬਦੀਲ ਕਰ ਦਿੱਤਾ ਤਾਂ ਬੁਰਜੂਆਜ਼ੀ ਦੀ ਅਗਵਾਈ ਵਿੱਚ ਵਿਕਸਤ ਹੋਈ ਉਤਪਾਦਕ ਸ਼ਕਤੀਆਂ ਏਨੀ ਤੇਜ਼ੀ ਨਾਲ਼ ਅਤੇ ਇਸ ਹੱਦ ਤੱਕ ਵਿਕਸਤ ਹੋਣੀਆਂ ਸ਼ੁਰੂ ਹੋਈਆਂ ਜਿਹੜੀਆਂ ਪਹਿਲੇ ਕਦੇ ਵੇਖੀਆਂ ਨਹੀਂ ਸਨ ਗਈਆਂ। ਪਰ ਐਨ ਉਸੇ ਤਰ੍ਹਾਂ ਜਿਵੇਂ ਆਪਣੇ ਸਮੇਂ ਵਿੱਚ ਪੁਰਾਣੇ ਉਤਪਾਦਨ, ਅਤੇ ਇਹਦੇ ਅਸਰ ਅਧੀਨ ਵਧੇਰੇ ਵਿਕਸਤ ਹੋਈ ਦਸਤਕਾਰੀ ਦੀ, ਕਿਰਤ-ਬਰਾਦਰੀਆਂ ਦੇ ਸਾਮੰਤੀ ਬੰਧਨਾਂ ਨਾਲ਼ ਟੱਕਰ ਹੋਈ, ਉਸੇ ਤਰ੍ਹਾਂ ਹੁਣ ਨਵੀਨ ਸਨਅਤ, ਆਪਣੇ ਵਧੇਰੇ ਮੁਕੰਮਲ ਵਿਕਾਸ ਵਿੱਚ, ਉਹਨਾਂ ਹੱਦਾਂ ਨਾਲ਼ ਟਕਰਾਉਂਦੀ ਹੈ। ਜਿਸ ਵਿੱਚ ਉਤਪਾਦਨ ਦਾ ਸਰਮਾਏਦਾਰ ਢੰਗ ਇਹਨੂੰ ਡੱਕੀ ਰੱਖਦਾ ਹੈ। ਨਵੀਨ ਉਤਪਾਦਕ ਸ਼ਕਤੀਆਂ ਉਹਨਾਂ ਨੂੰ ਵਰਤਣ ਦੇ ਸਰਮਾਏਦਾਰ ਢੰਗ ਤੋਂ ਪਹਿਲਾਂ ਹੀ ਅੱਗੇ ਵੱਧ ਗਈਆਂ ਹਨ ਅਤੇ ਉਤਪਾਦਕ ਸ਼ਕਤੀਆਂ ਅਤੇ ਉਤਪਾਦਨ ਦੇ ਢੰਗਾਂ ਵਿਚਕਾਰ ਟੱਕਰ ਪਹਿਲੇ ਗੁਨਾਹ ਅਤੇ ਦੈਵੀ ਇਨਸਾਫ਼ ਵਿਚਕਾਰ ਟੱਕਰ ਵਾਂਗ ਮਨੁੱਖਾਂ ਦੇ ਮਨਾਂ ਵਿੱਚ ਪੈਦਾ ਹੋਈ ਕੋਈ ਟੱਕਰ ਨਹੀਂ। ਤੱਥ ਤਾਂ ਇਹ ਹੈ ਕਿ ਇਹਦੀ ਬਾਹਰਮੁਖੀ ਹੋਂਦ ਹੈ, ਸਾਡੇ ਤੋਂ ਬਾਹਰੀ, ਉਹਨਾਂ ਲੋਕਾਂ ਦੀ ਇੱਛਾ ਅਤੇ ਅਮਲਾਂ ਤੋਂ ਵੀ ਬਾਹਰੀ ਜਿਨ੍ਹਾਂ ਇਹਨੂੰ ਹੋਂਦ ਵਿੱਚ ਲਿਆਂਦਾ। ਨਵੀਨ ਸੋਸ਼ਲਿਜ਼ਮ ਤੱਥਾਂ ਵਿੱਚ ਇਸ ਟੱਕਰ ਦੇ ਵਿਚਾਰ ਵਿੱਚ ਪ੍ਰਤਿਬਿੰਬ ਤੋਂ ਬਿਨਾਂ, ਪਹਿਲਾਂ, ਇਸ ਤੋਂ ਸਿੱਧੀ ਤਰ੍ਹਾਂ ਦੁੱਖ ਉਠਾਉਣ ਵਾਲ਼ੀ ਸ਼੍ਰੇਣੀ, ਕਿਰਤੀ ਸ਼੍ਰੇਣੀ ਦੇ ਮਨਾਂ ਵਿੱਚ ਇਹਦੇ ਆਦਰਸ਼ ਪ੍ਰਤਿਬਿੰਬ ਤੋਂ ਬਿਨਾਂ ਕੁੱਝ ਨਹੀਂ।

ਹੁਣ ਇਸ ਟੱਕਰ ਵਿੱਚ ਕੀ ਸ਼ਾਮਲ ਹੈ ?

ਸਰਮਾਏਦਾਰ ਉਤਪਾਦਨ ਤੋਂ ਪਹਿਲਾਂ, ਅਰਥਾਤ, ਮੱਧ ਕਾਲ ਵਿੱਚ, ਨਿੱਕੀ ਸਨਅਤ ਦਾ ਪ੍ਰਬੰਧ ਆਮ ਤੌਰ 'ਤੇ ਚਾਲੂ ਸੀ, ਜਿਸਦਾ ਅਧਾਰ ਮਜ਼ਦੂਰਾਂ ਦੇ ਉਤਪਾਦਨ ਦੇ ਸਾਧਨਾਂ ਦੀ ਨਿੱਜੀ ਮਾਲਕੀ ਸੀ; ਪਿੰਡਾਂ ਵਿੱਚ ਨਿੱਕੇ ਕਿਸਾਨਾਂ, ਅਜ਼ਾਦ ਜਾਂ ਖੇਤ-ਗ਼ੁਲਾਮ, ਦੀ ਖੇਤੀ; ਸ਼ਹਿਰਾਂ ਵਿੱਚ ਕਿਰਤ-ਬਰਾਦਰੀਆਂ ਵਿੱਚ ਜਥੇਬੰਦ ਦਸਤਕਾਰੀਆਂ। ਕਿਰਤ ਦੇ ਸੰਦ—ਭੋਂ, ਖੇਤੀ ਦੇ ਸੰਦ, ਵਰਕਸ਼ਾਪ, ਔਜ਼ਾਰ— ਇਕੱਲੇ ਇਕੱਲੇ ਵਿਅਕਤੀ ਦੀ ਕਿਰਤ ਦੇ ਸੰਦ ਸਨ, ਜਿਹੜੇ ਇੱਕ ਕਿਰਤੀ ਦੀ ਵਰਤੋਂ ਲਈ ਅਨੁਸਾਰੇ ਹੋਏ ਸਨ ਅਤੇ ਇਸੇ ਲਈ, ਜ਼ਰੂਰ ਹੀ, ਛੋਟੇ, ਠਿਗਣੇ ਅਤੇ ਸੀਮਤ ਸਨ। ਪਰ, ਇਸੇ ਕਾਰਨ ਹੀ ਉਹ ਆਮ ਤੌਰ 'ਤੇ ਉਪਜਕਾਰ ਦੀ ਮਾਲਕੀ ਹੁੰਦੇ ਸਨ। ਉਤਪਾਦਨ ਦੇ ਇਹਨਾਂ ਖਿੰਡੇ, ਸੀਮਤ ਸਾਧਨਾਂ ਨੂੰ ਕੇਂਦਰਿਤ ਕਰਨਾ, ਉਹਨਾਂ ਨੂੰ ਵੱਡਾ ਕਰਨਾ, ਉਹਨਾਂ ਨੂੰ ਅਜੋਕੇ ਉਤਪਾਦਨ ਦੇ ਬਲਵਾਨ ਸਾਧਨਾਂ ਵਿੱਚ ਤਬਦੀਲ ਕਰਨਾ ਸਰਮਾਏਦਾਰਾਨਾ ਉਤਪਾਦਨ ਅਤੇ ਇਹਦੇ ਹਮਾਇਤੀ ਬੁਰਜੂਆਜ਼ੀ ਦਾ ਮੁੱਖ ਰੋਲ਼ ਸੀ। ਮਾਰਕਸ ਨੇ "ਪੂੰਜੀ" ਦੇ ਚੌਥੇ ਭਾਗ ਵਿੱਚ ਵਿਸਥਾਰ ਨਾਲ਼ ਵਿਆਖਿਆ ਕੀਤੀ ਹੈ ਕਿ ਕਿਵੇਂ ਪੰਦਰ੍ਹਵੀਂ ਸਦੀ ਤੋਂ ਇਹ ਕੰਮ ਸਾਦੇ ਸਹਿਯੋਗ, ਕਾਰਖ਼ਾਨੇਦਾਰੀ

ਅਤੇ ਨਵੀਨ ਸਨਅਤ ਦੇ ਤਿੰਨ ਪੜਾਆਂ ਵਿੱਚ ਇਤਿਹਾਸਕ ਤੌਰ 'ਤੇ ਕੀਤਾ ਗਿਆ ਹੈ। ਪਰ ਜਿਹਾ ਕਿ ਉੱਥੇ ਇਹ ਵੀ ਵਿਖਾਇਆ ਗਿਆ ਹੈ, ਕਿ ਉਸੇ ਸਮੇਂ ਇਹਨਾਂ ਵਿਅਕਤੀਆਂ ਦੇ ਉਤਪਾਦਨ ਦੇ ਸਾਧਨਾਂ ਤੋਂ ਕੇਵਲ ਮਨੁੱਖਾਂ ਦੇ **ਸਮੂਹਾਂ ਵੱਲੋਂ** ਵਰਤੇ ਜਾ ਸਕਣ ਯੋਗ ਉਤਪਾਦਨ ਦੇ **ਸਮਾਜੀ** ਸਾਧਨਾਂ ਵਿੱਚ ਤਬਦੀਲ ਕੀਤੇ ਬਿਨਾਂ ਬੁਰਜੂਆਜ਼ੀ ਉਤਪਾਦਨ ਦੇ ਇਹਨਾਂ ਤੁੱਛ ਸਾਧਨਾਂ ਨੂੰ ਬਲਵਾਨ ਉਤਪਾਦਕ ਸ਼ਕਤੀਆਂ ਵਿੱਚ ਤਬਦੀਲ ਨਹੀਂ ਸੀ ਕਰ ਸਕਦੀ। ਚਰਖ਼ੇ, ਹੱਥ-ਖੱਡੀ ਅਤੇ ਲੁਹਾਰ ਦੇ ਹਥੌੜੇ ਦੀ ਥਾਂ ਕਤਾਈ ਮਸ਼ੀਨ, ਪਾਵਰ-ਲੂਮ, ਭਾਫ਼ ਦੇ ਹਥੌੜੇ ਨੇ ਲੈ ਲਈ; ਵਿਅਕਤੀ ਦੀ ਵਰਕਸ਼ਾਪ ਦੀ ਥਾਂ ਕਾਰਖ਼ਾਨੇ ਨੇ ਲੈ ਲਈ, ਜਿਸਦੇ ਅਰਥ ਸਨ ਸੈਂਕੜੇ ਅਤੇ ਹਜ਼ਾਰਾਂ ਕਿਰਤੀਆਂ ਦਾ ਪ੍ਰਸਪਰ ਮਿਲਵਰਤਨ। ਇਸੇ ਤਰ੍ਹਾਂ ਖ਼ੁਦ ਉਤਪਾਦਨ ਵਿਅਕਤੀਗਤ ਅਮਲਾਂ ਦੀ ਲੜੀ ਤੋਂ ਸਮਾਜੀ ਅਮਲਾਂ ਦੀ ਇੱਕ ਲੜੀ ਬਣ ਗਿਆ ਅਤੇ ਉਪਜਾਂ ਵਿਅਕਤੀਗਤ ਤੋਂ ਸਮਾਜੀ ਉਪਜਾਂ ਬਣ ਗਈਆਂ। ਕਾਰਖ਼ਾਨੇ ਤੋਂ ਜਿਹੜਾ ਸੂਤਰ, ਕੱਪੜਾ ਅਤੇ ਧਾਤ ਦੀਆਂ ਵਸਤਾਂ ਆਉਂਦੀਆਂ ਉਹ ਅਨੇਕ ਕਿਰਤੀਆਂ ਦੀ ਸਾਂਝੀ ਉਪਜ ਸਨ, ਜਿਨ੍ਹਾਂ ਦੇ ਹੱਥਾਂ ਵਿੱਚੋਂ ਤਿਆਰ ਹੋਣ ਤੋਂ ਪਹਿਲਾਂ ਉਹਨਾਂ ਵਾਰੀ ਵਾਰੀ ਲੰਘਣਾ ਸੀ। ਕੋਈ ਇੱਕ ਮਨੁੱਖ ਨਹੀਂ ਸੀ ਕਹਿ ਸਕਦਾ: "**ਮੈਂ** ਇਹ ਬਣਾਈ ਹੈ; ਇਹ **ਮੇਰੀ** ਉਪਜ ਹੈ।"

ਪਰ ਜਿੱਥੇ, ਕਿਸੇ ਇੱਕ ਸਮਾਜ ਵਿੱਚ ਉਤਪਾਦਨ ਦਾ ਬੁਨਿਆਦੀ ਰੂਪ ਕਿਰਤ ਦੀ ਆਪ-ਮੁਹਾਰੀ ਵੰਡ ਹੈ, ਜਿਹੜੀ ਕਿਸੇ ਪਹਿਲੋਂ ਮਿਥੀ ਪਲਾਨ ਅਨੁਸਾਰ ਨਹੀਂ ਸਗੋਂ ਹੌਲ਼ੀ ਹੌਲ਼ੀ ਘੁਸ ਆਉਂਦੀ ਹੈ ਅਤੇ ਉਪਜਾਂ **ਜਿਣਸਾਂ** ਦਾ ਰੂਪ ਧਾਰ ਲੈਂਦੀਆਂ ਹਨ, ਜਿਨ੍ਹਾਂ ਦਾ ਪਰਸਪਰ ਵਟਾਂਦਰਾ, ਖਰੀਦਣਾ ਅਤੇ ਵੇਚਣਾ, ਇਕੱਲੇ ਇਕੱਲੇ ਉਪਜਕਾਰਾਂ ਨੂੰ ਆਪਣੀਆਂ ਬਹੁ-ਪੱਖੀ ਲੋੜਾਂ ਪੂਰੀਆਂ ਕਰਨ ਯੋਗ ਬਣਾਉਂਦਾ ਹੈ। ਅਜਿਹਾ ਮੱਧ ਕਾਲ ਵਿੱਚ ਹੋਇਆ। ਮਿਸਾਲ ਵਜੋਂ ਕਿਸਾਨ ਦਸਤਕਾਰ ਨੂੰ ਖੇਤੀ ਉਪਜਾਂ ਵੇਚਦਾ ਅਤੇ ਉਸ ਤੋਂ ਦਸਤਕਾਰੀ ਦੀਆਂ ਉਪਜਾਂ ਖਰੀਦਦਾ। ਇਸ ਵਿਅਕਤੀਗਤ ਉਪਜਕਾਰਾਂ ਦੇ, ਜਿਣਸਾਂ ਦੇ ਉਪਜਕਾਰਾਂ ਦੇ ਸਮਾਜ ਵਿੱਚ ਉਤਪਾਦਨ ਦੇ ਨਵੇਂ ਢੰਗ ਨੇ ਆਪਣੇ ਆਪ ਨੂੰ ਘੁਸੇੜ ਦਿੱਤਾ। ਕਿਰਤ ਦੀ ਇਸ ਪੁਰਾਣੀ ਵੰਡ ਵਿੱਚ ਜਿਹੜੀ ਆਪ-ਮੁਹਾਰੇ ਤੌਰ 'ਤੇ ਅਤੇ **ਕਿਸੇ ਮਿੱਥੀ ਪਲਾਨ ਤੋਂ ਬਿਨਾਂ** ਹੋਂਦ ਵਿੱਚ ਆਈ ਸੀ, ਜਿਹੜੀ ਸਮੁੱਚੇ ਤੌਰ 'ਤੇ ਸਮਾਜ ਉੱਤੇ ਭਾਰੂ ਸੀ, ਹੁਣ ਕਿਰਤ ਦੀ ਉਹ ਵੰਡ ਉਭਰੀ, ਜਿਹੜੀ ਕਾਰਖ਼ਾਨੇ ਵਿੱਚ ਜਥੇਬੰਦ ਕੀਤੇ ਢੰਗ ਅਨੁਸਾਰ ਇੱਕ **ਮਿੱਥੀ ਪਲਾਨ** ਅਨੁਸਾਰ ਸੀ; **ਵਿਅਕਤੀਗਤ** ਉਤਪਾਦਨ ਦੇ ਨਾਲ਼ ਹੀ ਨਾਲ਼ **ਸਮਾਜੀ** ਉਤਪਾਦਨ ਪ੍ਰਗਟ ਹੋਇਆ। ਦੁਹਾਂ ਦੀਆਂ ਉਪਜਾਂ ਇੱਕੋ ਮੰਡੀ ਵਿੱਚ ਵੇਚੀਆਂ ਜਾਂਦੀਆਂ ਸਨ ਅਤੇ ਇਸੇ ਲਈ ਲਗਭਗ ਬਰਾਬਰ ਦੀਆਂ ਕੀਮਤਾਂ ਉੱਤੇ ਵੇਚੀਆਂ ਜਾਂਦੀਆਂ ਸਨ। ਪਰ ਮਿੱਥੀ ਪਲਾਨ ਅਨੁਸਾਰ ਜਥੇਬੰਦ ਕਿਰਤ ਦੀ ਵੰਡ ਆਪ-ਮੁਹਾਰੀ ਵੰਡ ਨਾਲ਼ੋਂ ਵਧੇਰੇ ਬਲਵਾਨ ਸੀ। ਵਿਅਕਤੀਆਂ ਦੀਆਂ ਸਮੂਹਕਤਾਵਾਂ ਦੀਆਂ ਸਾਂਝੀਆਂ ਸ਼ਕਤੀਆਂ ਨਾਲ਼ ਕੰਮ ਕਰਦੇ ਕਾਰਖ਼ਾਨੇ ਵਿਅਕਤੀਗਤ ਛੋਟੇ ਉਪਜਕਾਰਾਂ ਨਾਲ਼ੋਂ ਕਿਤੇ ਵਧੇਰੇ ਸਸਤੇ ਮੁੱਲ 'ਤੇ ਜਿਣਸਾਂ ਦੀ ਉਪਜ ਕਰਦੇ ਸਨ। ਵਿਅਕਤੀਗਤ ਉਪਜਕਾਰ ਇੱਕ ਤੋਂ ਪਿੱਛੋਂ ਦੂਜੇ ਖੇਤਰ ਵਿੱਚ ਹਾਰਨ ਲੱਗ ਪਏ। ਸਮਾਜੀ ਕੀਤੇ ਉਤਪਾਦਨ ਨੇ ਉਤਪਾਦਨ ਦੇ ਸਭਨਾਂ ਪੁਰਾਣੇ ਢੰਗਾਂ ਵਿੱਚ ਇਨਕਲਾਬ

ਲਿਆ ਦਿੱਤਾ। ਪਰ ਇਹਦੇ ਨਾਲ਼ ਹੀ ਨਾਲ਼ ਇਹਦੇ ਇਨਕਲਾਬੀ ਖ਼ਾਸੇ ਨੂੰ ਏਨਾ ਘੱਟ ਪਛਾਣਿਆ ਗਿਆ ਕਿ, ਅਸਲ ਦੇ ਉਲਟ, ਇਹਨੂੰ ਜਿਣਸਾਂ ਦਾ ਉਤਪਾਦਨ ਵਧਾਉਣ ਅਤੇ ਵਿਕਸਤ ਕਰਨ ਲਈ ਲਾਗੂ ਕੀਤਾ ਗਿਆ। ਜਦੋਂ ਇਹ ਉਭਰਿਆ ਤਾਂ ਇਹਨੇ ਜਿਣਸਾਂ ਦੇ ਉਤਪਾਦਨ ਅਤੇ ਵਟਾਂਦਰੇ ਲਈ ਇੱਕ ਤਿਆਰ ਢਾਂਚਾ ਵੇਖਿਆ ਅਤੇ ਉਹਦੀ ਖੁੱਲ੍ਹੀ ਵਰਤੋਂ ਕੀਤੀ: ਵਪਾਰੀਆਂ ਦੀ ਪੂੰਜੀ, ਦਸਤਕਾਰੀਆਂ, ਉਜਰਤੀ ਮਜ਼ਦੂਰ। ਇਉਂ ਸਮਾਜੀ ਕੀਤੇ ਉਤਪਾਦਨ ਨੇ ਆਪਣੇ ਆਪ ਨੂੰ ਜਿਣਸਾਂ ਦੇ ਉਤਪਾਦਨ ਦੇ ਇੱਕ ਨਵੇਂ, ਢੰਗ ਵਜੋਂ ਦਾਖ਼ਲ ਕੀਤਾ ਅਤੇ ਇਹ ਸੁਭਾਵਕ ਹੀ ਸੀ ਕਿ ਇਹਦੇ ਅਧੀਨ ਜਿਣਸਾਂ ਉੱਤੇ ਕਬਜ਼ੇ ਦੇ ਪੁਰਾਣੇ ਰੂਪ ਪੂਰੀ ਤਰ੍ਹਾਂ ਲਾਗੂ ਰਹੇ ਅਤੇ ਇਹਦੀਆਂ ਉਪਜਾਂ ਉੱਤੇ ਵੀ ਲਾਗੂ ਕੀਤੇ ਗਏ।

ਜਿਣਸਾਂ ਦੇ ਉਤਪਾਦਨ ਦੇ ਵਿਕਾਸ ਦੇ ਮੱਧ-ਕਾਲੀਨ ਪੜਾਆਂ ਉੱਤੇ ਕਿਰਤ ਦੀ ਉਪਜ ਦੇ ਮਾਲਕ ਸਬੰਧੀ ਸ਼ੰਕਾ ਹੋ ਹੀ ਨਹੀਂ ਸੀ ਸਕਦਾ। ਆਮ ਤੌਰ ’ਤੇ, ਵਿਅਕਤੀਗਤ ਉਪਜਕਾਰ, ਖ਼ੁਦ ਆਪਣੀ ਮਾਲਕੀ ਵਾਲ਼ੇ ਕੱਚੇ ਮਾਲ ਤੋਂ, ਜਿਹੜਾ ਅਕਸਰ ਉਹਦੇ ਆਪਣੇ ਹੱਥਾਂ ਦੀ ਉਪਜ ਹੁੰਦਾ ਸੀ, ਆਪਣੇ ਸੰਦਾਂ ਨਾਲ਼, ਆਪਣੇ ਜਾਂ ਆਪਣੇ ਪਰਿਵਾਰ ਦੇ ਹੱਥਾਂ ਦੀ ਕਿਰਤ ਨਾਲ਼ ਇਹਦੀ ਉਪਜ ਕਰਦਾ। ਉਹਦੇ ਲਈ ਨਵੀਂ ਉਪਜ ਉੱਤੇ ਕਬਜ਼ਾ ਕੋਈ ਲੋੜ ਨਹੀਂ ਸੀ। ਇਹ ਸੁਭਾਵਕ ਤੌਰ ’ਤੇ ਹੀ ਪੂਰੀ ਤਰ੍ਹਾਂ ਉਹਦੀ ਮਾਲਕੀ ਸੀ। ਇਸ ਵਿੱਚ ਉਪਜ ਦੀ ਉਹਦੀ ਮਲਕੀਅਤ **ਉਹਦੀ ਆਪਣੀ ਕਿਰਤ** ਉੱਤੇ ਅਧਾਰਤ ਸੀ। ਜਿੱਥੇ ਕਿਧਰੇ ਬਾਹਰਲੀ ਸਹਾਇਤਾ ਵਰਤੀ ਵੀ ਜਾਂਦੀ ਸੀ, ਆਮ ਤੌਰ ’ਤੇ ਇਹ ਬਹੁਤ ਘੱਟ ਮਹੱਤਤਾ ਵਾਲ਼ੀ ਹੁੰਦੀ ਸੀ ਅਤੇ ਇਹਦਾ ਮੁਆਵਜ਼ਾ ਨਕਦ ਉਜਰਤ ਦੀ ਥਾਂ ਕਿਸੇ ਹੋਰ ਰੂਪ ਵਿੱਚ ਦਿੱਤਾ ਜਾਂਦਾ। ਕਿਰਤ ਬਰਾਦਰੀਆਂ ਦੇ ਸ਼ਾਗਿਰਦ ਅਤੇ ਸਿਖਾਂਦਰੂ ਕਾਰੀਗਰ ਏਨਾ ਰੋਟੀ ਅਤੇ ਉਜਰਤ ਲਈ ਕੰਮ ਨਹੀਂ ਸਨ ਕਰਦੇ ਜਿੰਨਾਂ ਇਸ ਲਈ ਕਰਦੇ ਸਨ ਕਿ ਉਹ ਖ਼ੁਦ ਉਸਤਾਦ ਕਾਰੀਗਰ ਬਣ ਜਾਣ। ਫੇਰ ਉਤਪਾਦਨ ਦੇ ਸਾਧਨਾਂ ਅਤੇ ਉਪਜਕਾਰਾਂ ਦਾ ਵੱਡੀਆਂ ਵਰਕਸ਼ਾਪਾਂ ਅਤੇ ਉਤਪਾਦਨ-ਸਥਾਨਾਂ ਵਿੱਚ ਕੇਂਦਰੀਣਾ ਅਤੇ ਉਹਨਾਂ ਦਾ ਉਤਪਾਦਨ ਦੇ ਸਮਾਜੀ ਕੀਤੇ ਸਾਧਨਾਂ ਅਤੇ ਸਮਾਜੀ ਕੀਤੇ ਉਪਜਕਾਰਾਂ ਵਿੱਚ ਤਬਦੀਲ ਕਰਨਾ ਆਇਆ। ਪਰ ਇਸ ਤਬਦੀਲੀ ਤੋਂ ਪਿੱਛੋਂ ਵੀ ਸਮਾਜੀ ਕੀਤੇ ਉਤਪਾਦਨ ਦੇ ਸਾਧਨਾਂ ਅਤੇ ਉਹਨਾਂ ਦੀਆਂ ਉਪਜਾਂ ਨੂੰ ਪਹਿਲਾਂ ਵਾਂਗ ਹੀ ਸਮਝਿਆ ਗਿਆ, ਅਰਥਾਤ ਉਤਪਾਦਨ ਦੇ ਸਾਧਨਾਂ ਵਜੋਂ ਅਤੇ ਵਿਅਕਤੀਆਂ ਦੀਆਂ ਉਪਜਾਂ ਵਜੋਂ। ਹੁਣ ਤੱਕ ਕਿਰਤ ਦੇ ਸੰਦਾਂ ਦਾ ਮਾਲਕ ਉਪਜ ਉੱਤੇ ਆਪ ਕਬਜ਼ਾ ਕਰ ਲੈਂਦਾ ਸੀ ਕਿਉਂਕਿ, ਆਮ ਤੌਰ ’ਤੇ, ਇਹ ਉਹਦੀ ਆਪਣੀ ਹੁੰਦੀ ਸੀ ਅਤੇ ਹੋਰਨਾਂ ਦੀ ਸਹਾਇਤਾ ਇੱਕ ਛੋਟ ਹੁੰਦੀ ਸੀ। ਹੁਣ ਉਪਜ ਦੇ ਸੰਦਾਂ ਦਾ ਮਾਲਕ ਸਦਾ ਹੀ ਖ਼ੁਦ ਉਪਜ ਉੱਤੇ ਕਬਜ਼ਾ ਕਰ ਲੈਂਦਾ ਭਾਵੇਂ ਇਹ **ਉਹਦੀ** ਉਪਜ ਨਹੀਂ ਸੀ ਹੁੰਦੀ ਸਗੋਂ **ਹੋਰਨਾਂ ਦੀ ਮਿਹਨਤ** ਉਪਜ ਹੁੰਦੀ ਸੀ। ਸੋ ਹੁਣ ਸਮਾਜੀ ਤੌਰ ’ਤੇ ਪੈਦਾ ਕੀਤੀਆਂ ਉਪਜਾਂ ਉੱਤੇ ਉਹ ਕਬਜ਼ਾ ਨਹੀਂ ਸਨ ਕਰਦੇ ਜਿਹਨਾਂ ਅਸਲ ਵਿੱਚ ਉਤਪਾਦਨ ਦੇ ਸਾਧਨਾਂ ਨੂੰ ਹਰਕਤ ਵਿੱਚ ਲਿਆਂਦਾ ਅਤੇ ਅਸਲ ਵਿੱਚ ਉਤਪਾਦਨਾਂ ਨੂੰ ਪੈਦਾ ਕੀਤਾ ਸੀ ਸਗੋਂ **ਸਰਮਾਏਦਾਰ** ਕਰਦੇ ਸਨ। ਉਤਪਾਦਨ ਦੇ ਸਾਧਨ ਅਤੇ ਖ਼ੁਦ ਉਪਜ ਆਪਣੇ ਤੱਤ ਵਿੱਚ ਸਮਾਜੀ ਬਣਾ ਦਿੱਤੇ ਗਏ

ਸਨ। ਪਰ ਉਹ ਕਬਜ਼ੇ ਦੇ ਇੱਕ ਅਜਿਹੇ ਰੂਪ ਦੇ ਅਧੀਨ ਕੀਤੇ ਗਏ ਜਿਹੜਾ ਵਿਕੋਲਤਰੇ ਲੋਕਾਂ ਦਾ ਉਤਪਾਦਨ ਫ਼ਰਜ਼ ਕਰ ਲੈਂਦਾ ਹੈ ਅਤੇ ਇਸ ਲਈ ਜਿਸ ਅਧੀਨ ਹਰ ਕੋਈ ਆਪਣੀ ਉਪਜ ਦਾ ਮਾਲਕ ਹੈ ਅਤੇ ਇਹਨੂੰ ਮੰਡੀ ਵਿੱਚ ਲਿਆਉਂਦਾ ਹੈ। ਉਤਪਾਦਨ ਦੇ ਢੰਗ ਉੱਤੇ ਕਬਜ਼ੇ ਦਾ ਇਹ ਰੂਪ ਲਾਗੂ ਕੀਤਾ ਜਾਂਦਾ ਹੈ ਭਾਵੇਂ ਇਹ ਉਹਨਾਂ ਪ੍ਰਸਥਿਤੀਆਂ ਨੂੰ ਖ਼ਤਮ ਕਰ ਦੇਂਦਾ ਹੈ ਜਿਨ੍ਹਾਂ ਉੱਤੇ ਪਿਛਲੇਰਾ ਅਧਾਰਤ ਹੈ।*

ਇਸ ਵਿਰੋਧ ਵਿੱਚ, ਜਿਹੜਾ ਉਤਪਾਦਨ ਦੇ ਨਵੇਂ ਢੰਗ ਨੂੰ ਉਹਦਾ ਸਰਮਾਏਦਾਰੀ ਖਾਸਾ ਦੇਂਦਾ ਹੈ, **ਅੱਜ ਦੀਆਂ ਸਭਨਾਂ ਸਮਾਜੀ ਟੱਕਰਾਂ ਦਾ ਬੀਜ ਮੌਜੂਦ ਹੈ**। ਜਿੰਨੀ ਵਧੇਰੇ ਉਤਪਾਦਨ ਦੇ ਨਵੇਂ ਢੰਗ ਨੇ ਉਤਪਾਦਨ ਦੇ ਸਭਨਾਂ ਖੇਤਰਾਂ ਵਿੱਚ ਅਤੇ ਸਭਨਾਂ ਮਾਲ ਤਿਆਰ ਕਰਨ ਵਾਲ਼ੇ ਦੇਸ਼ਾਂ ਵਿੱਚ ਸਰਦਾਰੀ ਪ੍ਰਾਪਤ ਕਰ ਲਈ, ਜਿੰਨਾ ਵਧੇਰੇ ਇਹਨੇ ਵਿਅਕਤੀਗਤ ਉਤਪਾਦਨ ਨੂੰ ਇੱਕ ਨਿਗੂਣੀ ਰਹਿੰਦ-ਖੂੰਹਦ ਬਣਾ ਦਿੱਤਾ, **ਉਨੀ ਵਧੇਰੇ ਸਪੱਸ਼ਟਤਾ ਨਾਲ਼ ਸਮਾਜੀ ਕੀਤੇ ਉਤਪਾਦਨ ਅਤੇ ਕਬਜ਼ੇ ਦੇ ਸਰਮਾਏਦਾਰ ਢੰਗ ਵਿਚਕਾਰ ਅਣਮੇਲ ਸਪੱਸ਼ਟ ਹੋ ਕੇ ਸਾਹਮਣੇ ਆਇਆ।**

ਜਿਹਾ ਕਿ ਅਸੀਂ ਕਿਹਾ ਹੈ ਪਹਿਲੇ ਸਰਮਾਏਦਾਰਾਂ ਨੂੰ ਕਿਰਤ ਦੇ ਹੋਰ ਰੂਪਾਂ ਦੇ ਨਾਲ਼ ਹੀ ਨਾਲ਼ ਉਜਰਤੀ-ਮਜ਼ਦੂਰੀ ਉਹਨਾਂ ਲਈ ਮੰਡੀ ਵਿੱਚ ਤਿਆਰ ਮਿਲੀ। ਪਰ ਇਹ ਅਸਾਧਾਰਨ, ਵਾਧੂ, ਸਹਾਇਕ, ਕੁੱਝ ਸਮੇਂ ਲਈ ਉਜਰਤੀ-ਮਜ਼ਦੂਰੀ ਸੀ। ਭਾਵੇਂ ਖੇਤ-ਮਜ਼ਦੂਰ ਕਦੇ ਕਦੇ ਦਿਹਾੜੀ 'ਤੇ ਕੰਮ ਕਰ ਲੈਂਦਾ ਪਰ ਉਹਦੇ ਕੋਲ਼ ਆਪਣੇ ਕੁੱਝ ਏਕੜ ਹੁੰਦੇ ਜਿਨ੍ਹਾਂ ਸਹਾਰੇ ਔਖ ਪੈਣ ਉੱਤੇ ਉਹ ਜੀ ਸਕਦਾ ਸੀ। ਕਿਰਤ-ਬਰਾਦਰੀਆਂ ਦਾ ਜਥੇਬੰਦੀ ਅਜਿਹੀ ਸੀ ਕਿ ਅੱਜ ਦਾ ਸਿਖਾਂਦਰੂ ਕਾਰੀਗਰ ਕੱਲ੍ਹ ਦਾ ਉਸਤਾਦ ਕਾਰੀਗਰ ਬਣ ਸਕਦਾ ਸੀ। ਪਰ ਜਿਉਂ ਹੀ ਉਤਪਾਦਨ ਦੇ ਸਾਧਨ ਸਮਾਜੀ ਬਣ ਗਏ ਅਤੇ ਸਰਮਾਏਦਾਰਾਂ ਦੇ ਹੱਥਾਂ ਵਿੱਚ ਕੇਂਦਰਿਤ ਹੋ ਗਏ ਇਹ ਸਭ ਕੁੱਝ ਤਬਦੀਲ ਹੋ ਗਿਆ। ਵਿਅਕਤੀ ਦੇ ਉਤਪਾਦਨ ਦੇ ਸਾਧਨ ਅਤੇ ਉਪਜ ਸਦਾ ਵਧੇਰੇ ਨਿਗੂਣੇ ਹੁੰਦੇ ਗਏ; ਉਹਦੇ ਲਈ ਇਸ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ ਰਹਿ ਗਿਆ ਕਿ ਉਹ ਸਰਮਾਏਦਾਰ ਅਧੀਨ ਉਜਰਤੀ-ਮਜ਼ਦੂਰ ਬਣ ਜਾਵੇ। ਉਜਰਤੀ-ਮਜ਼ਦੂਰੀ ਜਿਹੜੀ ਪਹਿਲੀਆਂ ਵਿੱਚ ਛੋਟ ਅਤੇ ਸਹਾਇਕ ਹੁੰਦੀ ਸੀ, ਹੁਣ ਨੇਮ ਅਤੇ ਸਾਰੇ

---

* ਇਸ ਸਬੰਧ ਵਿੱਚ ਇਹ ਕਹਿਣ ਦੀ ਤਾਂ ਲੋੜ ਹੀ ਨਹੀਂ ਕਿ ਜੇ ਕਬਜ਼ੇ ਦੀ **ਰੂਪ** ਉਹੋ ਰਹਿੰਦਾ ਵੀ ਹੈ ਤਾਂ ਕਬਜ਼ੇ ਦੇ **ਖਾਸੇ** ਵਿੱਚ ਐਨ ਉਸੇ ਤਰ੍ਹਾਂ ਇਨਕਲਾਬ ਆਉਂਦਾ ਹੈ ਜਿਸ ਤਰ੍ਹਾਂ ਉੱਪਰ ਦੱਸੀਆਂਤਬਦੀਲੀਆਂ ਕਾਰਨ ਉਤਪਾਦਨ ਵਿੱਚ ਆਉਂਦਾ ਹੈ। ਨਿਰਸੰਦੇਹ ਇਹ ਬਹੁਤ ਵੱਖ ਮਸਲਾ ਹੈ ਕਿ ਮੈਂ ਆਪਣੇ ਲੀ ਖ਼ੁਦ ਆਪਣੀ ਉਪਜ ਉੱਤੇ ਕਬਜ਼ਾ ਕਰਦਾ ਹਾਂ ਜਾਂ ਕਿਸੇ ਹੋਰ ਦੀ ਉਪਜ ਉੱਤੇ। ਚਲਦੇ ਚਲਦੇ ਇਹ ਵੀ ਯਾਦ ਰੱਖੋ ਕਿ ਉਜਰਤੀ-ਮਜ਼ਦੂਰੀ ਜਿਸ ਵਿੱਚ ਸਰਮਾਏਦਾਰੀ ਉਤਪਾਦਨ ਦਾ ਸਮੁੱਚਾ ਢੰਗ ਭਰੂਣ ਰੂਪ ਵਿੱਚ ਮੌਜੂਦ ਹੈ ਬਹੁਤ ਪ੍ਰਾਚੀਨ ਹੈ; ਕਦੇ ਕਦਾਈਂ ਦਿੱਸਣ ਵਾਲ਼ੇ, ਖਿਲਰੇ ਢੰਗ ਵੱਜੋਂ ਇਹ ਸਦੀਆਂ ਤੱਕ ਗ਼ੁਲਾਮ-ਮਜ਼ਦੂਰੀ ਦੇ ਨਾਲ਼ ਨਾਲ਼ ਰਹੀ। ਪਰ ਭਰੂਣ ਪੂਰੀ ਤਰ੍ਹਾਂ ਉਤਪਾਦਨ ਦੇ ਸਰਮਾਏਦਾਰ ਢੰਗ ਵਿੱਚ ਤਾਂ ਹੀ ਵਿਕਸਤ ਹੋ ਸਕਦਾ ਸੀ ਜਦੋਂ ਇਤਿਹਾਸਕ ਪੂਰਬ-ਪ੍ਰਸਥਿਤੀਆਂ ਪੈਦਾ ਹੋ ਗਈਆਂ ਸਨ। —(**ਏਂਗਲਜ਼ ਵੱਲੋਂ ਟੂਕ**)

ਉਤਪਾਦਨ ਦਾ ਅਧਾਰ ਬਣ ਗਈ; ਪਹਿਲੀਆਂ ਵਿੱਚ ਵਾਧੂ ਹੁਣ ਇਹ ਕਿਰਤੀ ਦਾ ਇੱਕੋ ਇੱਕ ਬਾਕੀ ਰਹਿ ਗਿਆ ਕੰਮ ਬਣ ਗਈ। ਜਿਹੜਾ ਕੁੱਝ ਸਮੇਂ ਲਈ ਉਜਰਤੀ-ਮਜ਼ਦੂਰ ਸੀ ਉਹ ਉਮਰ ਭਰ ਲਈ ਉਜਰਤੀ-ਮਜ਼ਦੂਰ ਬਣ ਗਿਆ। ਇਹਨਾਂ ਸਥਾਈ ਉਜਰਤੀ-ਮਜ਼ਦੂਰਾਂ ਦੀ ਗਿਣਤੀ ਵਿੱਚ ਸਾਮੰਤੀ ਪ੍ਰਣਾਲੀ ਦੇ ਟੁੱਟਣ ਨਾਲ਼, ਜੋ ਉਸੇ ਸਮੇਂ ਟੁੱਟੀ, ਸਾਮੰਤੀ ਰਾਠਾਂ ਦੇ ਟਹਿਲੂਆਂ ਦੇ ਹਟਾਏ ਜਾਣ, ਕਿਸਾਨਾਂ ਦੇ ਭੋਂ ਤੋਂ ਬੇਦਖਲ ਕੀਤੇ ਜਾਣ, ਆਦਿ, ਕਾਰਨ ਹੋਰ ਬਹੁਤ ਜ਼ਿਆਦਾ ਵਾਧਾ ਹੋਇਆ। ਇੱਕ ਹੱਥ ਸਰਮਾਏਦਾਰਾਂ ਦੇ ਹੱਥਾਂ ਵਿੱਚ ਕੇਂਦਰਿਤ ਹੋਏ ਉਤਪਾਦਨ ਦੇ ਸਾਧਨਾਂ ਅਤੇ ਦੂਜੇ ਹੱਥ ਆਪਣੀ ਕਿਰਤ-ਸ਼ਕਤੀ ਤੋਂ ਬਿਨਾਂ ਸਭ ਕੁੱਝ ਤੋਂ ਵਿਰਵੇ ਉਪਜਕਾਰਾਂ ਵਿਚਕਾਰ ਵਿਛੋੜਾ ਹੁਣ ਮੁਕੰਮਲ ਬਣਾ ਦਿੱਤਾ ਗਿਆ। **ਸਮਾਜੀ ਕੀਤੇ ਉਤਪਾਦਨ ਅਤੇ ਸਰਮਾਏਦਾਰੀ ਕਬਜ਼ੇ ਵਿਚਕਾਰ ਵਿਰੋਧ ਨੇ ਆਪਣੇ ਆਪ ਨੂੰ ਪ੍ਰੋਲੇਤਾਰੀ ਅਤੇ ਬੁਰਜੂਆਜ਼ੀ ਵਿਚਕਾਰ ਵਿਰੋਧ ਵਿੱਚ ਪ੍ਰਗਟ ਕੀਤਾ।**

ਅਸਾਂ ਵੇਖਿਆ ਹੈ ਕਿ ਉਤਪਾਦਨ ਦਾ ਸਰਮਾਏਦਾਰ ਢੰਗ ਜਿਣਸ-ਉਪਜਕਾਰਾਂ, ਵਿਅਕਤੀਗਤ ਉਪਜਕਾਰਾਂ ਦੇ ਸਮਾਜ ਵਿੱਚ, ਜਿਨ੍ਹਾਂ ਵਿਚਕਾਰ ਸਮਾਜੀ ਕੜੀ ਉਹਨਾਂ ਦੀਆਂ ਉਪਜਾਂ ਦਾ ਵਟਾਂਦਰਾ ਸੀ, ਧੁੱਸ ਮਾਰ ਕੇ ਘੁੱਸ ਗਿਆ। ਪਰ ਜਿਣਸਾਂ ਦੇ ਉਤਪਾਦਨ ਉੱਤੇ ਆਧਾਰਤ ਹਰ ਸਮਾਜ ਦੀ ਇਹ ਵਿਸ਼ੇਸ਼ਤਾ ਹੁੰਦੀ ਹੈ: ਕਿ ਉਪਜਕਾਰ ਆਪਣੇ ਸਮਾਜੀ ਅੰਤਰ-ਸਬੰਧਾਂ ਉੱਤੇ ਕੰਟਰੋਲ ਗੰਵਾ ਬੈਠੇ ਹਨ। ਹਰ ਮਨੁੱਖ ਉਤਪਾਦਨ ਦੇ ਉਹਨਾਂ ਸੰਦਾਂ ਨਾਲ਼ ਜਿਹੜੇ ਉਹਦੇ ਕੋਲ਼ ਹੁੰਦੇ ਹਨ ਆਪਣੇ ਲਈ ਅਤੇ ਅਜਿਹੇ ਵਟਾਂਦਰੇ ਲਈ ਜਿਹੜਾ ਉਹਦੀਆਂ ਰਹਿੰਦੀਆਂ ਲੋੜਾਂ ਪੂਰੀਆਂ ਕਰਨ ਲਈ ਜ਼ਰੂਰੀ ਹੈ, ਉਪਜ ਕਰਦਾ ਹੈ। ਕੋਈ ਨਹੀਂ ਜਾਣਦਾ ਕਿ ਕੋਈ ਵਸਤ ਕਿੰਨੀ ਮਾਤਰਾ ਵਿੱਚ ਮੰਡੀ ਵਿੱਚ ਆਵੇਗੀ ਅਤੇ ਕਿੰਨੀ ਮਾਤਰਾ ਦੀ ਮੰਗ ਹੋਵੇਗੀ। ਕੋਈ ਨਹੀਂ ਜਾਣਦਾ ਕਿ ਉਹਦੀ ਵਿਕੋਲਤ੍ਰੀ ਉਪਜ ਨੂੰ ਅਸਲੀ ਮੰਗ ਪ੍ਰਾਪਤ ਹੋਵੇਗੀ, ਕਿ ਉਹ ਆਪਣੀ ਉਪਜ ਦੀ ਲਾਗਤ ਪੂਰੀ ਕਰ ਸਕੇਗਾ ਜਾਂ ਨਹੀਂ ਜਾਂ ਇਹ ਕਿ ਆਪਣੀ ਜਿਣਸ ਵੇਚ ਵੀ ਸਕੇਗਾ ਜਾਂ ਨਹੀਂ। ਸਮਾਜੀ ਕੀਤੇ ਉਤਪਾਦਨ ਵਿੱਚ ਅਰਾਜਕਤਾ ਪ੍ਰਧਾਨ ਹੁੰਦੀ ਹੈ। ਪਰ ਉਤਪਾਦਨ ਦੇ ਹੋਰਨਾਂ ਰੂਪਾਂ ਵਾਂਗ, ਜਿਣਸਾਂ ਦੇ ਉਤਪਾਦਨ ਦੇ ਇਸ ਤੋਂ ਵੱਖ ਨਾ ਹੋ ਸਕਣ ਵਾਲ਼ੇ ਵਿਸ਼ੇਸ਼ ਅੰਤ੍ਰੀਵ ਕਾਨੂੰਨ ਹਨ; ਅਤੇ ਇਹ ਕਾਨੂੰਨ ਅਰਾਜਕਤਾ ਦੇ ਬਾਵਜੂਦ, ਅਰਾਜਕਤਾ ਵਿੱਚ ਅਤੇ ਇਹਦੇ ਰਾਹੀਂ ਅਮਲ ਵਿੱਚ ਆਉਂਦੇ ਹਨ। ਉਹ ਸਮਾਜੀ ਅੰਤਰ-ਸਬੰਧਾਂ ਦੇ ਇੱਕੋ ਇੱਕ ਅਟੱਲ ਰੂਪ ਵਿੱਚ ਆਪਣੇ ਆਪ ਨੂੰ ਪ੍ਰਗਟ ਕਰਦੇ ਹਨ, ਅਰਥਾਤ, ਵਟਾਂਦਰੇ ਵਿੱਚ ਅਤੇ ਇੱਥੇ ਉਹ ਮੁਕਾਬਲੇ ਦੇ ਲਾਜ਼ਮੀ ਕਾਨੂੰਨਾਂ ਵਜੋਂ ਵਿਅਕਤੀਆਂ ਨੂੰ ਪ੍ਰਭਾਵਤ ਕਰਦੇ ਹਨ। ਪਹਿਲਾਂ ਪਹਿਲ ਖ਼ੁਦ ਇਹਨਾਂ ਉਪਜਕਾਰਾਂ ਨੂੰ ਉਹਨਾਂ ਦਾ ਪਤਾ ਨਹੀਂ ਹੁੰਦਾ ਅਤੇ ਉਪਜਕਾਰਾਂ ਨੂੰ ਇਹ ਹੌਲ਼ੀ ਹੌਲ਼ੀ ਅਤੇ ਤਜਰਬੇ ਦੇ ਸਿੱਟੇ ਵਜੋਂ ਲੱਭਣੇ ਪੈਂਦੇ ਹਨ। ਇਸ ਲਈ ਉਹ ਉਪਜਕਾਰਾਂ ਤੋਂ ਸੁਤੰਤਰ ਰੂਪ ਵਿੱਚ ਅਤੇ ਉਹਨਾਂ ਦੇ ਵਿਰੋਧ ਵਿੱਚ ਆਪਣੇ ਆਪ ਨੂੰ, ਉਤਪਾਦਨ ਦੇ ਆਪਣੇ ਵਿਸ਼ੇਸ਼ ਰੂਪ ਦੇ ਅਟੱਲ ਪ੍ਰਕਿਰਤਕ ਕਾਨੂੰਨਾਂ ਵਜੋਂ ਨਿਰੂਪਦੇ ਹਨ। ਉਪਜ ਉਪਜਕਾਰਾਂ ਉੱਤੇ ਭਾਰੂ ਹੋ ਜਾਂਦੀ ਹੈ।

ਮੱਧ-ਕਾਲੀਨ ਸਮਾਜ ਵਿੱਚ, ਵਿਸ਼ੇਸ਼ ਤੌਰ 'ਤੇ ਪਹਿਲੀਆਂ ਸਦੀਆਂ ਵਿੱਚ

ਉਤਪਾਦਨ ਦਾ ਮੰਤਵ ਮੁਖ ਤੌਰ 'ਤੇ ਵਿਅਕਤੀ ਦੀਆਂ ਲੋੜਾਂ ਪੂਰੀਆਂ ਕਰਨਾ ਹੁੰਦਾ ਸੀ। ਇਹ ਮੁੱਖ ਤੌਰ 'ਤੇ ਉਪਜਕਾਰ ਅਤੇ ਉਹਦੇ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਦਾ ਸੀ। ਜਿੱਥੇ ਨਿੱਜੀ ਅਧੀਨਗੀ ਦੇ ਸਬੰਧਾਂ ਦੀ ਹੋਂਦ ਸੀ, ਜਿਵੇਂ ਪਿੰਡਾਂ ਵਿੱਚ, ਇਹ ਸਾਮੰਤੀ ਰਈਸ ਦੀਆਂ ਵੀ ਲੋੜਾਂ ਪੂਰੀਆਂ ਕਰਦੀ ਸੀ। ਇਸ ਲਈ, ਇਸ ਸਭ ਕੁੱਝ ਵਿੱਚ, ਕੋਈ ਵਟਾਂਦਰਾਂ ਨਹੀਂ ਸੀ; ਇਸੇ ਲਈ ਉਪਜਾਂ ਨੂੰ ਜਿਣਸਾਂ ਦਾ ਖ਼ਾਸਾ ਪ੍ਰਾਪਤ ਨਹੀਂ ਸੀ ਹੁੰਦਾ। ਕਿਸਾਨ ਦਾ ਪਰਿਵਾਰ ਲਗਭਗ ਹਰ ਉਹ ਸ਼ੈਅ ਪੈਦਾ ਕਰਦਾ ਜਿਸਦੀ ਉਹਨੂੰ ਲੋੜ ਹੁੰਦੀ: ਕੱਪੜੇ ਅਤੇ ਫ਼ਰਨੀਚਰ ਅਤੇ ਜੀਉਂਦਾ ਰਹਿਣ ਦੇ ਸਾਧਨ। ਕੇਵਲ ਉਸ ਸਮੇਂ ਜਦੋਂ ਇਹਨੇ ਆਪਣੀ ਲੋੜ ਅਤੇ ਸਮੰਤੀ ਰਈਸ ਨੂੰ ਜਿਣਸ ਦੇ ਰੂਪ ਵਿੱਚ ਅਦਾਇਗੀ ਤੋਂ ਵੱਧ ਉਪਜ ਕਰਨੀ ਸ਼ੁਰੂ ਕਰ ਦਿੱਤੀ ਤਾਂ ਹੀ ਇਹਨੇ ਜਿਣਸਾਂ ਵੀ ਪੈਦਾ ਕਰਨੀਆਂ ਸ਼ੁਰੂ ਕਰ ਦਿੱਤੀਆਂ। ਇਹ ਵਾਫ਼ਰ ਉਪਜ, ਜਿਹੜੀ ਸਮਾਜੀ ਕੀਤੇ ਵਟਾਂਦਰੇ ਵਿੱਚ ਸੁੱਟੀ ਗਈ ਅਤੇ ਵਿਕਰੀ ਲਈ ਪੇਸ਼ ਕੀਤੀ ਗਈ, ਜਿਣਸ ਬਣ ਗਈ।

ਇਹ ਠੀਕ ਹੈ ਕਿ ਸ਼ਹਿਰਾਂ ਦੇ ਦਸਤਕਾਰ ਮੁੱਢ ਤੋਂ ਹੀ ਵਟਾਂਦਰੇ ਲਈ ਉਪਜ ਕਰਦੇ ਸਨ। ਪਰ ਉਹ ਵੀ ਖ਼ੁਦ ਆਪਣੀਆਂ ਵਿਅਕਤੀਗਤ ਲੋੜਾਂ ਦਾ ਸਭ ਤੋਂ ਵੱਡਾ ਹਿੱਸਾ ਪੂਰਾ ਕਰਦੇ। ਉਹਨਾਂ ਕੋਲ਼ ਬਾਗ਼ ਅਤੇ ਭੋਂ ਦੇ ਟੋਟੇ ਹੁੰਦੇ ਸਨ। ਉਹ ਆਪਣੇ ਪਸ਼ੂਆਂ ਨੂੰ ਸਾਂਝੇ ਜੰਗਲ ਵਿੱਚ ਚਰਾਉਂਦੇ,ਇਸੇ ਜੰਗਲ ਤੋਂ ਉਹਨਾਂ ਨੂੰ ਇਮਾਰਤੀ ਲੱਕੜੀ ਅਤੇ ਬਾਲਣ ਮਿਲਦਾ। ਇਸਤਰੀਆਂ ਸਿਣੀ, ਉੱਨ, ਆਦਿ ਕਤਦੀਆਂ। ਵਟਾਂਦਰੇ ਲਈ ਉਤਪਾਦਨ, ਜਿਣਸਾਂ ਦਾ ਉਤਪਾਦਨ ਅਜੇ ਆਪਣੇ ਬਾਲਪਣ ਵਿੱਚ ਸੀ। ਇਸੇ ਲਈ ਵਟਾਂਦਰਾ ਸੀਮਤ ਸੀ, ਮੰਡੀ ਸੌੜੀ ਸੀ, ਉਪਜ ਦੇ ਢੰਗ ਸਥਿਰ ਸਨ; ਬਾਹਰੋਂ ਸਥਾਨਕ ਅਨੰਨਤਾ ਸੀ ਅਤੇ ਅੰਦਰ ਸਥਾਨਕ ਏਕਤਾ ਹੁੰਦੀ ਸੀ। ਪਿੰਡਾਂ ਵਿੱਚ ਮਾਰਕ*; ਸ਼ਹਿਰਾਂ ਵਿੱਚ ਕਿਰਤ–ਬਰਾਦਰੀ।

ਪਰ ਜਿਣਸਾਂ ਦੇ ਉਤਪਾਦਨ ਦੇ ਵਧਣ, ਵਿਸ਼ੇਸ਼ ਤੌਰ 'ਤੇ ਉਤਪਾਦਨ ਦੇ ਸਰਮਾਏਦਾਰ ਢੰਗ ਦੇ ਲਾਗੂ ਹੋਣ ਨਾਲ਼ ਜਿਣਸ–ਉਤਪਾਦਨ ਦੇ ਨਿਯਮ ਜਿਹੜੇ ਹੁਣ ਤੱਕ ਲੁਪਤ ਸਨ, ਵਧੇਰੇ ਖੁੱਲ੍ਹੀ ਤਰ੍ਹਾਂ ਅਤੇ ਵਧੇਰੇ ਬਲ ਨਾਲ਼ ਅਮਲ ਵਿੱਚ ਆ ਗਏ। ਪੁਰਾਣੀਆਂ ਕੜੀਆਂ ਢਿੱਲੀਆਂ ਹੋ ਗਈਆਂ, ਪੁਰਾਣੀਆਂ ਅਨੰਨ ਹੱਦਾਂ ਟੁੱਟ ਗਈਆਂ, ਅਤੇ ਉਪਜਕਾਰ ਵਧੇਰੇ ਅਤੇ ਵਧੇਰੇ ਜਿਣਸਾਂ ਦੇ ਸੁਤੰਤਰ, ਨਿਵੇਕਲੇ ਉਪਜਕਾਰਾਂ ਵਿੱਚ ਤਬਦੀਲ ਹੋ ਗਏ। ਇਹ ਸਪੱਸ਼ਟ ਹੋ ਗਿਆ ਕਿ ਸਮੁੱਚੇ ਤੌਰ 'ਤੇ ਸਮਾਜ ਦੇ ਉਤਪਾਦਨ ਉੱਤੇ ਪਲਾਨ ਦੀ ਅਣ–ਹੋਂਦ, ਦੈਵਨੈਤ, ਅਰਾਜਕਤਾ ਦਾ ਰਾਜ ਸੀ; ਅਤੇ ਇਹ ਅਰਾਜਕਤਾ ਵਧੇਰੇ ਅਤੇ ਵਧੇਰੇ ਉੱਚੀ ਹੁੰਦੀ ਗਈ। ਪਰ ਉਤਪਾਦਨ ਦੇ ਸਰਮਾਏਦਾਰ ਢੰਗ ਨੇ ਜਿਸ ਮੁੱਖ ਸਾਧਨ ਰਾਹੀਂ ਸਮਾਜੀ ਕੀਤੇ ਉਤਪਾਦਨ ਦੀ ਇਸ ਅਰਾਜਕਤਾ ਨੂੰ ਤਿੱਖਾ ਕੀਤਾ, ਉਹ ਅਰਾਜਕਤਾ ਦਾ ਐਨ ਉਲਟ ਸੀ। ਇਹ ਸਮਾਜੀ ਅਧਾਰ ਉੱਤੇ ਅਤੇ ਹਰ ਉਤਪਾਦਕ ਸੰਸਥਾ ਵਿੱਚ ਉਤਪਾਦਨ ਦੀ ਵੱਧ ਰਹੀ ਜਥੇਬੰਦੀ ਸੀ। ਇਸ ਨਾਲ਼ ਪੁਰਾਣੀਆਂ, ਅਮਨ–ਭਰੀਆਂ, ਸਥਿਰ ਪ੍ਰਸਥਿਤੀਆਂ ਦਾ ਅੰਤ ਹੋ ਗਿਆ। ਜਿੱਥੇ ਕਿਧਰੇ ਉਤਪਾਦਨ ਦੀ ਇਹ ਜਥੇਬੰਦੀ ਸਨਅਤ ਦੀ ਕਿਸੇ ਸ਼ਾਖ਼

* ਇਥੇ ਏਂਗਲਜ਼ ਦਾ ਇਸ਼ਾਰਾ ਉਹਦੀ ਆਪਣੀ ਕਿਰਤ "ਮਾਰਕ" ਵੱਲ ਹੈ ਵੇਖੋ ਸਫ਼ਾ 7। **—ਸੰਪਾ.**

ਵਿੱਚ ਲਾਗੂ ਕੀਤੀ ਗਈ, ਇਹਨੇ ਆਪਣੇ ਨਾਲ਼ ਉਤਪਾਦਨ ਦੇ ਕਿਸੇ ਹੋਰ ਢੰਗ ਨੂੰ ਸਹਾਰਨ ਤੋਂ ਇਨਕਾਰ ਕਰ ਦਿੱਤਾ। ਕਿਰਤ ਦਾ ਮੈਦਾਨ ਇੱਕ ਰਣ-ਭੂਮੀ ਬਣ ਗਿਆ। ਮਹਾਨ ਭੂਗੋਲਕ ਲੱਭਤਾਂ[51] ਅਤੇ ਉਹਨਾਂ ਪਿੱਛੋਂ ਹੋਈ ਬਸਤੀਆਂ ਦੀ ਸਥਾਪਤੀ ਨੇ ਮੰਡੀਆਂ ਕਈ ਗੁਣਾ ਵਧਾ ਦਿੱਤੀਆਂ ਅਤੇ ਦਸਤਕਾਰੀਆਂ ਦੀ ਕਾਰਖ਼ਾਨੇਦਾਰੀ ਵਿੱਚ ਤਬਦੀਲੀ ਨੂੰ ਤਿੱਖਾ ਕਰ ਦਿੱਤਾ। ਵੱਖ ਵੱਖ ਵਸਤਾਂ ਦੇ ਸਥਾਨਕ ਉਪਜਕਾਰਾਂ ਵਿਚਕਾਰ ਹੀ ਯੁੱਧ ਨਾ ਸ਼ੁਰੂ ਹੋ ਗਿਆ। ਸਥਾਨਕ ਟੱਕਰਾਂ ਨੇ ਆਪਣੀ ਵਾਰੀ ਕੌਮੀ ਟੱਕਰਾਂ ਨੂੰ, ਸਤਾਰ੍ਹਵੀਂ ਅਤੇ ਅਠਾਰ੍ਹਵੀਂ ਸਦੀ ਦੇ ਵਪਾਰਕ ਯੁੱਧਾਂ[52] ਨੂੰ ਜਨਮ ਦਿੱਤਾ ਅੰਤ ਵਿੱਚ ਨਵੀਨ ਸਨਅਤ ਅਤੇ ਸੰਸਾਰ ਦੀ ਮੰਡੀ ਦੇ ਖੁੱਲ੍ਹ ਜਾਣ ਨੇ ਘੋਲ਼ ਨੂੰ ਜਗਤਰੀ ਬਣਾ ਦਿੱਤਾ ਅਤੇ ਇਹਦੇ ਨਾਲ਼ ਨਾਲ਼ ਇਹਦੇ ਵਿੱਚ ਬੇਮਿਸਾਲ ਤੇਜ਼ੀ ਪੈਦਾ ਕਰ ਦਿੱਤੀ। ਉਤਪਾਦਨ ਦੀਆਂ ਪ੍ਰਕਿਰਤਕ ਜਾਂ ਬਣਾਉਟੀ ਪ੍ਰਸਥਿਤੀਆਂ ਹੁਣ ਵਿਕੋਲਤ੍ਰੇ ਸਰਮਾਏਦਾਰਾਂ ਅਤੇ ਸਮੁੱਚੀਆਂ ਸਨਅਤਾਂ ਅਤੇ ਦੇਸ਼ਾਂ ਦੀ ਹੋਂਦ ਦਾ ਵੀ ਨਿਰਣਾ ਕਰਦੀਆਂ ਹਨ। ਜਿਹੜਾ ਡਿੱਗ ਜਾਂਦਾ ਹੈ ਉਹਨੂੰ ਬੜੀ ਬੇਕਿਰਕੀ ਨਾਲ਼ ਇੱਕ ਪਾਸੇ ਸੁੱਟ ਦਿੱਤਾ ਜਾਂਦਾ ਹੈ। ਇਹ ਹੋਂਦ ਲਈ ਵਿਅਕਤੀ ਦਾ ਡਾਰਵਿਨੀ ਘੋਲ਼ ਹੈ, ਜਿਹੜਾ ਤਿਖੇਰੀ ਹੋਈ ਹਿੰਸਾ ਨਾਲ਼ ਪ੍ਰਕਿਰਤੀ ਤੋਂ ਸਮਾਜ ਵਿੱਚ ਲਿਆਇਆ ਜਾਂਦਾ ਹੈ। ਹੋਂਦ ਦੀਆਂ ਉਹ ਪ੍ਰਸਥਿਤੀਆਂ ਜਿਹੜੀਆਂ ਪਸ਼ੂਆਂ ਲਈ ਸੁਭਾਵਕ ਹਨ, ਮਨੁੱਖੀ ਵਿਕਾਸ ਦੇ ਅੰਤਮ ਰੂਪ ਵਜੋਂ ਪ੍ਰਗਟ ਹੁੰਦੀਆਂ ਹਨ। ਸਮਾਜੀ ਕੀਤਾ ਉਤਪਾਦਨ ਅਤੇ ਸਰਮਾਏਦਾਰੀ ਕਬਜ਼ੇ ਵਿਚਕਾਰ ਵਿਰੋਧ ਹੁਣ **ਵਿਕੋਲਤ੍ਰੀ ਵਰਕਸ਼ਾਪ ਵਿੱਚ ਉਤਪਾਦਨ ਦੀ ਜਥੇਬੰਦੀ ਅਤੇ ਆਮ ਤੌਰ 'ਤੇ ਸਮਾਜ ਵਿੱਚ ਉਤਪਾਦਨ ਦੀ ਅਰਾਜਕਤਾ ਵਿਚਕਾਰ ਵਿਰੋਧ** ਦੇ ਰੂਪ ਵਿੱਚ ਪ੍ਰਗਟ ਹੁੰਦਾ ਹੈ।

ਉਤਪਾਦਨ ਦਾ ਸਰਮਾਏਦਾਰੀ ਢੰਗ ਵਿਰੋਧ ਦੇ ਇਹਨਾਂ ਦੋ ਰੂਪਾਂ ਵਿੱਚ ਚੱਲਦਾ ਹੈ ਜਿਹੜੇ ਇਹਦੇ ਆਦ ਤੋਂ ਇਹਦੇ ਵਿੱਚ ਵਿਆਪਕ ਹਨ। ਇਹ ਉਸ "ਵਿਹੁ-ਚੱਕਰ" ਵਿੱਚੋਂ ਨਹੀਂ ਨਿਕਲ ਸਕਦਾ ਜਿਹੜਾ ਫੋਰੀਅਰ ਨੇ ਪਹਿਲਾਂ ਹੀ ਲੱਭ ਲਿਆ ਸੀ। ਪਰ ਜੋ ਕੁੱਝ ਫ਼ੋਰੀਅਰ ਆਪਣੇ ਸਮੇਂ ਵਿੱਚ ਨਹੀਂ ਵੇਖ ਸਕਦਾ ਸੀ ਉਹ ਇਹ ਸੀ ਕਿ ਇਹ ਚੱਕਰ ਹੌਲ਼ੀ ਹੌਲ਼ੀ ਸੋੜੇਰਾ ਹੁੰਦਾ ਜਾ ਰਿਹਾ ਹੈ; ਕਿ ਇਹਦੀ ਹਰਕਤ ਸਦਾ ਵਧੇਰੇ ਚੂੜੀਦਾਰ ਬਣਦੀ ਜਾ ਰਹੀ ਹੈ; ਅਤੇ ਨੱਛਤਰਾਂ ਦੀ ਹਰਕਤ ਵਾਂਗ ਇਹਦਾ ਕੇਂਦਰ ਨਾਲ਼ ਟੱਕਰਾ ਕੇ ਅੰਤ ਹੋਣਾ ਲਾਜ਼ਮੀ ਹੈ। ਇਹ ਵਿਸ਼ਾਲ ਪੱਧਰ ਉੱਤੇ ਸਮਾਜ ਦੀ ਉਤਪਾਦਨ ਵਿੱਚ ਅਰਾਜਕਤਾ ਹੀ ਹੈ ਜਿਹੜੀ ਲੋਕਾਂ ਦੀ ਬਹੁਤ ਵੱਡੀ ਬਹੁਗਿਣਤੀ ਨੂੰ ਪ੍ਰੋਲੇਤਾਰੀਆਂ ਵਿੱਚ ਤਬਦੀਲ ਕਰਦੀ ਹੈ; ਅਤੇ ਫੇਰ ਇਹ ਆਮ ਪ੍ਰੋਲਤਾਰੀ ਹੀ ਹਨ ਜਿਹੜੇ ਅੰਤ ਉਤਪਾਦਨ ਵਿੱਚ ਅਰਾਜਕਤਾ ਨੂੰ ਖ਼ਤਮ ਕਰਨਗੇ। ਇਹ ਸਮਾਜੀ ਉਤਪਾਦਨ ਵਿੱਚ ਅਰਾਜਕਤਾ ਹੀ ਹੈ ਜਿਹੜੀ ਨਵੀਨ ਸਨਅਤ ਅਧੀਨ ਮਸ਼ੀਨਾਂ ਦੀ ਅੰਨਤ ਨਿਪੁੰਨਤਾ-ਯੋਗਤਾ ਨੂੰ ਇੱਕ ਲਾਜ਼ਮੀ ਕਾਨੂੰਨ ਵਿੱਚ ਤਬਦੀਲ ਕਰ ਦੇਂਦੀ ਹੈ ਜਿਸ ਅਧੀਨ ਹਰ ਵਿਕੋਲਤ੍ਰਾ ਸਨਅਤੀ ਸਰਮਾਏਦਾਰ ਇਸ ਗੱਲ ਉੱਤੇ ਮਜਬੂਰ ਹੈ ਕਿ ਉਹ ਆਪਣੀਆਂ ਮਸ਼ੀਨਾਂ ਨੂੰ ਵਧੇਰੇ ਅਤੇ ਹੋਰ ਵਧੇਰੇ ਨਿਪੁੰਨ ਬਣਾਵੇ ਜਾਂ ਤਬਾਹ ਹੋ ਜਾਵੇ। ਪਰ ਮਸ਼ੀਨਾਂ ਦੀ ਨਿਪੁੰਨਤਾ ਮਨੁੱਖੀ ਕਿਰਤ ਨੂੰ ਵਾਧੂ ਬਣਾਈ ਜਾ ਰਹੀ

ਹੈ। ਜੇ ਮਸ਼ੀਨਾਂ ਦੇ ਲਾਗੂ ਕਰਨ ਅਤੇ ਵਾਧੇ ਦਾ ਅਰਥ ਸੀ ਲਖੂਖਾ ਹੱਥ ਨਾਲ਼ ਕੰਮ ਕਰਨ ਵਾਲ਼ੇ ਕਿਰਤੀਆਂ ਦੀ ਥਾਂ ਕੁੱਝ ਮਸ਼ੀਨਾਂ 'ਤੇ ਕੰਮ ਕਰਨ ਵਾਲ਼ੇ ਕਿਰਤੀਆਂ ਵੱਲੋਂ ਲੈ ਲੈਣਾ ਤਾਂ ਮਸ਼ੀਨਾਂ ਦੇ ਚੰਗੇਰਾ ਬਣਾਏ ਜਾਣ ਦੇ ਅਰਥ ਹਨ ਖ਼ੁਦ ਇਹਨਾਂ ਮਸ਼ੀਨਾਂ 'ਤੇ ਕੰਮ ਕਰਨ ਵਾਲ਼ੇ ਵੱਧ ਤੋਂ ਵੱਧ ਕਿਰਤੀਆਂ ਕੰਮ ਤੋਂ ਵਿਰਵਾ ਹੋਣਾ। ਅੰਤਲੇ ਵਿਸ਼ਲੇਸ਼ਣ ਵਿੱਚ ਇਹਦੇ ਅਰਥ ਹਨ ਸਰਮਾਏ ਦੀਆਂ ਲੋੜਾਂ ਤੋਂ ਵੱਧ ਪ੍ਰਾਪਤ ਉਜਰਤੀ-ਮਜ਼ਦੂਰਾਂ ਦੀ ਗਿਣਤੀ ਪੈਦਾ ਕਰਨਾ। ਜਿਹਾ ਕਿ ਮੈਂ 1845 ਵਿੱਚ ਕਿਹਾ* ਸੀ, ਇੱਕ ਪੂਰੀ ਸਨਅਤੀ ਰਾਖਵੀਂ ਫ਼ੌਜ ਖੜੀ ਹੋ ਜਾਣਾ, ਜਿਹੜੀ ਉਸ ਮਸੇਂ ਪ੍ਰਾਪਤ ਹੈ ਜਦੋਂ ਸਨਅਤ ਪੂਰੇ ਜ਼ੋਰ ਨਾਲ਼ ਕੰਮ ਕਰ ਰਹੀ ਹੈ ਪਰ ਜੋ ਅਟੱਲ ਗਿਰਾਵਟ ਆਉਣ 'ਤੇ ਸੜਕਾਂ ਉੱਤੇ ਸੁੱਟ ਦਿੱਤੀ ਜਾਂਦੀ ਹੈ, ਜੋ ਸਰਮਾਏ ਨਾਲ਼ ਹੋਂਦ ਲਈ ਕਿਰਤੀ ਸ਼੍ਰੇਣੀ ਦੇ ਘੋਲ਼ ਵਿੱਚ ਉਹਦੀਆਂ ਬਾਹਾਂ ਨਾਲ਼ ਬੰਨ੍ਹਿਆ ਵਾਧੂ ਭਾਰ ਹੈ, ਜੋ ਉਸ ਹੱਦ ਤੱਕ ਉਜਰਤਾਂ ਘਟਾਈ ਰੱਖਣ ਲਈ, ਜਿਹੜੀਆਂ ਸਰਮਾਏ ਦੇ ਹਿੱਤਾਂ ਨੂੰ ਸੂਤ ਆਉਂਦੀਆਂ ਹਨ, ਨਿਯਮਕ ਹੈ। ਸੋ, ਮਾਰਕਸ ਦੀ ਟੂਕ ਦੇਂਦਿਆਂ, ਇਹ ਵਾਪਰਦਾ ਹੈ ਕਿ ਕਿਰਤੀ ਸ਼੍ਰੇਣੀ ਵਿਰੁੱਧ ਸਰਮਾਏ ਦੇ ਯੁੱਧ ਵਿੱਚ ਮਸ਼ੀਨਾਂ ਸਭ ਤੋਂ ਬਲਵਾਨ ਹਥਿਆਰ ਬਣ ਜਾਂਦੀਆਂ ਹਨ; ਕਿ ਕਿਰਤ ਦੇ ਸਾਧਨ ਸਦਾ ਵਧੇਰੇ ਕਿਰਤੀ ਦੇ ਹੱਥੋਂ ਉਪਜੀਵਕਾ ਦੇ ਸਾਧਨ ਖੋਹ ਲੈਂਦੇ ਹਨ; ਕਿ ਕਿਰਤੀ ਵੱਲੋਂ ਕੀਤੀ ਉਪਜ ਹੀ ਉਹਨੂੰ ਅਧੀਨ ਬਣਾਉਣ ਦਾ ਸਾਧਨ ਬਣਾ ਦਿੱਤੀ ਜਾਂਦੀ ਹੈ।[53] ਇਹ ਵਾਪਰਦਾ ਹੈ ਕਿ ਕਿਰਤ ਦੇ ਸੰਦਾਂ ਦੀ ਕਿਰਸ ਮੁੱਢ ਤੋਂ ਹੀ, ਕਿਰਤ ਸ਼ਕਤੀ ਨੂੰ ਅਤਿ-ਅੰਤ ਲਾਪ੍ਰਵਾਹੀ ਨਾਲ਼ ਤਬਾਹ ਕਰਨ, ਅਤੇ ਲੁੱਟਣ ਦੀ ਉਹ ਸਾਧਾਰਨ ਪ੍ਰਸਥਿਤੀ ਬਣ ਜਾਂਦੀ ਹੈ ਜਿਨ੍ਹਾਂ ਅਧੀਨ ਕਿਰਤ ਕੰਮ ਕਰਦੀ ਹੈ[54], ਕਿ ਮਸ਼ੀਨਾਂ "ਕਿਰਤ ਦਾ ਸਮਾਂ ਘੱਟ ਕਰਨ ਲਈ ਸਭ ਤੋਂ ਬਲਵਾਨ ਸੰਦ ਮਜ਼ਦੂਰ ਅਤੇ ਉਹਦੇ ਪਰਿਵਾਰ ਦੇ ਸਮੇਂ ਦੀ ਹਰ ਘੜੀ ਉਹਦੇ ਸਰਮਾਏ ਨੂੰ ਵਧਾਉਣ ਦੇ ਮੰਤਵ ਲਈ ਸਰਮਾਏਦਾਰ ਦੀ ਸੇਵਾ ਉੱਤੇ ਲਾਉਣ ਦਾ ਕਦੇ ਨਾ ਉਕਣ ਵਾਲ਼ਾ ਸਾਧਨ ਬਣ ਜਾਂਦੀਆਂ ਹੈ"। ("ਪੂੰਜੀ", ਅੰਗ੍ਰੇਜ਼ੀ ਛਾਪ, ਪੰਨਾ 406)। ਸੋ ਇਹ ਵਾਪਰਦਾ ਹੈ ਕਿ ਕੁੱਝ ਲੋਕਾਂ ਲਈ ਵਿੱਤੋਂ ਵੱਧ ਕੰਮ ਹੋਰਨਾਂ ਦੇ ਵਿਹਲੜਪੁਣੇ ਦੀ ਬੁਨਿਆਦੀ ਸ਼ਰਤ ਬਣ ਜਾਂਦਾ ਹੈ ਅਤੇ ਇਹ ਕਿ ਨਵੀਨ ਸਨਅਤ ਜਿਹੜੀ ਸਮੁੱਚੇ ਸੰਸਾਰ ਵਿੱਚ ਨਵੇਂ ਖਪਤਕਾਰ ਲੱਭਦੀ ਹੈ, ਆਪਣੇ ਦੇਸ਼ ਵਿੱਚ ਜਨਤਾ ਦੀ ਖਪਤ ਭੋਖੜੇ ਦੀ ਘੱਟ ਤੋਂ ਘੱਟ ਹੱਦ ਤੱਕ ਘਟਾ ਦੇਂਦੀ ਹੈ ਅਤੇ ਅਜਿਹਾ ਕਰਦੇ ਹੋਏ ਖ਼ੁਦ ਆਪਣੀ ਘਰੋਗੀ ਮੰਡੀ ਤਬਾਹ ਕਰ ਦੇਂਦੀ ਹੈ। "ਉਹ ਨਿਯਮ ਜਿਹੜਾ ਨਿਸਬਤਨ ਵਾਫ਼ਰ-ਵਸੋਂ ਜਾਂ ਸਨਅਤੀ ਰਾਖਵੀਂ ਫ਼ੌਜ ਨੂੰ ਸ਼ਕਤੀ ਅਤੇ ਧਨ-ਇਕਤ੍ਰਤਾ ਦੀ ਹੱਦ ਤੱਕ ਇਕਸਾਰ ਕਰਦਾ ਹੈ, ਉਹ ਨਿਯਮ ਮਜ਼ਦੂਰ ਨੂੰ ਸਰਮਾਏ ਨਾਲ਼ ਉਸ ਤੋਂ ਵਧੇਰੇ ਸਖ਼ਤੀ ਨਾਲ਼ ਬੰਨ੍ਹ ਦੇਂਦਾ ਹੈ ਜਿਸ ਨਾਲ਼ ਵੁਲਕਨ ਦੀਆਂ ਮੇਖਾਂ ਨੇ ਪ੍ਰੋਮਿਥਿਅਸ ਨੂੰ ਚੱਟਾਨ ਨਾਲ਼ ਬੰਨ੍ਹਿਆ ਸੀ। ਇਹ ਸਰਮਾਏ ਦੇ ਇਕਤ੍ਰ ਹੋਣ ਦੇ ਅਨੁਸਾਰੀ ਗ਼ਰੀਬੀ ਦੇ ਇਕਤ੍ਰ ਹੋਣ ਨੂੰ ਸਥਾਪਤ ਕਰਦਾ ਹੈ। ਇੱਕ ਸਿਰੇ 'ਤੇ ਦੌਲਤ ਦਾ ਇਕਤ੍ਰ ਹੋਣਾ, ਉਹਦੇ ਨਾਲ਼ ਹੀ ਨਾਲ਼, ਦੂਜੇ ਸਿਰੇ ਉੱਤੇ ਗ਼ਰੀਬੀ, ਦੁੱਖ, ਹੱਡ-

* "ਇੰਗਲੈਂਡ ਵਿੱਚ ਕਿਰਤੀ ਸ਼੍ਰੇਣੀ ਦੀ ਹਾਲਤ", (ਜ਼ੋਨੇਨਸ਼ਾਈਨ ਐਂਡ ਕੰਪਨੀ) ਪੰਨਾ: 84 **(ਏਂਗਲਜ਼ ਵੱਲੋਂ ਟੂਕ)।**

ਭੰਨ ਮਿਹਨਤ ਦੀਆਂ ਮੁਸੀਬਤਾਂ, ਗ਼ੁਲਾਮੀ, ਅਗਿਆਨਤਾ, ਵਹਿਸ਼ਤ, ਦਿਮਾਗ਼ੀ ਗਿਰਾਵਟ, ਅਰਥਾਤ, ਉਸ ਸ਼੍ਰੇਣੀ ਵੱਲ ਜਿਹੜੀ **ਸਰਮਾਏ ਦੇ ਰੂਪ ਵਿੱਚ ਖ਼ੁਦ ਆਪਣੀ ਉਪਜ ਪੈਦਾ ਕਰਦੀ ਹੈ।**" (ਮਾਰਕਸ ਦੀ 'ਪੂੰਜੀ' (ਜ਼ੋਨੇਨਸ਼ਾਈਨ ਐਂਡ ਕੰਪਨੀ), ਪੰਨਾਂ 671।)* ਅਤੇ ਉਤਪਾਦਨ ਦੇ ਸਰਮਾਏਦਾਰੀ ਢੰਗ ਤੋਂ ਕਿਸੇ ਹੋਰ ਸਿੱਟੇ ਦੀ ਆਸ ਰੱਖਣਾ ਐਨ ਉਸੇ ਤਰ੍ਹਾਂ ਹੈ ਜਿਵੇਂ ਕਿਸੇ ਬੈਟਰੀ ਦੇ ਧਰੁੱਵਾਂ ਤੋਂ ਇਹ ਆਸ ਰੱਖਣਾ ਕਿ ਉਹ ਤੇਜ਼ਾਬੀ ਪਾਣੀ ਨੂੰ ਤੋੜਨਗੇ ਨਹੀਂ, ਕਿ ਜਿਨਾਂ ਚਿਰ ਉਹ ਬੈਟਰੀ ਨਾਲ਼ ਜੁੜੇ ਹੋਏ ਹਨ ਉਹ ਘਣ ਧਰੁੱਵ ਉੱਤੇ ਆਕਸੀਜਨ ਅਤੇ ਵਿਘਣ ਧਰੁੱਵ ਉੱਤੇ ਹਾਈਡਰੋਜਨ ਪੈਦਾ ਨਹੀਂ ਕਰਨਗੇ।

ਅਸੀਂ ਵੇਖਿਆ ਹੈ ਕਿ ਨਵੀਨ ਮਸ਼ੀਨਾਂ ਦੀ ਸਦਾ-ਵੱਧ ਰਹੀ ਨਿਪੁੰਨਤਾ-ਯੋਗਤਾ ਸਮਾਜੀ ਉਤਪਾਦਨ ਵਿੱਚ ਅਰਾਜਕਤਾ ਕਾਰਨ ਇੱਕ ਲਾਜ਼ਮੀ ਕਾਨੂੰਨ ਬਣ ਜਾਂਦੀ ਹੈ ਜਿਹੜੀ ਵਿਕੋਲਤ੍ਰੇ ਸਨਅਤੀ ਸਰਮਾਏਦਾਰ ਨੂੰ ਇਸ ਗੱਲ ਉੱਤੇ ਮਜਬੂਰ ਕਰਦੀ ਹੈ ਕਿ ਉਹ ਸਦਾ ਆਪਣੀਆਂ ਮਸ਼ੀਨਾਂ ਨੂੰ ਚੰਗੇਰਾ ਬਣਾਏ, ਸਦਾ ਇਹਦੀ ਉਤਪਾਦਕ ਸ਼ਕਤੀ ਵਧਾਏ। ਉਤਪਾਦਨ ਦਾ ਖੇਤਰ ਵਿਸ਼ਾਲਣ ਦੀ ਨਿਰੋਲ ਸੰਭਾਵਨਾ ਉਹਦੇ ਲਈ ਇੱਕ ਲਾਜ਼ਮੀ ਕਾਨੂੰਨ ਵਿੱਚ ਤਬਦੀਲ ਹੋ ਜਾਂਦੀ ਹੈ। ਨਵੀਨ ਸਨਅਤ ਦੀ ਅਥਾਹ ਪਸਾਰ ਸ਼ਕਤੀ, ਜਿਸਦੇ ਮੁਕਾਬਲੇ ਉੱਤੇ ਗੈਸਾਂ ਦੀ ਪਸਾਰ ਸ਼ਕਤੀ ਬੱਚਿਆਂ ਦੇ ਖੇਡ ਹੈ, ਹੁਣ ਸਿਫ਼ਤੀ ਅਤੇ ਮਾਤਰਕ ਦੁਹਾਂ ਪੱਖਾਂ ਤੋਂ ਪਸਾਰ ਲਈ ਇੱਕ **ਲੋੜ** ਵਜੋਂ ਪ੍ਰਗਟ ਹੁੰਦੀ ਹੈ, ਜਿਹੜੀ ਹਰ ਵਿਰੋਧ ਦਾ ਠੱਠਾ ਉਡਾਉਂਦੀ ਹੈ। ਅਜਿਹੀ ਵਿਰੋਧ ਨਵੀਨ ਸਨਅਤ ਦੀਆਂ ਉਪਜਾਂ ਦੀ ਖਪਤ ਵੱਲੋਂ, ਵਿਕਰੀ ਵੱਲੋਂ ਅਤੇ ਮੰਡੀਆਂ ਵੱਲੋਂ ਕੀਤਾ ਜਾਂਦਾ ਹੈ। ਪਰ ਮੰਡੀਆਂ ਦੇ ਵਿਸਥਾਰ ਦੀ ਸਮਰੱਥਾ, ਚੌੜਾਈ ਅਤੇ ਡੂੰਘਾਈ ਦੁਹਾਂ ਵਿੱਚ, ਬੁਨਿਆਦੀ ਤੌਰ 'ਤੇ ਉੱਕਾ ਹੀ ਵੱਖਰੇ ਨਿਯਮਾਂ ਅਨੁਸਾਰ ਹੁੰਦੀ ਹੈ ਜਿਹੜੇ ਕਿਤੇ ਘੱਟ ਸ਼ਕਤੀ ਨਾਲ਼ ਅਮਲ ਵਿੱਚ ਆਉਂਦੇ ਹਨ। ਮੰਡੀਆਂ ਦਾ ਫੈਲਾਅ ਉਤਪਾਦਨ ਦੇ ਪਸਾਰ ਨਾਲ਼ ਮੇਲ ਨਹੀਂ ਖਾ ਸਕਦਾ। ਇੱਕ ਟੱਕਰ ਅਟੱਲ ਹੋ ਜਾਂਦੀ ਹੈ, ਅਤੇ ਕਿਉਂਕਿ ਜਦੋਂ ਤੱਕ ਉਤਪਾਦਨ ਦੇ ਸਰਮਾਏਦਾਰ ਢੰਗ ਨੂੰ ਟੋਟੋ ਨਹੀਂ ਕਰ ਦਿੱਤਾ ਜਾਂਦਾ ਇਹ ਕੋਈ ਅਸਲੀ ਹਲ ਪੇਸ਼ ਨਹੀਂ ਕਰ ਸਕਦਾ ਇਸ ਲਈ ਟੱਕਰਾਂ ਸਮੇਂ ਸਮੇਂ ਹੋਣ ਵਾਲ਼ੀਆਂ ਬਣ ਜਾਂਦੀਆਂ ਹਨ। ਸਰਮਾਏਦਾਰ ਉਤਪਾਦਨ ਨੇ ਇੱਕ ਹੋਰ "ਵਿਹੁ ਚੱਕਰ" ਪੈਦਾ ਕੀਤਾ ਹੈ।

ਤੱਥ ਤਾਂ ਇਹ ਹੈ ਕਿ 1825 ਤੋਂ ਪਿੱਛੋਂ, ਜਦੋਂ ਪਹਿਲਾ ਆਮ ਸੰਕਟ ਸ਼ੁਰੂ ਹੋਇਆ, ਸਮੁੱਚੀ ਵਪਾਰੀ ਅਤੇ ਸਨਅਤੀ ਦੁਨੀਆਂ, ਸਭਨਾਂ ਸਭਿਆ ਕੌਮਾਂ ਅਤੇ ਉਹਨਾਂ ਦੇ ਘੱਟ ਜਾਂ ਵੱਧ ਵਹਿਸ਼ੀ ਪਿੱਛ-ਲੱਗੂਆਂ ਵਿਚਕਾਰ ਉਤਪਾਦਨ ਅਤੇ ਵਟਾਂਦਰਾ ਦਸਾਂ ਵਰ੍ਹਿਆਂ ਵਿੱਚ ਇੱਕ ਵਾਰੀ ਪਟੜੀਓਂ ਲਹਿ ਜਾਂਦੇ ਹਨ। ਵਪਾਰ ਖੜ੍ਹਾ ਹੈ, ਮੰਡੀਆਂ ਵਿੱਚ ਮਾਲ ਦੇ ਢੇਰ ਲੱਗੇ ਹਨ, ਉਪਜਾਂ ਇਕੱਠੀਆਂ ਹੋ ਜਾਂਦੀਆਂ ਹਨ, ਉਹ ਜਿੰਨੀਆਂ ਵਿਕਣ ਯੋਗ ਨਹੀਂ, ਉਨੀ ਹੀ ਉਹਨਾਂ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ, ਨਕਦੀ ਗਾਇਬ ਹੋ ਜਾਂਦੀ ਹੈ, ਕਰਜ਼ੇ ਮੁੱਕ ਜਾਂਦੇ ਹਨ, ਕਾਰਖ਼ਾਨੇ ਬੰਦ ਹਨ, ਆਮ ਕਿਰਤੀਆਂ ਨੂੰ ਉਪਜੀਵਕਾ ਦੇ ਸਾਧਨਾਂ ਦੀ ਲੋੜ ਹੈ, ਕਿਉਂਕਿ ਉਹਨਾਂ ਉਪਜੀਵਕਾ ਦੇ ਸਾਧਨ ਬਹੁਤ ਵੱਡੀ ਮਾਤਰਾ ਵਿੱਚ ਪੈਦਾ ਕਰ ਦਿੱਤੇ ਹਨ;

* ਕਾਰਲ ਮਾਰਕਸ, 'ਪੂੰਜੀ', —ਪਹਿਲੀ ਸੈਂਚੀ, ਮਾਸਕੋ, 1965, ਪੰਨਾ 645 **—ਸੰਪਾ.**

ਇੱਕ ਤੋਂ ਪਿੱਛੋਂ ਦੂਜਾ ਦੀਵਾਲੀਆ ਹੋ ਜਾਂਦਾ ਹੈ, ਇੱਕ ਤੋਂ ਪਿੱਛੋਂ ਦੂਜੇ ਵਿਰੁੱਧ ਡਿਗਰੀ ਹੁੰਦੀ ਹੈ। ਖੜ੍ਹੋਤ ਕਈ ਵਰ੍ਹੇ ਜਾਰੀ ਰਹਿੰਦੀ ਹੈ; ਉਤਪਾਦਕ ਸ਼ਕਤੀਆਂ ਅਤੇ ਉਪਜਾਂ ਦੀ ਥੋਕ ਤਬਾਹੀ ਹੁੰਦੀ ਹੈ, ਇੱਥੋਂ ਤੱਕ ਕਿ ਵਸਤਾਂ ਦਾ ਇਕੱਠਾ ਹੋਇਆ ਸਮੂਹ ਹੌਲ਼ੀ ਹੌਲ਼ੀ, ਘੱਟ ਜਾਂ ਵੱਧ ਘਟੀ ਕਦਰ ’ਤੇ, ਨਿਤਰ ਜਾਂਦਾ ਹੈ, ਇਥੋਂ ਤੱਕ ਕਿ ਉਤਪਾਦਨ ਅਤੇ ਵਟਾਂਦਰਾ ਹੌਲ਼ੀ ਹੌਲ਼ੀ ਫੇਰ ਹਰਕਤ ਵਿੱਚ ਆ ਜਾਂਦੇ ਹਨ। ਹੌਲ਼ੀ ਹੌਲ਼ੀ ਰਫ਼ਤਾਰ ਤੇਜ਼ ਹੁੰਦੀ ਹੈ। ਇਹ ਦੁੜਕੀ ਬਣ ਜਾਂਦੀ ਹੈ। ਸਨਅਤੀ ਦੁੜਕੀ ਪੋਈਏ ਵਿੱਚ ਤਬਦੀਲ ਹੋ ਜਾਂਦੀ, ਪੋਈਆ ਅਖ਼ੀਰ ਸਨਅਤ, ਵਪਾਰਕ ਕਰਜ਼ਿਆਂ ਅਤੇ ਸੱਟੇਬਾਜ਼ੀ ਦੀ ਨਿਪੁੰਨ ਘੋੜ–ਦੌੜ ਦੀ ਸਿੱਧੀ ਸਰਪਟ ਚਾਲ ਵਿੱਚ ਤਬਦੀਲ ਹੋ ਜਾਂਦਾ ਹੈ, ਅਖੀਰ ਸਿਰਲੱਥ ਛਾਲਾਂ ਪਿੱਛੋਂ, ਇਹਦਾ ਅੰਤ ਉਥੇ ਹੀ ਹੁੰਦਾ ਹੈ ਜਿੱਥੋਂ ਇਹ ਸ਼ੁਰੂ ਹੋਇਆ—ਸੰਕਟ ਦੀ ਖਾਈ ਵਿੱਚ ਅਤੇ ਅਜਿਹਾ ਘੜੀ ਮੁੜੀ ਹੁੰਦਾ ਹੈ। 1825 ਤੋਂ ਪਿੱਛੋਂ ਅਸੀਂ ਹੁਣ ਤੱਕ ਇਸ ਵਿੱਚੋਂ ਪੰਜ ਵਾਰ ਲੰਘ ਚੁੱਕੇ ਹਾਂ ਅਤੇ ਇਸ ਸਮੇਂ (1877) ਅਸੀਂ ਇਸ ਵਿੱਚੋਂ ਛੇਵੀਂ ਵਾਰ ਲੰਘ ਰਹੇ ਹਾਂ ਅਤੇ ਇਹਨਾਂ ਸੰਕਟਾਂ ਦਾ ਖਾਸਾ ਏਨੇ ਸਪੱਸ਼ਟ ਢੰਗ ਨਾਲ਼ ਉਲੀਕਿਆ ਹੈ ਕਿ ਜਦੋਂ ਫ਼ੋਰੀਅਰ ਨੇ ਇਹਨਾਂ ਵਿੱਚੋਂ ਪਹਿਲੇ ਨੂੰ «crise pléthorique», ਬਹੁਲਤਾ ਦਾ ਸੰਕਟ* ਕਿਹਾ, ਤਾਂ ਉਹਨੇ ਇਹਨਾਂ ਸਭਨਾਂ ਦੇ ਤੱਤ ਨੂੰ ਸਮਝ ਲਿਆ।

ਇਹਨਾਂ ਸੰਕਟਾਂ ਵਿੱਚ ਸਮਾਜੀ ਕੀਤੇ ਉਤਪਾਦਨ ਅਤੇ ਸਰਮਾਏਦਾਰੀ ਕਬਜ਼ੇ ਵਿਚਕਾਰ ਵਿਰੋਧ ਦਾ ਅੰਤ ਇੱਕ ਹਿੰਸਕ ਵਿਸਫੋਟ ਵਿੱਚ ਹੁੰਦਾ ਹੈ। ਕੁੱਝ ਸਮੇਂ ਲਈ ਜਿਣਸਾਂ ਦਾ ਵਿਤਰਣ ਰੋਕ ਦਿੱਤਾ ਜਾਂਦਾ ਹੈ। ਪੈਸਾ, ਜਿਹੜਾ ਵਿਤਰਣ ਦਾ ਸਾਧਨ ਹੈ, ਵਿਤਰਣ ਦੇ ਰਾਹ ਵਿੱਚ ਰੋਕ ਬਣ ਜਾਂਦਾ ਹੈ। ਜਿਣਸਾਂ ਦੇ ਉਤਪਾਦਨ ਅਤੇ ਵਿਤਰਣ ਦੇ ਸਾਰੇ ਅਸੂਲ ਸਿਰ ਭਾਰ ਹੋ ਜਾਂਦੇ ਹਨ। ਆਰਥਕ ਟੱਕਰ ਆਪਣੀ ਸਿਖਰ ’ਤੇ ਅੱਪੜ ਗਈ ਹੈ : **ਉਤਪਾਦਨ ਦਾ ਢੰਗ ਵਟਾਂਦਰੇ ਦੇ ਢੰਗ ਵਿਰੁੱਧ ਬਗ਼ਾਵਤ ਕਰ ਰਿਹਾ ਹੈ।**

ਕਾਰਖਾਨੇ ਵਿੱਚ ਉਤਪਾਦਨ ਦੀ ਸਮਾਜੀ ਜਥੇਬੰਦੀ ਇਸ ਹੱਦ ਤੱਕ ਵਿਕਸਤ ਹੋ ਗਈ ਹੈ ਕਿ ਉਹ ਸਮਾਜ ਵਿੱਚ ਉਤਪਾਦਨ ਦੀ ਅਰਾਜਕਤਾ ਨਾਲ਼, ਜਿਹੜੀ ਇਹਦੇ ਨਾਲ਼ ਹੀ ਨਾਲ਼ ਰਹਿੰਦੀ ਅਤੇ ਇਹਦੇ ਉੱਤੇ ਭਾਰੂ ਹੁੰਦੀ ਹੈ, ਅਣਮੇਲ ਹੋ ਗਈ ਹੈ, ਇਸ ਤੱਥ ਦੀ ਸੋਝੀ ਖੁਦ ਸਰਮਾਏਦਾਰਾਂ ਨੂੰ ਸਰਮਾਏ ਦੇ ਹਿੰਸਕ ਢੰਗ ਨਾਲ਼ ਉਸ ਕੇਂਦ੍ਰਿਤ ਹੋਣ ਰਾਹੀਂ ਹੁੰਦੀ ਹੈ, ਜਿਹੜਾ ਸੰਕਟਾਂ ਦੇ ਸਮੇਂ ਬਹੁਤ ਸਾਰੇ ਵੱਡੇ ਅਤੇ ਉਸ ਤੋਂ ਵੀ ਵਡੇਰੀ ਮਾਤਰਾ ਵਿੱਚ ਛੋਟੇ ਸਰਮਾਏਦਾਰਾਂ ਦੇ ਤਬਾਹ ਹੋਣ ਨਾਲ਼ ਹੁੰਦਾ ਹੈ। ਇਹਦੀਆਂ ਆਪਣੀਆਂ ਰਚਨਾਵਾਂ, ਉਤਪਾਦਕ ਸ਼ਕਤੀਆਂ ਦੇ ਤਬਾਅ ਹੇਠ ਉਪਜ ਦਾ ਸਾਰਾ ਸਰਮਾਏਦਾਰੀ ਢੰਗ ਢਹਿ–ਢੇਰੀ ਹੋ ਜਾਂਦਾ ਹੈ। ਇਹ ਹੁਣ ਉਤਪਾਦਨ ਦੇ ਸਾਧਨਾਂ ਦੇ ਇਸ ਸਾਰੇ ਸਮੂਹ ਨੂੰ ਸਰਮਆਏ ਵਿੱਚ ਤਬਦੀਲ ਕਰਨ ਯੋਗ ਨਹੀਂ ਰਹਿੰਦਾ। ਉਹ ਵਿਹਲੇ ਪਏ ਰਹਿੰਦੇ ਹਨ ਅਤੇ ਇਸੇ ਲਈ ਸਨਅਤੀ ਰਾਖਵੀਂ ਫੋਜ ਨੂੰ ਵੀ ਵਿਹਲਾ ਰਹਿਣਾ ਪੈਂਦਾ ਹੈ। ਉਤਪਾਦਨ ਦੇ ਸਾਧਨ, ਉਪਜੀਵਕਾ ਦੇ ਸਾਧਨ, ਪ੍ਰਾਪਤ

* ਚਾਰਲਸ ਫ਼ੋਰੀਅਰ, Oeuvres complètes, ਸੈਂਚੀ 6, ਪੈਰਿਸ, 1845, ਪੰਨਾਂ 393–94। **—ਸੰਪਾ.**

ਮਜ਼ਦੂਰ, ਉਤਪਾਦਨ ਅਤੇ ਆਮ ਦੌਲਤ ਦੇ ਸਭੇ ਅੰਸ਼ਾਂ ਦੀ ਬਹੁਲਤਾ ਹੈ। ਪਰ "ਬਹੁਲਤਾ ਦੁੱਖਾਂ ਅਤੇ ਥੁੜ੍ਹ ਦਾ ਸੋਮਾਂ ਬਣ ਜਾਂਦੀ ਹੈ" (ਫ਼ੋਰੀਅਰ), ਕਿਉਂਕਿ ਐਨ ਇਹੋ ਉਹ ਵਸਤ ਹੈ ਜਿਹੜੀ ਉਤਪਾਦਨ ਅਤੇ ਉਪਜੀਵਕਾ ਦੇ ਸਾਧਨਾਂ ਦੇ ਸਰਮਾਏ ਵਿੱਚ ਤਬਦੀਲ ਕੀਤੇ ਜਾਣ ਨੂੰ ਰੋਕਦੀ ਹੈ। ਕਿਉਂਕਿ ਸਰਮਾਏਦਾਰ ਸਮਾਜ ਵਿੱਚ ਉਤਪਾਦਨ ਦੇ ਸਾਧਨ ਤਾਂ ਹੀ ਅਮਲ ਕਰ ਸਕਦੇ ਹਨ ਜੇ ਉਹ ਪਹਿਲਾਂ ਸਰਮਾਏ ਵਿੱਚ, ਮਨੁੱਖੀ ਕਿਰਤ-ਸ਼ਕਤੀ ਦੀ ਲੁੱਟ-ਚੋਂਘ ਕਰਨ ਦੇ ਸਾਧਨਾਂ ਵਿੱਚ ਤਬਦੀਲ ਕਰ ਦਿੱਤੇ ਜਾਣ। ਉਤਪਾਦਨ ਅਤੇ ਉਪਜੀਵਕਾ ਦੇ ਇਹਨਾਂ ਸਾਧਨਾਂ ਦੇ ਸਰਮਾਏ ਵਿੱਚ ਤਬਦੀਲੀ ਦੀ ਇਹ ਲੋੜ ਉਹਨਾਂ ਅਤੇ ਕਿਰਤੀਆਂ ਵਿਚਕਾਰ ਭੂਤ ਵਾਂਗ ਖੜੀ ਹੁੰਦੀ ਹੈ। ਕੇਵਲ ਇਹੋ ਇਕੱਲੀ ਉਤਪਾਦਨ ਦੇ ਪਦਾਰਥਕ ਅਤੇ ਸਖ਼ਸ਼ੀ ਸਾਧਨਾਂ ਦੇ ਇਕੱਠੇ ਹੋਣ ਨੂੰ ਰੋਕਦੀ ਹੈ; ਕੇਵਲ ਇਹੋ ਉਤਪਾਦਨ ਦੇ ਸਾਧਨਾਂ ਨੂੰ ਕੰਮ ਕਰਨੋਂ, ਕਿਰਤੀਆਂ ਨੂੰ ਕੰਮ ਕਰਨੋਂ ਅਤੇ ਜੀਣੋਂ ਰੋਕਦੀ ਹੈ। ਇਸ ਲਈ ਇੱਕ ਹੱਥ ਉਤਪਾਦਨ ਦਾ ਸਰਮਾਏਦਾਰ ਢੰਗ ਇਹਨਾਂ ਉਤਪਾਦਕ ਸ਼ਕਤੀਆਂ ਨੂੰ ਹੋਰ ਰਾਹ ਵਿਖਾਉਣ ਦੀ ਨਿਰਯੋਗਤਾ ਦਾ ਦੋਸ਼ੀ ਸਾਬਤ ਹੋਇਆ ਖੜਾ ਹੈ। ਦੂਜੇ ਹੱਥ, ਖ਼ੁਦ ਇਹ ਉਤਪਾਦਕ ਸ਼ਕਤੀਆਂ, ਵੱਧ ਰਹੀ ਸ਼ਕਤੀ ਨਾਲ਼, ਵਿਦਮਾਨ ਵਿਰੋਧ ਦੂਰ ਕਰਨ ਲਈ, ਉਹਨਾਂ ਦੀ ਸਰਮਾਏ ਵਜੋਂ ਸਿਫ਼ਤ ਦਾ ਅੰਤ ਕਰਨ ਲਈ, **ਸਮਾਜੀ ਉਤਪਾਦਕ ਸ਼ਕਤੀਆਂ ਵਜੋਂ ਉਹਨਾਂ ਦੇ ਖ਼ਾਸੇ ਦੀ ਅਮਲੀ ਪ੍ਰਵਾਨਗੀ ਲਈ** ਜ਼ੋਰ ਲਾ ਰਹੀਆਂ ਹਨ।

ਜਿਉਂ ਜਿਉਂ ਉਹ ਵਧੇਰੇ ਬਲਵਾਨ ਹੁੰਦੀਆਂ ਹਨ ਸਰਮਾਏ ਵਜੋਂ ਆਪਣੀ ਸਿਫ਼ਤ ਵਿਰੁੱਧ ਉਤਪਾਦਕ ਸ਼ਕਤੀਆਂ ਦੀ ਬਗ਼ਾਵਤ, ਇਹ ਸਦਾ ਵਧੇਰੇ ਬਲਵਾਨ ਹੁਕਮ ਕਿ ਉਹਨਾਂ ਦਾ ਸਮਾਜੀ ਖ਼ਾਸਾ ਕਬੂਲਿਆ ਜਾਵੇ, ਖ਼ੁਦ ਸਰਮਾਏਦਾਰ ਸ਼੍ਰੇਣੀ ਨੂੰ ਇਸ ਗੱਲ ਉੱਤੇ ਮਜਬੂਰ ਕਰਦਾ ਹੈ ਕਿ ਉਹ ਜਿੱਥੋਂ ਤੱਕ ਸਰਮਾਏਦਾਰੀ ਦੀਆਂ ਪ੍ਰਸਥਿਤੀਆਂ ਅਧੀਨ ਸੰਭਵ ਹੈ, ਉਹਨਾਂ ਨਾਲ਼ ਸਦਾ ਵਧੇਰੇ ਸਮਾਜੀ ਉਤਪਾਦਕ ਸ਼ਕਤੀਆਂ ਵਜੋਂ ਸਲੂਕ ਕਰੇ। ਆਪਣੇ ਕਰਜ਼ਿਆਂ ਦੇ ਬੇਰੋਕ ਫੈਲਾਅ ਸਮੇਤ ਸਨਅਤੀ ਤੇਜ਼ ਗਤੀ ਦਾ ਸਮਾਂ, ਖ਼ੁਦ ਗਿਰਾਵਟ ਦੇ ਸਮੇਂ ਨਾਲ਼ੋਂ, ਜਿਸ ਵਿੱਚ ਮਹਾਨ ਸਰਮਾਏਦਾਰ ਸੰਸਥਾਵਾਂ ਦਾ ਢਹਿ-ਢੇਰੀ ਹੋਣਾ ਆਉਂਦਾ ਹੈ, ਕਿਸੇ ਵੀ ਤਰ੍ਹਾਂ ਘੱਟ ਹੱਦ ਤੱਕ ਉਤਪਾਦਨ ਦੇ ਸਾਧਨਾਂ ਦੀ ਵੱਡੀ ਗਿਣਤੀ ਦੇ ਸਮਾਜੀਕਰਣ ਦਾ ਉਹ ਰੂਪ ਲਿਆਉਣ ਦਾ ਮੁਹਾਣ ਰੱਖਦਾ ਹੈ ਜਿਹੜਾ ਅਸੀਂ ਵੱਖ-ਵੱਖ ਤਰ੍ਹਾਂ ਦੀਆਂ ਲਿਮੇਟਿਡ ਕੰਪਨੀਆਂ ਵਿੱਚ ਵੇਖਦੇ ਹਾਂ। ਇਹਨਾਂ ਵਿੱਚੋਂ ਉਤਪਾਦਨ ਅਤੇ ਵੰਡ ਦੇ ਬਹੁਤ ਸਾਰੇ ਸਾਧਨ, ਮੁੱਢ ਤੋਂ ਹੀ, ਰੇਲਾਂ ਵਾਂਗ, ਏਨੇ ਧੜਵੈਲ ਹੁੰਦੇ ਹਨ ਕਿ ਉਹ ਸਰਮਾਏਦਾਰੀ ਲੁੱਟ-ਚੋਂਘ ਦੇ ਹੋਰਨਾ ਸਭਨਾਂ ਰੂਪਾਂ ਨੂੰ ਛੇਕ ਦੇਂਦੇ ਹਨ। ਵਿਕਾਸ ਦੇ ਇੱਕ ਹੋਰ ਅਗਲੇਰੇ ਪੜਾਅ ਵਿੱਚ ਇਹ ਰੂਪ ਵੀ ਨਿਰਯੋਗ ਹੋ ਜਾਂਦਾ ਹੈ। ਇੱਕ ਖ਼ਾਸ ਦੇਸ਼ ਵਿੱਚ ਸਨਅਤ ਦੀ ਇੱਕ ਖ਼ਾਸ ਸ਼ਾਖ਼ ਵਿੱਚ ਉਪਜਕਾਰ ਵੱਡੀ ਪੱਧਰ ਉੱਤੇ ਇੱਕ 'ਟ੍ਰਸਟ' ਵਿੱਚ ਇੱਕਮੁੱਠ ਹੋ ਜਾਂਦੇ ਹਨ ਜਿਸਦਾ ਮੰਤਵ ਉਤਪਾਦਨ ਨੂੰ ਨੇਮ-ਬੱਧ ਕਰਨਾ ਹੁੰਦਾ ਹੈ। ਉਹ ਇਹ ਮਿੱਥਦੇ ਹਨ ਕਿ ਕੁੱਲ ਕਿੰਨੀ ਮਾਤਰਾ ਪੈਦਾ ਕੀਤੀ ਜਾਵੇਗੀ, ਇਹਨੂੰ ਆਪੋ ਵਿੱਚ ਵੰਡ ਲੈਂਦੇ ਹਨ ਅਤੇ ਇਉਂ ਪਹਿਲਾਂ ਤੋਂ ਮਿੱਥੀ ਵਿਕਰੀ ਦੀ ਕੀਮਤ ਲਾਗੂ ਕਰਦੇ ਹਨ। ਪਰ ਜਿਉਂ ਹੀ ਵਪਾਰ

ਵਿਗੜਦਾ ਹੈ ਅਜਿਹੇ ਟ੍ਰਸਟ ਟੁੱਟਣ ਦਾ ਝੁਕਾਅ ਰੱਖਦੇ ਹਨ ਅਤੇ ਐਨ ਇਸੇ ਕਾਰਨ ਉਹ ਇਕੱਠ ਦੀ ਵਧੇਰੇ ਸੰਘਣਤਾ ਲਈ ਮਜਬੂਰ ਕਰਦੇ ਹਨ। ਕੋਈ ਸਮੁੱਚੀ ਵਿਸ਼ੇਸ਼ ਸਨਅਤ ਇੱਕ ਧੜਵੈਲ ਲਿਮੇਟਿਡ ਕੰਪਨੀ ਵਿੱਚ ਤਬਦੀਲ ਕਰ ਦਿੱਤੀ ਜਾਂਦੀ ਹੈ; ਅੰਦਰੂਨੀ ਮੁਕਾਬਲਾ ਇਸ ਇੱਕੋ ਕੰਪਨੀ ਦੀ ਅਜਾਰੇਦਾਰੀ ਨੂੰ ਥਾਂ ਦੇਂਦਾ ਹੈ। ਇਹੋ ਕੁੱਝ 1890 ਵਿੱਚ ਅੰਗ੍ਰੇਜ਼ੀ ਖ਼ਾਰ ਦੇ ਉਤਪਾਦਨ ਵਿੱਚ ਵਾਪਰਿਆ, ਜਿਹੜਾ ਹੁਣ, 48 ਵੱਡੇ ਕਾਰਖ਼ਾਨਿਆਂ ਦੇ ਇੱਕੋ ਹ ਜਾਣ ਪਿਛੋਂ ਇੱਕੋ ਇੱਕ ਕੰਪਨੀ ਦੇ ਹੱਥ ਵਿੱਚ ਹੈ, ਜਿਹੜੀ ਇੱਕੋ ਇੱਕ ਪਲਾਨ ਅਨੁਸਾਰ, 60,00,000 ਪੌਂਡ ਦੇ ਸਰਮਾਏ ਨਾਲ਼ ਚਲਾਈ ਜਾਂਦੀ ਹੈ।

ਟ੍ਰਸਟਾਂ ਵਿੱਚ ਮੁਕਾਬਲੇ ਦੀ ਅਜ਼ਾਦੀ ਇਹਦੇ ਉੱਕਾ ਹੀ ਉਲਟ ਵਿੱਚ—ਅਜਾਰੇਦਾਰੀ ਵਿੱਚ—ਤਬਦੀਲ ਹੋ ਜਾਂਦੀ ਹੈ ਅਤੇ ਸਰਮਾਏਦਾਰ ਸਮਾਜ ਦਾ ਕਿਸੇ ਨਿਸ਼ਚਿਤ ਪਲਾਨ ਤੋਂ ਬਿਨਾਂ ਉਤਪਾਦਨ ਹਮਲਾ ਕਰ ਰਹੇ ਸੋਸ਼ਲਿਸਟ ਸਮਾਜ ਦੇ ਨਿਸ਼ਚਿਤ ਪਲਾਨ ਅਨੁਸਾਰ ਉਤਪਾਦਨ ਅੱਗੇ ਗੋਡੇ ਟੇਕ ਦੇਂਦਾ ਹੈ। ਨਿਸ਼ਚੇ ਹੀ ਅਜੇ ਤੱਕ ਇਹ ਸਰਮਾਏਦਾਰਾਂ ਦੇ ਭਲੇ ਅਤੇ ਲਾਭ ਲਈ ਹੀ ਹੈ। ਪਰ ਇਸ ਹਾਲਤ ਵਿੱਚ ਲੁੱਟ-ਚੋਂਘ ਏਨੀ ਸਪੱਸ਼ਟ ਹੁੰਦੀ ਹੈ ਕਿ ਇਹਦਾ ਟੁੱਟ ਜਾਣਾ ਲਾਜ਼ਮੀ ਹੈ। ਕੋਈ ਕੌਮ ਟ੍ਰਸਟਾਂ ਵੱਲੋਂ ਚਲਾਇਆ ਉਤਪਾਦਨ ਨਹੀਂ ਬਰਦਾਸ਼ਤ ਕਰੇਗੀ, ਜਿਸ ਵਿੱਚ ਨਫ਼ੇਖੋਰਾਂ ਦੀ ਇੱਕ ਨਿੱਕੀ ਜਿਹੀ ਟੋਲੀ ਭਾਈਚਾਰੇ ਦੀ ਏਨੀ ਬੇਸ਼ਰਮੀ ਨਾਲ਼ ਲੁੱਟ-ਚੋਂਘ ਕਰੇ।

ਭਾਵੇਂ ਕੁੱਝ ਵੀ ਹੋਵੇ, ਟ੍ਰਸਟਾਂ ਸਮੇਤ ਜਾਂ ਉਹਨਾਂ ਤੋਂ ਬਿਨਾਂ, ਸਰਮਾਏਦਾਰ ਸਮਾਜ ਦੇ ਸਰਕਾਰੀ ਪ੍ਰਤਿਨਿੱਧ —ਰਾਜ—ਨੂੰ ਅੰਤ ਉਪਜ ਆਪਣੇ ਹੱਥ ਵਿੱਚ ਲੈਣੀ ਪਵੇਗੀ।* ਰਾਜ ਦੀ ਸੰਪਤੀ ਵਿੱਚ ਤਬਦੀਲ ਕਰਨ ਦੀ ਲੋੜ ਸਭ ਤੋਂ ਪਹਿਲਾਂ ਆਵਾਜਾਈ ਅਤੇ ਸੰਚਾਰ ਦੇ ਮਹਾਨ ਸਾਧਨਾਂ —ਡਾਕ ਘਰ, ਤਾਰ ਅਤੇ ਰੇਲਾਂ—ਵਿੱਚ ਅਨੁਭਵ ਕੀਤੀ ਜਾਂਦੀ ਹੈ।

ਜੇ ਸੰਕਟ ਹੋਰ ਲੰਮੇਰੇ ਸਮੇਂ ਲਈ ਬੁਰਜੂਆਜ਼ੀ ਦੀ ਨਵੀਨ ਉਤਪਾਦਕ ਸ਼ਕਤੀਆਂ ਦਾ ਪ੍ਰਬੰਧ ਕਰਨੋਂ ਨਿਰਯੋਗਤਾ ਪ੍ਰਗਟ ਕਰਦੇ ਹਨ ਤਾਂ ਉਤਪਾਦਨ ਅਤੇ ਵੰਡ ਲਈ ਮਹਾਨ ਸੰਸਥਾਵਾਂ ਦੇ ਲਿਮੇਟਿਡ ਕੰਪਨੀਆਂ, ਟ੍ਰਸਟਾਂ ਅਤੇ ਰਾਜਕੀ ਜਾਇਦਾਦ ਵਿੱਚ ਤਬਦੀਲ ਕੀਤਾ ਜਾਣਾ ਇਹ ਸਾਬਤ ਕਰਦੇ ਹਨ ਕਿ ਇਸ ਮੰਤਵ ਲਈ ਬੁਰਜੂਆਜ਼ੀ ਕਿੰਨੀ ਬੇਲੋੜੀ

---

* ਮੈਂ "**ਲੈਣੀ ਪਵੇਗੀ**" ਕਹਿੰਦਾ ਹਾਂ। ਕਿਉਂਕਿ ਕੇਵਲ ਉਦੋਂ ਹੀ ਜਦੋਂ ਉਤਪਾਦਨ ਅਤੇ ਵੰਡ ਦੇ ਸਾਧਨ **ਸੱਚਮੁਚ** ਲਿਮੇਟਿਡ ਕੰਪਨੀਆਂ ਰਾਹੀਂ ਪ੍ਰਬੰਧ ਦੇ ਰੂਪ ਤੋਂ ਵੱਧ ਅੱਗੇ ਵੱਧ ਜਾਂਦੇ ਹਨ ਅਤੇ ਇਸ ਲਈ, ਜਦੋਂ ਉਹਨਾਂ ਦਾ ਰਾਜ ਵੱਲੋਂ ਹੱਥ ਵਿੱਚ ਲਿਆ ਜਾਣਾ **ਆਰਥਕ ਤੌਰ 'ਤੇ** ਅਟੱਲ ਹੋ ਜਾਂਦਾ ਹੈ ਕੇਵਲ ਉਦੋਂ ਹੀ ਆਰਥਕ ਵਾਧਾ ਹੁੰਦਾ ਹੈ, ਸਭਨਾਂ ਉਤਪਾਦਕ ਸ਼ਕਤੀਆਂ ਦੇ ਖੁਦ ਸਮਾਜ ਵੱਲੋਂ ਆਪਣੇ ਹੱਥ ਵਿੱਚ ਲੈਣ ਲਈ ਮੁੱਢਲਾ ਇੱਕ ਕਦਮ ਪ੍ਰਾਪਤ ਹੁੰਦਾ ਹੈ—ਭਾਵੇਂ ਅਜੋਕਾ ਰਾਜ ਹੀ ਅਜਿਹਾ ਕਰਦਾ ਹੈ। ਪਰ ਪਿੱਛੇ ਜਿਹੇ ਤੋਂ, ਜਦੋਂ ਬਿਸਮਾਰਕ ਨੇ ਸਨਅਤੀ ਸੰਸਥਾਵਾਂ ਦੀ ਰਾਜਕੀ ਮਾਲਕੀ ਵੱਲ ਕਦਮ ਚੁੱਕੇ, ਇੱਕ ਤਰ੍ਹਾਂ ਦਾ ਨਕਲੀ ਸੋਸ਼ਲਿਜ਼ਮ ਪੈਦਾ ਹੋ ਗਿਆ ਹੈ, ਜਿਹੜਾ ਘੜੀ ਮੁੜੀ ਡਿੱਗ ਕੇ ਕੁੱਝ ਕੁੱਝ ਚਾਟੜਾਪੁਣਾ ਬਣ ਜਾਂਦਾ ਹੈ, ਜਿਹੜਾ ਬਿਨਾਂ ਕਿਸੇ ਢਿੱਲ ਮੱਠ ਦੇ ਐਲਾਨ ਕਰਦਾ ਹੈ ਕਿ **ਸਾਰੀ** ਰਾਜਕੀ ਮਾਲਕੀ, ਇਥੋਂ ਤੱਕ ਕਿ ⇨

ਹੈ। ਸਰਮਾਏਦਾਰਾਂ ਦੇ ਸਭੇ ਸਮਾਜੀ ਕਾਰਜ ਹੁਣ ਤਨਖ਼ਾਹਦਾਰ ਮੁਲਾਜ਼ਮ ਕਰਦੇ ਹਨ। ਹੁਣ ਸਰਮਾਏਦਾਰ ਲਈ ਇਸ ਤੋਂ ਬਿਨਾਂ ਕੋਈ ਸਮਾਜੀ ਕਾਰਜ ਨਹੀਂ ਰਹਿ ਗਿਆ ਕਿ ਉਹ ਨਫ਼ੇ ਜੇਬਾਂ ਵਿੱਚ ਪਾ ਲਵੇ, ਕੂਪਨ ਪਾੜੇ ਅਤੇ ਸੱਟਾ ਮੰਡੀ ਵਿੱਚ ਜੂਆ ਖੇਡੇ, ਜਿੱਥੇ ਵੱਖ ਵੱਖ ਸਰਮਾਏਦਾਰ ਇੱਕ ਦੂਜੇ ਤੋਂ ਉਹਦਾ ਸਰਮਾਇਆ ਖੋਂਹਦੇ ਹਨ। ਪਹਿਲਾਂ ਉਤਪਾਦਨ ਦਾ ਸਰਮਾਏਦਾਰ ਢੰਗ ਕਿਰਤੀਆਂ ਨੂੰ ਬਾਹਰ ਕੱਢਦਾ ਹੈ। ਹੁਣ ਇਹ ਸਰਮਾਏਦਾਰਾਂ ਨੂੰ ਬਾਹਰ ਧੱਕ ਦੇਂਦਾ ਹੈ ਅਤੇ ਉਹਨਾਂ ਨੂੰ ਉਸੇ ਤਰ੍ਹਾਂ ਵਾਫਰ ਵਸੋਂ ਤੱਕ ਘਟਾ ਦੇਂਦਾ ਹੈ ਜਿਵੇਂ ਇਹਨੇ ਕਿਰਤੀਆਂ ਨੂੰ ਘਟਾਇਆ ਸੀ, ਭਾਵੇਂ ਇਹ ਉਹਨਾਂ ਨੂੰ ਇੱਕਦਮ ਸਨਅਤੀ ਰਾਖਵੀਂ ਫ਼ੌਜ ਵਿੱਚ ਤਬਦੀਲ ਨਹੀਂ ਕਰਦਾ।

ਪਰ ਲਿਮੇਟਿਡ ਕੰਪਨੀਆਂ ਅਤੇ ਟ੍ਰਸਟਾਂ ਜਾਂ ਰਾਜਕੀ ਮਾਲਕੀ ਵਿੱਚ ਤਬਦੀਲੀ ਉਤਪਾਦਕ ਸ਼ਕਤੀਆਂ ਦੇ ਸਰਮਾਏਦਾਰ ਖ਼ਾਸੇ ਦਾ ਅੰਤ ਨਹੀਂ ਕਰ ਦੇਂਦੀ। ਲਿਮੇਟਿਡ ਕੰਪਨੀਆਂ ਅਤੇ ਟ੍ਰਸਟਾਂ ਵਿੱਚ ਇਹ ਸਪੱਸ਼ਟ ਹੁੰਦਾ ਹੈ ਅਤੇ ਫੇਰ, ਨਵੀਨ ਰਾਜ ਕੇਵਲ ਉਹ ਜਥੇਬੰਦੀ ਹੈ ਜਿਸਨੂੰ ਬੁਰਜੂਆ ਸਮਾਜ ਕਿਰਤੀਆਂ ਦੇ ਵੀ ਅਤੇ ਵਿਕੋਲਤ੍ਰੇ ਸਰਮਾਏਦਾਰਾਂ ਦੇ ਵੀ ਦਖ਼ਲ ਵਿਰੁੱਧ ਉਤਪਾਦਨ ਦੇ ਸਰਮਾਏਦਾਰ ਢੰਗ ਦੀਆਂ ਬਾਹਰਲੀਆਂ ਪ੍ਰਸਥਿਤੀਆਂ ਦੀ ਹਮਾਇਤ ਕਰਨ ਲਈ ਹੱਥ ਵਿੱਚ ਲੈਂਦਾ ਹੈ। ਨਵੀਨ ਰਾਜ, ਭਾਵੇਂ ਇਹਦਾ ਰੂਪ ਕੁੱਝ ਕਿਉਂ ਨਾ ਹੋਵੇ, ਲਾਜ਼ਮੀ ਤੌਰ 'ਤੇ ਇੱਕ ਸਰਮਾਏਦਾਰ ਬਣਤਰ ਹੈ, ਸਰਮਾਏਦਾਰਾਂ ਦਾ ਰਾਜ ਹੈ, ਕੁੱਲ ਕੌਮੀ ਸਰਮਾਏ ਦਾ ਆਦਰਸ਼ ਸਜੀਵ ਰੂਪ ਹੈ। ਜਿੰਨਾਂ ਵਧੇਰੇ ਇਹ ਉਤਪਾਦਕ ਸ਼ਕਤੀਆਂ ਆਪਣੇ ਹੱਥ ਲੈਣ ਵੱਲ ਜਾਂਦਾ ਹੈ, ਜਿੰਨਾਂ ਵਧੇਰੇ ਇਹ ਯਥਾਰਥ ਵਿੱਚ ਕੌਮੀ ਸਰਮਾਏਦਾਰ ਬਣ ਜਾਂਦਾ ਹੈ, ਉਨਾਂ ਵਧੇਰੇ ਇਹ ਸ਼ਹਿਰੀਆਂ ਦੀ ਲੁੱਟ-ਚੋਂਘ ਕਰਦਾ ਹੈ। ਕਿਰਤੀ ਉਜਰਤੀ-ਮਜ਼ਦੂਰ—ਪ੍ਰੋਲੇਤਾਰੀ—ਰਹਿੰਦੇ ਹਨ। ਸਰਮਾਏਦਾਰ ਸਬੰਧ ਦਾ ਅੰਤ ਨਹੀਂ ਕੀਤਾ ਜਾਂਦਾ।

---

⇨ ਬਿਸਮਾਰਕੀ ਕਿਸਮ ਦੀ ਵੀ, ਸੋਸ਼ਲਿਸਟ ਹੈ। ਨਿਰਸੰਦੇਹ ਜੇ ਰਾਜ ਵੱਲੋਂ ਤੰਬਾਕੂ ਦੀ ਸਨਅਤ ਦਾ ਆਪਣੇ ਹੱਥ ਲੈਣਾ ਸੋਸ਼ਲਿਸਟ ਹੈ ਤਾਂ ਨੈਪੋਲੀਅਨ ਅਤੇ ਮੈਟਰਨਿਖ ਨੂੰ ਸੋਸ਼ਲਿਜ਼ਮ ਦੇ ਮੋਢੀਆਂ ਵਿੱਚ ਗਿਣਿਆ ਜਾਣਾ ਚਾਹੀਦਾ ਹੈ। ਜੇ ਬੈਲਜੀਅਮ ਦੇ ਰਾਜ ਨੇ, ਐਨ ਸਾਦੇ ਰਾਜਸੀ ਅਤੇ ਵਿੱਤ ਕਾਰਨਾਂ ਕਰਕੇ, ਖ਼ੁਦ ਪਹਿਲਾਂ ਆਪਣੀਆਂ ਮੁੱਖ ਰੇਲਾਂ ਉਸਾਰੀਆਂ; ਜੇ ਬਿਸਮਾਰਕਸ ਨੇ, ਜਿਸਨੂੰ ਕੋਈ ਆਰਥਕ ਮਜਬੂਰੀ ਨਹੀਂ ਸੀ, ਪਰੂਸ਼ੀਆਂ ਦੀਆਂ ਮੁਖ ਲਾਈਨਾਂ ਰਾਜ ਦੇ ਹੱਥ ਵਿੱਚ ਲੈ ਲਈਆਂ ਤਾਂ ਜੁ ਯੁੱਧ ਦੀ ਹਾਲਤ ਵਿੱਚ ਉਹਨਾਂ ਨੂੰ ਵਧੇਰੇ ਚੰਗੀ ਤਰ੍ਹਾਂ ਵਰਤ ਸਕੇ, ਰੇਲਾਂ ਦੇ ਮੁਲਾਜ਼ਮਾਂ ਨੂੰ ਵੋਟ ਦੇਣ ਵਾਲ਼ੇ ਪਸ਼ੂਆਂ ਵਾਂਗ ਹਕੂਮਤ ਦੇ ਹੱਕ ਵਿੱਚ ਵਰਤ ਸਕੇ, ਅਤੇ ਖਾਸ ਤੌਰ 'ਤੇ ਆਪਣੇ ਲਈ ਪਾਰਲੀਮੈਂਟ ਤੋਂ ਸੁਤੰਤਰ ਆਮਦਨ ਦਾ ਸਾਧਨ ਖੜਾ ਕਰ ਸਕੇ—ਇਹ ਕਿਸੇ ਵੀ ਤਰ੍ਹਾਂ ਸਿੱਧੇ ਜਾਂ ਅਣਸਿੱਧੇ ਤਰ੍ਹਾਂ, ਸੁਚੇਤ ਜਾਂ ਅਚੇਤ ਤੌਰ 'ਤੇ ਸੋਸ਼ਲਿਸਟ ਪ੍ਰਕਾਰ ਦਾ ਕਦਮ ਨਹੀਂ ਸੀ। ਨਹੀਂ ਤਾਂ ਸ਼ਾਹੀ ਸਮੁੰਦਰੀ ਕੰਪਨੀ[55], ਸ਼ਾਹੀ ਚੀਨੀ ਦੇ ਭਾਂਡਿਆਂ ਦਾ ਕਾਰਖ਼ਾਨਾ ਅਤੇ ਇੱਥੋਂ ਤੱਕ ਕਿ ਫ਼ੌਜ ਦਾ ਰਜਮੈਂਟ ਦਾ ਦਰਜ਼ੀ ਵੀ ਸੋਸ਼ਲਿਸਟ ਕਿਸਮ ਦੀਆਂ ਸੰਸਥਾਵਾਂ ਹੁੰਦੀਆਂ ਜਾਂ ਜਿਵੇਂ ਕਿਸੇ ਮੌਜੀ ਬੰਦੇ ਨੇ ਫਰੈਡਰਿਕ ਵਿਲੀਅਮ ਤੀਜੇ ਦੇ ਸਮੇਂ ਤਜਵੀਜ਼ ਕੀਤੀ ਸੀ, ਰਾਜ ਵੱਲੋਂ ਚਕਲਿਆਂ ਦਾ ਆਪਣੇ ਹੱਥ ਲਿਆ ਜਾਣਾ ਅਜਿਹਾ ਹੁੰਦਾ। (**ਏਂਗਲਜ਼ ਵੱਲੋਂ ਟੂਕ**)

ਇਹਨੂੰ ਹੋਰ ਉੱਚਾ ਕੀਤਾ ਜਾਂਦਾ ਹੈ। ਪਰ ਹੋਰ ਉੱਚਾ ਕੀਤਿਆ ਇਹ ਉਲਟ ਜਾਂਦਾ ਹੈ। ਉਤਪਾਦਕ ਸ਼ਕਤੀਆਂ ਦੀ ਰਾਜਕੀ ਮਾਲਕੀ ਟੱਕਰ ਦਾ ਹੱਲ ਨਹੀਂ ਪਰ ਇਹਦੇ ਵਿੱਚ ਉਹ ਤਕਨੀਕੀ ਪ੍ਰਸਥਿਤੀਆਂ ਲੁਕੀਆਂ ਹੋਈਆਂ ਹਨ ਜਿਹੜੀਆਂ ਇਹ ਹੱਲ ਦੇ ਅੰਸ਼ ਬਣਦੀਆਂ ਹਨ।

ਇਹਦਾ ਹਲ ਕੇਵਲ ਉਤਪਾਦਨ ਦੀਆਂ ਸ਼ਕਤੀਆਂ ਦੇ ਸਮਾਜੀ ਖਾਸੇ ਨੂੰ ਅਮਲੀ ਤੌਰ 'ਤੇ ਕਬੂਲਣ ਅਤੇ ਇਸੇ ਲਈ ਉਤਪਾਦਨ ਉੱਤੇ ਕਬਜ਼ੇ ਅਤੇ ਵਟਾਂਦਰੇ ਦੇ ਢੰਗਾਂ ਨੂੰ ਉਤਪਾਦਨ ਦੇ ਸਾਧਨਾਂ ਦੇ ਸਮਾਜੀ ਕੀਤੇ ਖਾਸੇ ਨਾਲ਼ ਸੁਮੇਲਣ ਵਿੱਚ ਹੈ ਅਤੇ ਅਜਿਹਾ ਕੇਵਲ ਸਮਾਜ ਦੇ ਖੁੱਲ੍ਹਮ-ਖੁੱਲਾ ਅਤੇ ਸਿੱਧੀ ਤਰ੍ਹਾਂ ਉਤਪਾਦਕ ਸ਼ਕਤੀਆਂ ਦਾ, ਜਿਹੜੀਆਂ ਸਮੁੱਚੇ ਸਮਾਜ ਤੋਂ ਬਿਨਾਂ ਕਿਸੇ ਹੋਰ ਪ੍ਰਬੰਧ ਲਈ ਵਡੇਰੀਆਂ ਹੋ ਗਈਆਂ ਹਨ, ਪ੍ਰਬੰਧ ਆਪਣੇ ਹੱਥ ਵਿੱਚ ਲੈਣ ਨਾਲ਼ ਹੀ ਹੋ ਸਕਦਾ ਹੈ। ਅੱਜ ਉਤਪਾਦਨ ਦੇ ਸਾਧਨਾਂ ਅਤੇ ਉਪਜਾਂ ਦਾ ਸਮਾਜੀ ਖਾਸਾ ਉਪਜਕਾਰਾਂ ਵਿਰੁੱਧ ਪ੍ਰਤਿਕਰਮ ਕਰਦਾ ਹੈ, ਸਮੇਂ ਸਮੇਂ ਸਾਡੇ ਉਤਪਾਦਨ ਅਤੇ ਵਟਾਂਦਰੇ ਵਿੱਚ ਗੜਬੜ ਪੈਦਾ ਕਰ ਦੇਂਦਾ ਹੈ, ਅਤੇ ਕੇਵਲ ਪ੍ਰਕਿਰਤੀ ਦੇ ਇੱਕ ਨਿਯਮ ਅਨੁਸਾਰ, ਅੰਨ੍ਹੀ ਤਰ੍ਹਾਂ, ਜਬਰ ਨਾਲ਼, ਤਬਾਹੀ ਕਰਨ ਲੀ ਅਮਲ ਕਰਦਾ ਹੈ। ਪਰ ਜਦੋਂ ਸਮੁੱਚੇ ਤੌਰ 'ਤੇ ਸਮਾਜ ਉਪਜਾਊ ਸ਼ਕਤੀਆਂ ਨੂੰ ਆਪਣੇ ਹੱਥ ਲੈ ਲਵੇਗਾ ਤਾਂ ਉਪਜਕਾਰ ਉਤਪਾਦਨ ਦੇ ਸਾਧਨਾਂ ਅਤੇ ਉਪਜਾਂ ਦੇ ਸਮਾਜੀ ਖ਼ਾਸੇ ਨੂੰ ਇਹਦੇ ਖਾਸੇ ਦੀ ਮੁਕੰਮਲ ਸੂਝ ਨਾਲ਼ ਵਰਤਨਗੇ ਅਤੇ ਗੜਬੜ ਅਤੇ ਸਮੇਂ ਸਮੇਂ ਆਉਂਦੀ ਗਿਰਾਵਟ ਦਾ ਸੋਮਾ ਬਣਨ ਦੀ ਥਾਂ ਇਹ ਖੁਦ ਉਤਪਾਦਨ ਦਾ ਸਭ ਤੋਂ ਬਲਵਾਨ ਸਾਧਨ ਬਣ ਜਾਵੇਗਾ।

ਸਰਗਰਮ ਸਮਾਜੀ ਸ਼ਕਤੀਆਂ ਐਨ ਪ੍ਰਕਿਰਤਕ ਸ਼ਕਤੀਆਂ ਵਾਂਗ ਅਮਲ ਕਰਦੀਆਂ ਹਨ: ਅੰਨ੍ਹੀ ਤਰ੍ਹਾਂ, ਜਬਰ ਨਾਲ਼ ਅਤੇ ਤਬਾਹੀ ਕਰਨ ਲਈ, ਜਿੰਨਾਂ ਚਿਰ ਅਸੀਂ ਉਹਨਾਂ ਨੂੰ ਸਮਝ ਨਹੀਂ ਲੈਂਦੇ ਅਤੇ ਉਹਨਾਂ ਨਾਲ਼ ਨਜਿੱਠਣਾ ਸਿੱਖ ਨਹੀਂ ਲੈਂਦੇ। ਪਰ ਜਦੋਂ ਇੱਕ ਵਾਰ ਅਸੀਂ ਉਹਨਾਂ ਨੂੰ ਸਮਝ ਲੈਂਦੇ ਹਾਂ, ਜਦੋਂ ਅਸੀਂ ਇੱਕ ਵਾਰ ਉਹਨਾਂ ਦੇ ਅਮਲ ਨੂੰ, ਉਹਨਾਂ ਦੀ ਸੇਧ ਨੂੰ, ਉਹਨਾਂ ਦੇ ਪ੍ਰਭਾਵ ਨੂੰ ਸਮਝ ਲੈਂਦੇ ਹਾਂ ਤਾਂ ਉਹਨਾਂ ਨੂੰ ਵੱਧ ਤੋਂ ਵੱਧ ਆਪਣੀ ਇੱਛਾ ਦੇ ਅਧੀਨ ਕਰਨਾ ਅਤੇ ਉਹਨਾਂ ਰਾਹੀਂ ਆਪਣੇ ਨਿਸ਼ਾਨਿਆਂ ਤੱਕ ਅਪੜਨਾ ਕੇਵਲ ਸਾਡੇ ਉੱਤੇ ਨਿਰਭਰ ਹੈ ਅਤੇ ਇਹ ਗੱਲ ਅਜੋਕੀਆਂ ਬਲਵਾਨ ਉਤਪਾਦਕ ਸ਼ਕਤੀਆਂ ਲਈ ਵਿਸ਼ੇਸ਼ ਤੌਰ 'ਤੇ ਠੀਕ ਹੈ। ਜਿੰਨਾਂ ਚਿਰ ਅਸੀਂ ਅੜੀ ਨਾਲ਼ ਅਮਲ ਦੇ ਇਹਨਾਂ ਸਮਾਜੀ ਸਾਧਨਾਂ ਦਾ ਖ਼ਾਸਾ ਅਤੇ ਲੱਛਣ ਸਮਝਣੋਂ ਇਨਕਾਰੀ ਹਾਂ—ਅਤੇ ਇਹ ਸਮਝ ਉਤਪਾਦਨ ਦੇ ਸਰਮਾਏਦਾਰ ਢੰਗ ਅਤੇ ਇਹਦੇ ਰੱਖਿਅਕਾਂ ਦੇ ਖ਼ਾਸੇ ਦੇ ਵਿਰੁੱਧ ਜਾਂਦੀ ਹੈ—ਜਿੰਨਾਂ ਚਿਰ ਇਹ ਸਾਡੇ ਬਾਵਜੂਦ, ਸਾਡੇ ਵਿਰੋਧ ਵਿੱਚ ਅਮਲ ਕਰਦੀਆਂ ਹਨ, ਉਨ੍ਹਾਂ ਚਿਰ ਇਹ ਸਾਡੇ ਉੱਤੇ ਭਾਰੂ ਰਹਿੰਦੀਆਂ ਹਨ, ਜਿਹਾ ਕਿ ਅਸੀਂ ਉੱਪਰ ਵਿਸਥਾਰ ਨਾਲ਼ ਵਿਖਾ ਚੁਕੇ ਹਾਂ। ਪਰ ਜਦੋਂ ਇੱਕ ਵਾਰ ਉਹਨਾਂ ਦਾ ਖ਼ਾਸਾ ਸਮਝ ਲਿਆ ਜਾਂਦਾ ਹੈ ਤਾਂ ਉਹ ਸਾਂਝੀ ਤਰ੍ਹਾਂ ਅਮਲ ਕਰ ਰਹੇ ਉਪਜਕਾਰਾਂ ਦੇ ਹੱਥਾਂ ਵਿੱਚ ਹਾਕਮ ਜਿੰਨਾਂ ਦੀ ਥਾਂ ਰਜ਼ਾਮੰਦ ਨੌਕਰਾਂ ਵਿੱਚ ਤਬਦੀਲ ਕੀਤੀਆਂ ਜਾ ਸਕਦੀਆਂ ਹਨ। ਇਹ ਫਰਕ ਐਨ ਉਸੇ ਤਰ੍ਹਾਂ ਹੈ ਜਿਵੇਂ ਝਖੜ ਦੀ ਅਸਮਾਨੋਂ ਡਿੱਗਦੀ

ਬਿਜਲੀ ਵਿੱਚ ਅਤੇ ਤਾਰ ਅਤੇ ਵੋਲਟਾ ਦੀ ਕਮਾਨੀਹਾਰ ਬਿਜਲੀ ਦੀ ਅੱਗ ਵਿੱਚ; ਅਨ੍ਹੇਵਾਹ ਮਚੇ ਭਾਂਬੜ ਅਤੇ ਮਨੁੱਖ ਦੀ ਸੇਵਾ ਕਰ ਰਹੀ ਅੱਗ ਵਿਚਕਾਰ ਫ਼ਰਕ ਅਤੇ ਅੰਤ, ਅਜੋਕੀਆਂ ਉਤਪਾਦਕ ਸ਼ਕਤੀਆਂ ਦੇ ਅਸਲੀ ਖ਼ਾਸੇ ਨੂੰ ਸਮਝਣ ਨਾਲ਼ ਉਤਪਾਦਨ ਦੀ ਸਮਾਜੀ ਅਰਾਜਕਤਾ ਦੀ ਥਾਂ ਇੱਕ ਨਿਸ਼ਚਿਤ ਪਲਾਨ ਅਨੁਸਾਰ, ਭਾਈਚਾਰੇ ਅਤੇ ਹਰ ਵਿਅਕਤੀ ਦੀਆਂ ਲੋੜਾਂ ਅਨੁਸਾਰ ਉਤਪਾਦਨ ਦਾ ਸਮਾਜੀ ਤੌਰ 'ਤੇ ਨੇਮ-ਬੱਧ ਕੀਤਾ ਜਾਣਾ ਲੈ ਲਵੇਗਾ। ਫੇਰ ਕਬਜ਼ੇ ਦੇ ਸਰਮਾਏਦਾਰ ਢੰਗ ਦੀ ਥਾਂ, ਜਿਸ ਵਿੱਚ ਉਪਜ ਪਹਿਲਾਂ ਉਪਜਕਾਰ ਨੂੰ ਅਤੇ ਫੇਰ ਕਬਜ਼ਾ ਕਰਨ ਵਾਲ਼ੇ ਨੂੰ ਗ਼ੁਲਾਮ ਬਣਾਉਂਦੀ ਹੈ, ਉਪਜਾਂ ਉੱਤੇ ਕਬਜ਼ੇ ਦਾ ਉਹ ਢੰਗ ਲੈ ਲੈਂਦਾ ਹੈ ਜਿਹੜਾ ਉਤਪਾਦਨ ਦੇ ਨਵੀਨ ਸਾਧਨਾਂ ਦੇ ਖ਼ਾਸੇ ਉੱਤੇ ਨਿਰਭਰ ਹੈ; ਇੱਕ ਹੱਥ ਉਪਜ ਕਾਇਣ ਰੱਖਣ ਅਤੇ ਵਧਾਉਣ ਲਈ ਸਿੱਧਾ ਸਮਾਜੀ ਕਬਜ਼ਾ—ਅਤੇ ਦੂਜੇ ਹੱਥ ਉਪਜੀਵਕਾ ਦੇ ਸਾਧਨ ਵਜੋਂ ਅਤੇ ਉਪਜਾਂ ਨੂੰ ਮਾਣਨ ਲਈ ਸਿੱਧਾ ਵਿਅਕਤੀਗਤ ਕਬਜ਼ਾ।

ਜਿੱਥੇ ਉਤਪਾਦਨ ਦਾ ਸਰਮਾਏਦਾਰ ਸਾਧਨ ਵਸੋਂ ਦੀ ਵੱਡੀ ਬਹੁ-ਗਿਣਤੀ ਨੂੰ ਸਦਾ ਵਧੇਰੇ ਪ੍ਰੋਲਤਾਰੀਆਂ ਵਿੱਚ ਤਬਦੀਲ ਕਰੀ ਜਾਂਦਾ ਹੈ, ਇਹ ਉਹ ਸ਼ਕਤੀ ਖੜੀ ਕਰਦਾ ਹੈ, ਜਿਹੜੀ ਖ਼ੁਦ ਆਪਣੀ ਤਬਾਹੀ ਦੇ ਖ਼ਤਰੇ ਕਾਰਨ, ਇੱਕ ਇਨਕਲਾਬ ਕਰਨ 'ਤੇ ਮਜਬੂਰ ਹੁੰਦੀ ਹੈ। ਜਿੱਥੇ ਇਹ ਪਹਿਲਾਂ ਹੀ ਸਮਾਜੀ ਕੀਤੇ ਉਤਪਾਦਨ ਦੇ ਸਾਧਨਾਂ ਦੀ ਸਦਾ ਵਧੇਰੇ ਰਾਜਕੀ ਨਿੱਧੀ ਵਿੱਚ ਤਬਦੀਲੀ 'ਤੇ ਮਜਬੂਰ ਕਰ ਦੇਂਦਾ ਹੈ ਉੱਥੇ ਇਹ ਖ਼ੁਦ ਆਪਣੇ ਆਪ ਨੂੰ ਇਹ ਇਨਕਲਾਬ ਲਿਆਉਣ ਦਾ ਰਾਹ ਵੀ ਵਿਖਾਉਂਦਾ ਹੈ। **ਪ੍ਰੋਲੇਤਾਰੀ ਰਾਜਸੀ ਸ਼ਕਤੀ ਉੱਤੇ ਕਬਜ਼ਾ ਕਰ ਲੈਂਦਾ ਹੈ ਅਤੇ ਉਤਪਾਦਨ ਦੇ ਸਾਧਨਾਂ ਨੂੰ ਰਾਜਕੀ ਨਿੱਧੀ ਬਣਾ ਦੇਂਦਾ ਹੈ।** ਪਰ ਅਜਿਹਾ ਕਰਦੇ ਹੋਏ ਇਹ ਪ੍ਰੋਲੇਤਾਰੀ ਦੇ ਤੌਰ 'ਤੇ ਆਪਣਾ ਅੰਤ ਕਰ ਦੇਂਦਾ ਹੈ, ਸਭਨਾਂ ਸ਼੍ਰੇਣੀ ਵਖੇਵਿਆਂ ਅਤੇ ਸ਼੍ਰੇਣੀ ਵਿਰੋਧਾਂ ਦਾ ਅੰਤ ਕਰ ਦੇਂਦਾ ਹੈ, ਅਤੇ ਰਾਜ ਵਜੋਂ ਰਾਜ ਨੂੰ ਵੀ ਖ਼ਤਮ ਕਰ ਦੇਂਦਾ ਹੈ। ਸਮਾਜ ਨੂੰ, ਜਿਹੜਾ ਹੁਣ ਤੱਕ ਸ਼੍ਰੇਣੀ ਵਿਰੋਧਾਂ ਉੱਤੇ ਆਧਾਰਤ ਸੀ, ਰਾਜ ਦੀ ਲੋੜ ਸੀ, ਅਰਥਾਤ ਉਸ ਵਿਸ਼ੇਸ਼ ਸ਼੍ਰੇਣੀ ਦੀ ਜਥੇਬੰਦੀ ਜਿਹੜੀ ਆਰਜ਼ੀ ਤੌਰ 'ਤੇ ਲੋਟੂ ਸ਼੍ਰੇਣੀ ਸੀ, ਉਤਪਾਨਦ ਦੀਆਂ ਵਿਦਮਾਨ ਪ੍ਰਸਥਿਤੀਆਂ ਵਿੱਚ ਬਾਹਰੋਂ ਕੋਈ ਦਖ਼ਲ ਰੋਕਣ ਲਈ ਇੱਕ ਜਥੇਬੰਦੀ, ਅਤੇ ਇਸੇ ਲਈ, ਵਿਸ਼ੇਸ਼ ਤੌਰ 'ਤੇ, ਪਸਿੱਤੀਆਂ ਸ਼੍ਰੇਣੀਆਂ ਨੂੰ ਜਬਰ ਨਾਲ਼ ਉਤਪਾਨੰਦ ਦੇ ਵਰਤਮਾਨ ਢੰਗ (ਗ਼ੁਲਾਮੀ, ਖੇਤ-ਗ਼ੁਲਾਮੀ, ਉਜਰਤੀ-ਮਜ਼ਦੂਰੀ।) ਵਿੱਚ ਰੱਖਣ ਲਈ ਜਥੇਬੰਦੀ। ਰਾਜ ਸਮੁੱਚੇ ਤੌਰ 'ਤੇ ਸਮਾਜ ਦਾ ਪ੍ਰਤਿਨਿੱਧ ਸੀ; ਇਹਦਾ ਇੱਕ ਦਿੱਸਦੇ ਸਜੀਵ ਰੂਪ ਵਿੱਚ ਇਕੱਤਰ ਹੋਣਾ। ਪਰ ਇਹ ਉਸ ਹੱਦ ਤੱਕ ਹੀ ਅਜਿਹਾ ਹੈ ਜਿਸ ਹੱਦ ਤੱਕ ਇਹ ਉਸ ਸ਼੍ਰੇਣੀ ਦਾ ਰਾਜ ਸੀ ਜਿਹੜੀ ਖ਼ੁਦ, ਕੁੱਝ ਸਮੇਂ ਲਈ, ਸਮੁੱਚੇ ਤੌਰ 'ਤੇ ਸਮਾਜ ਦੀ ਪ੍ਰਤਿਨਿੱਧ ਸੀਃ ਪ੍ਰਾਚੀਨ ਸਮੇਂ ਵਿੱਚ ਗ਼ੁਲਾਮਾਂ ਦੇ ਮਾਲਕਾਂ ਦਾ ਰਾਜ, ਮੱਧ ਕਾਲ ਵਿੱਚ ਸਾਮੰਤੀ ਨਵਾਬਾਂ ਦਾ ਰਾਜ, ਸਾਡੇ ਸਮੇਂ ਵਿੱਚ ਬੁਰਜੂਆਜ਼ੀ ਦਾ ਰਾਜ। ਅੰਤ ਜਦੋਂ ਇਹ ਸਮੁੱਚੇ ਸਮਾਜ ਦਾ ਅਸਲੀ ਪ੍ਰਤਿਨਿੱਧ ਬਣ ਜਾਂਦਾ ਹੈ ਤਾਂ ਇਹ ਆਪਣੇ ਆਪ ਨੂੰ ਬੇਲੋੜਾ ਬਣਾ ਦੇਂਦਾ ਹੈ। ਜਿਉਂ ਹੀ ਅਜਿਹੀ ਕੋਈ ਸਮਾਜੀ ਸ਼੍ਰੇਣੀ ਨਹੀਂ ਰਹਿੰਦੀ ਜਿਸਨੂੰ ਦਬਾ ਕੇ ਰੱਖਿਆ ਜਾਵੇ, ਜਿਉਂ ਹੀ ਸ਼੍ਰੇਣੀ ਹਕੂਮਤ ਅਤੇ ਉਤਪਾਦਨ ਵਿੱਚ ਅਜੋਕੀ ਅਰਾਜਕਤਾ ਅਤੇ

ਉਸ ਤੋਂ ਪੈਦਾ ਹੁੰਦੀਆਂ ਟੱਕਰਾਂ ਅਤੇ ਅੱਤਾਂ ਉੱਤੇ ਅਧਾਰਤ ਹੋਂਦ ਲਈ ਵਿਅਕਤੀਗਤ ਘੋਲ਼ ਦਾ ਅੰਤ ਹੋ ਜਾਂਦਾ ਹੈ, ਤਾਂ ਦਬਾ ਕੇ ਰੱਖਣ ਲਈ ਇੱਕ ਵਿਸ਼ੇਸ਼ ਸ਼ਕਤੀ, ਰਾਜ ਦੀ ਹੋਰ ਲੋੜ ਨਹੀਂ ਰਹਿੰਦੀ। ਉਹ ਪਹਿਲਾ ਕਦਮ ਜਿਸ ਰਾਹੀਂ ਰਾਜ ਸੱਚਮੁਚ ਆਪਣੇ ਆਪ ਨੂੰ ਸਮੁੱਚੇ ਸਮਾਜ ਦਾ ਪ੍ਰਤਿਨਿੱਧ ਬਣਾਉਂਦਾ ਹੈ—ਸਮਾਜ ਦੇ ਨਾਂ ਉੱਤੇ ਉਤਪਾਦਨ ਦੇ ਸਾਧਨਾਂ ਉੱਤੇ ਕਬਜ਼ਾ ਕਰਨਾ—ਉਹਦੇ ਨਾਲ਼ ਹੀ ਨਾਲ਼, ਇਹ ਰਾਜ ਵਜੋਂ ਉਹਦਾ ਅਖ਼ੀਰੀ ਸੁਤੰਤਰ ਕੰਮ ਹੁੰਦਾ ਹੈ। ਇੱਕ ਤੋਂ ਪਿੱਛੋਂ ਦੂਜੇ ਖੇਤਰ ਵਿੱਚ ਰਾਜ ਦਾ ਦਖ਼ਲ ਵਾਧੂ ਹੋ ਜਾਂਦਾ ਹੈ ਅਤੇ ਫੇਰ ਉੱਕਾ ਹੀ ਖ਼ਤਮ ਹੋ ਜਾਂਦਾ ਹੈ। ਲੋਕਾਂ ਉੱਤੇ ਹਕੂਮਤ ਦੀ ਥਾਂ ਵਸਤਾਂ ਦਾ ਪ੍ਰਬੰਧ ਅਤੇ ਉਤਪਾਦਨ ਦੇ ਅਮਲਾਂ ਦੀ ਨਿਗਰਾਨੀ ਲੈ ਲੈਂਦੀ ਹੈ। ਰਾਜ ਦਾ "ਅੰਤ ਨਹੀਂ ਕੀਤਾ ਜਾਂਦਾ"। **ਇਹ ਹੌਲ਼ੀ ਹੌਲ਼ੀ ਮਰ ਜਾਂਦਾ ਹੈ** ਇਸ ਨਾਲ਼ "ਇੱਕ ਜਨਤਾ ਦਾ ਆਜ਼ਾਦ ਰਾਜ"[56] ਦੇ ਵਾਕੰਸ਼ ਦਾ ਮੁੱਲ ਮਿੱਥਿਆ ਜਾਂਦਾ ਹੈ, ਐਜੀਟੇਟਰਾਂ ਵੱਲੋਂ ਸਮੇਂ ਸਮੇਂ ਵਰਤੇ ਜਾਣ ਲਈ ਹੱਕੀ ਠਹਿਰਾਏ ਜਾਣ ਵਜੋਂ ਵੀ ਅਤੇ ਇਹਦੀ ਅੰਤਮ ਵਿਗਿਆਨਕ ਥੁੜ੍ਹ ਵਜੋਂ ਵੀ; ਅਤੇ ਅਖੌਤੀ ਅਰਾਜਕਤਾਵਾਦੀਆਂ ਵੱਲੋਂ ਰਾਜ ਦਾ ਇੱਕਦਮ ਅੰਤ ਕਰ ਦਿੱਤੇ ਜਾਣ ਵਜੋਂ ਵੀ।

ਉਤਪਾਦਨ ਦੇ ਸਰਮਾਏਦਾਰ ਢੰਗ ਦੇ ਇਤਿਹਾਸਕ ਤੌਰ 'ਤੇ ਪ੍ਰਗਟ ਹੋਣ ਦੇ ਸਮੇਂ ਤੋਂ ਹੀ ਵਿਅਕਤੀਆਂ ਨੇ ਵੀ ਅਤੇ ਸੰਪ੍ਰਦਾਆਂ ਨੇ ਵੀ, ਘੱਟ ਵੱਧ ਧੁੰਦਲੇ ਢੰਗ ਨਾਲ਼, ਭਵਿੱਖ ਦੇ ਆਦਰਸ਼ ਵਜੋਂ, ਸਮਾਜ ਵੱਲੋਂ ਉਤਪਾਦਨ ਦੇ ਸਭਨਾਂ ਸਾਧਨਾਂ ਉੱਤੇ ਕਬਜ਼ੇ ਦੇ ਸੁਪਨੇ ਲਏ ਹਨ। ਪਰ ਇਹ ਤਾਂ ਹੀ ਸੰਭਵ ਹੋ ਸਕਦਾ ਸੀ, ਤਾਂ ਹੀ ਇਤਿਹਾਸਕ ਲੋੜ ਬਣ ਸਕਦਾ ਸੀ, ਜੇ ਇਹਦੀ ਪ੍ਰਾਪਤੀ ਲਈ ਯਥਾਰਥਕ ਪ੍ਰਸਥਿਤੀਆਂ ਮੌਜੂਦ ਹੋਣ। ਹਰ ਸਮਾਜੀ ਉੱਨਤੀ ਵਾਂਗ ਇਹਦੇ ਅਮਲ ਵਿੱਚ ਲਿਆਉਣ-ਯੋਗ ਬਣਨ ਦਾ ਕਾਰਨ ਮਨੁੱਖਾਂ ਦਾ ਇਹ ਸਮਝਣਾ ਨਹੀਂ ਸੀ ਕਿ ਸ਼੍ਰੇਣੀਆਂ ਦੀ ਹੋਂਦ ਇਨਸਾਫ਼, ਬਰਾਬਰੀ, ਆਦਿ ਦੇ ਵਿਰੁੱਧ ਹੈ, ਕੇਵਲ ਇਹਨਾਂ ਸ਼੍ਰੇਣੀਆਂ ਨੂੰ ਖ਼ਤਮ ਕਰਨ ਲਈ ਰਜ਼ਾਮੰਦੀ ਨਹੀਂ ਸੀ, ਸਗੋਂ ਇਹਦਾ ਕਾਰਨ ਕੁੱਝ ਨਵੀਆਂ ਆਰਥਕ ਪ੍ਰਸਥਿਤੀਆਂ ਸਨ। ਸਮਾਜ ਦਾ ਲੋਟੂ ਅਤੇ ਲੁੱਟੀਆਂ ਜਾਂਦੀਆਂ ਸ਼੍ਰੇਣੀਆਂ ਵਿੱਚ, ਇੱਕ ਹਾਕਮ ਅਤੇ ਇੱਕ ਪਸਿੱਤੀ ਸ਼੍ਰੇਣੀ ਵਿੱਚ ਵੰਡਿਆ ਜਾਣਾ ਪਹਿਲਿਆਂ ਸਮਿਆਂ ਵਿੱਚ ਉਤਪਾਦਨ ਦੇ ਵਿਕਾਸ ਦੇ ਕਸਰਵੰਦਾ ਅਤੇ ਸੀਮਤ ਹੋਣਾ ਸੀ। ਜਿੰਨਾਂ ਚਿਰ ਕੁੱਲ ਸਮਾਜੀ ਕਿਰਤ ਇੰਨੀ ਉਪਜ ਪੈਦਾ ਕਰਦੀ ਹੈ ਜਿਹੜੀ ਸਭਨਾਂ ਦੀ ਹੋਂਦ ਲਈ ਉੱਕਾ ਹੀ ਲੋੜੀਂਦੀ ਤੋਂ ਬਹੁਤ ਥੋੜ੍ਹੀ ਵੱਧ ਹੈ, ਜਿੰਨਾਂ ਚਿਰ ਕਿਰਤ ਸਮਾਜ ਦੇ ਵਿਅਕਤੀਆਂ ਦੀ ਵੱਡੀ ਬਹੁ-ਗਿਣਤੀ ਦੇ ਸਾਰੇ ਜਾਂ ਲਗ ਭਗ ਸਾਰੇ ਸਮੇਂ ਨੂੰ ਹੜਪ ਲੈਂਦੀ ਹੈ— ਉਨਾਂ ਚਿਰ ਇਹ ਸਮਾਜ ਲਾਜ਼ਮੀ ਤੌਰ 'ਤੇ ਸ਼੍ਰੇਣੀਆਂ ਵਿੱਚ ਵੰਡਿਆ ਹੋਇਆ ਹੈ। ਵੱਡੀ ਬਹੁ-ਗਿਣਤੀ, ਕਿਰਤ ਦੇ ਅਨੰਨ ਬੱਧੇ ਗੋਲਿਆਂ, ਦੇ ਨਾਲ਼ ਹੀ ਨਾਲ਼ ਇੱਕ ਸ਼੍ਰੇਣੀ ਪੈਦਾ ਹੁੰਦੀ ਹੈ ਜਿਹੜੀ ਸਿੱਧੀ ਉਤਪਾਦਕ ਕਿਰਤ ਤੋਂ ਅਜ਼ਾਦ ਹੈ, ਜਿਹੜੀ ਸਮਾਜ ਦੇ ਆਮ ਮਾਮਲਿਆਂ ਦਾ ਪ੍ਰਬੰਧ ਕਰਦੀ ਹੈਃ ਕਿਰਤ ਦੀ ਨਿਗਰਾਨੀ, ਰਾਜ ਦਾ ਕਾਰੋਬਾਰ, ਕਾਨੂੰਨ, ਵਿਗਿਆਨ, ਕਲਾ, ਆਦਿ। ਸੋ ਇਹ ਕਿਰਤ ਦੀ ਵੰਡ ਦਾ ਨਿਯਮ ਹੀ ਹੈ ਜਿਹੜਾ ਸ਼੍ਰੇਣੀਆਂ ਵਿੱਚ ਵੰਡ ਦਾ ਆਧਾਰ ਹੈ। ਪਰ ਇਹ ਗੱਲ ਸ਼੍ਰੇਣੀਆਂ ਵਿੱਚ ਵੰਡ ਨੂੰ ਹਿੰਸਾ ਅਤੇ ਲੁੱਟ, ਚਾਲਬਾਜ਼ੀ ਅਤੇ ਧੋਖੇ ਨਾਲ਼ ਚਲਾਏ ਜਾਣ ਤੋਂ

ਨਹੀਂ ਰੋਕਦੀ, ਇਹ ਹਾਕਮ ਸ਼੍ਰੇਣੀ ਨੂੰ, ਜਦੋਂ ਉਹਨੇ ਇੱਕ ਵਾਰ ਗਲਬਾ ਸਥਾਪਤ ਕਰ ਲਿਆ, ਕਿਰਤੀ ਸ਼੍ਰੇਣੀ ਦੇ ਮੁੱਲ 'ਤੇ ਆਪਣੀ ਤਾਕਤ ਮਜ਼ਬੂਤ ਬਣਾਉਣੋਂ, ਆਪਣੀ ਲੀਡਰਸ਼ਿਪ ਨੂੰ ਜਨਤਾ ਦੀ ਤਿਖੇਰੀ ਕੀਤੀ ਲੁੱਟ-ਚੋਘ ਵਿੱਚ ਤਬਦੀਲ ਕਰਨੋਂ ਨਹੀਂ ਰੋਕਦੀ।

ਪਰ, ਜਿਹਾ ਕਿ ਵਿਖਾਇਆ ਗਿਆ ਹੈ, ਸ਼੍ਰੇਣੀਆਂ ਵਿੱਚ ਵੰਡ ਲਈ ਕੋਈ ਇਤਿਹਾਸਕ ਅਧਾਰ ਨਹੀਂ ਸੀ, ਇਹ ਕੇਵਲ ਇੱਕ ਖਾਸ ਦੌਰ ਲਈ, ਕੇਵਲ ਖਾਸ ਪ੍ਰਸਥਿਤੀਆਂ ਅਧੀਨ ਹੀ ਸੀ। ਇਹ ਉਤਪਾਦਨ ਦੇ ਕਸਰਵੰਦੇ ਹੋਣ ਉੱਤੇ ਅਧਾਰਤ ਸੀ। ਨਵੀਨ ਉਤਪਾਦਕ ਸ਼ਕਤੀਆਂ ਦੇ ਪੂਰੇ ਵਿਕਾਸ ਨਾਲ਼ ਇਹਦਾ ਹੂੰਝਾ ਫਿਰ ਜਾਵੇਗਾ ਅਤੇ, ਤੱਥ ਤਾਂ ਇਹ ਹੈ ਕਿ ਸਮਾਜ ਵਿੱਚ ਸ਼੍ਰੇਣੀਆਂ ਦਾ ਅੰਤ ਪਹਿਲਾਂ ਹੀ ਇਤਿਹਾਸਕ ਵਿਕਾਸ ਦੀ ਇੱਕ ਅਜਿਹੀ ਪੱਧਰ ਫਰਜ਼ ਕਰ ਲੈਂਦਾ ਹੈ, ਜਿਸ ਵਿੱਚ ਉੱਕਾ ਹੀ ਕਿਸੇ ਇੱਕ ਜਾਂ ਦੂਜੀ ਹਾਕਮ ਸ਼੍ਰੇਣੀ ਦੀ ਹੋਂਦ, ਸਗੋਂ ਕਿਸੇ ਵੀ ਹਾਕਮ ਸ਼੍ਰੇਣੀ ਦੀ ਹੋਂਦ, ਅਤੇ, ਇਸੇ ਲਈ, ਖ਼ੁਦ ਸ਼੍ਰੇਣੀ ਵਖਰੇਵਿਆਂ ਦੀ ਹੋਂਦ ਇੱਕ ਸਮਾਂ ਵਿਹਾ ਚੁੱਕੀ ਕੁਵੇਲੜੀ ਗੱਲ ਬਣ ਜਾਵੇਗਾ। ਇਹ ਪਹਿਲਾਂ ਹੀ ਉਤਪਾਦਨ ਦੇ ਵਿਕਾਸ ਦੀ ਹੱਦ ਤੱਕ ਵਧਾਇਆ ਜਾਣਾ ਫ਼ਰਜ਼ ਕਰ ਲੈਂਦਾ ਹੈ ਜਿੱਥੇ ਉਤਪਾਦਨ ਦੇ ਸਾਧਨਾਂ ਅਤੇ ਉਪਜਾਂ ਉੱਤੇ ਕਬਜ਼ਾ ਅਤੇ ਇਹਦੇ ਨਾਲ਼ ਹੀ ਨਾਲ਼, ਕਿਸੇ ਇੱਕ ਸ਼੍ਰੇਣੀ ਵੱਲੋਂ ਸਮਾਜ ਉੱਤੇ ਰਾਜਸੀ ਗ਼ਲਬਾ, ਸੱਭਿਆਚਾਰ ਅਤੇ ਬੌਧਕ ਅਗਵਾਈ ਦੀ ਅਜਾਰੇਦਾਰੀ ਨਾ ਕੇਵਲ ਬੇਲੋੜੀ ਸਗੋਂ ਆਰਥਕ, ਰਾਜਸੀ ਅਤੇ ਬੌਧਕ ਪੱਖ ਤੋਂ ਵਿਕਾਸ ਵਿੱਚ ਇੱਕ ਰੋਕ ਬਣ ਜਾਂਦਾ ਹੈ। ਹੁਣ ਇਸ ਪੜਾਅ ਦੇ ਨੇੜੇ ਅਪੜਿਆ ਗਿਆ ਹੈ। ਉਹ ਦਾ ਰਾਜਸੀ ਅਤੇ ਬੌਧਕ ਦੀਵਾਲੀਆਪੁਣਾ ਹੁਣ ਖ਼ੁਦ ਬੁਰਜੂਆਜ਼ੀ ਲਈ ਵੀ ਭੇਤ ਨਹੀਂ ਰਿਹਾ। ਉਹ ਦਾ ਆਰਥਕ ਦੀਵਾਲੀਆਪੁਣਾ ਨੇਮ ਨਾਲ਼ ਹਰ ਦਸਵੇਂ ਵਰ੍ਹੇ ਆਉਂਦਾ ਹੈ। ਹਰ ਸੰਕਟ ਵਿੱਚ ਉਹਦੀਆਂ ਆਪਣੀਆਂ ਉਹਨਾਂ ਉਤਪਾਦਕ ਸ਼ਕਤੀਆਂ ਅਤੇ ਉਪਜਾਂ ਹੇਠ ਸਮਾਜ ਦਾ ਸਾਹ ਘੁੱਟਿਆ ਜਾਂਦਾ ਹੈ, ਜਿਨ੍ਹਾਂ ਨੂੰ ਉਹ ਵਰਤ ਨਹੀਂ ਸਕਦੀ ਅਤੇ ਉਹ ਇਸ ਵਾਹਯਾਤ ਵਿਰੋਧ ਦੇ ਸਾਹਮਣੇ ਬੇਵੱਸ ਖੜੀ ਹੁੰਦੀ ਹੈ ਕਿ ਉਪਜਕਾਰਾਂ ਕੋਲ਼ ਖਪਤ ਕਰਨ ਲਈ ਕੁੱਝ ਨਹੀਂ ਕਿਉਂਕਿ ਖਪਤਕਾਰ ਨਹੀਂ ਹਨ। ਉਤਪਾਦਨ ਦੇ ਸਾਧਨਾਂ ਦੀ ਪਸਾਰੂ ਸ਼ਕਤੀ ਉਹ ਬੰਧਨ ਤੋੜ ਦੇਂਦੀ ਹੈ ਜਿਹੜੇ ਉਤਪਾਦਨ ਦੇ ਸਰਮਾਏਦਾਰ ਢੰਗ ਨੇ ਉਹਨਾਂ ਉੱਪਰ ਲਾਏ ਹੁੰਦੇ ਹਨ। ਉਹਨਾਂ ਦੀ ਇਹਨਾਂ ਬੰਧਨਾਂ ਤੋਂ ਮੁਕਤੀ ਉਤਪਾਦਕ ਸ਼ਕਤੀਆਂ ਦੇ ਨਿਰੰਤਰ, ਲਗਾਤਾਰ ਤਿੱਖੇ ਹੋ ਰਹੇ ਵਿਕਾਸ ਅਤੇ ਇਉਂ ਖ਼ੁਦ ਉਤਪਾਦਨ ਦੇ ਅੰਨਤ ਵਾਧੇ ਲਈ ਇੱਕ ਬੁਨਿਆਦੀ ਸ਼ਰਤ ਹੈ। ਕੇਵਲ ਇੰਨਾਂ ਹੀ ਨਹੀਂ। ਉਤਪਾਦਨ ਦੇ ਸਾਧਨਾਂ ਉੱਤੇ ਕੀਤਾ ਸਮਾਜੀ ਕਬਜ਼ਾ ਨਾ ਕੇਵਲ ਅੱਜ ਉਤਪਾਦਨ ਉੱਤੇ ਲੱਗੀਆਂ ਨਕਲੀ ਰੋਕਾਂ ਨੂੰ ਦੂਰ ਕਰ ਦੇਂਦਾ ਹੈ ਸਗੋਂ ਉਤਪਾਦਕ ਸ਼ਕਤੀਆਂ ਅਤੇ ਉਪਜਾਂ ਦੀ ਉਸ ਸਪੱਸ਼ਟ ਬਰਬਾਦੀ ਅਤੇ ਤਬਾਹੀ ਦਾ ਵੀ ਅੰਤ ਕਰਦਾ ਹੈ ਜਿਹੜੀਆਂ ਅਜੋਕੇ ਸਮੇਂ ਉਤਪਾਦਨ ਦਾ ਅਨਿੱਖੜਵਾਂ ਅੰਗ ਹਨ ਅਤੇ ਜਿਹੜੀਆਂ ਸੰਕਟਾਂ ਸਮੇਂ ਆਪਣੀ ਸਿਖਰ 'ਤੇ ਅੱਪੜ ਜਾਂਦੀਆਂ ਹਨ। ਹੋਰ, ਇਹ ਅਜੋਕੀਆਂ ਹਾਕਮ ਸ਼੍ਰੇਣੀਆਂ ਅਤੇ ਉਹਨਾਂ ਦੇ ਰਾਜਸੀ ਪ੍ਰਤਿਨਿੱਧਾਂ ਦੀ ਮਤ-ਹੀਣ ਫਜ਼ੂਲ-ਖਰਚੀ ਦਾ ਅੰਤ ਕਰਕੇ ਸਮੁੱਚੇ ਭਾਈਚਾਰੇ ਲਈ ਉਤਪਾਦਨ ਦੇ ਸਾਧਨਾਂ ਅਤੇ ਉਪਜਾਂ ਦਾ ਇੱਕ ਵੱਡਾ ਸਮੂਹ ਵਿਹਲਾ ਕਰਦਾ ਹੈ। ਸਮਾਜੀ

ਕੀਤੇ ਉਤਪਾਦਨ ਰਾਹੀਂ ਸਮਾਜ ਦੇ ਹਰ ਵਿਅਕਤੀ ਲਈ ਅਜਿਹੀ ਹੋਂਦ ਯਕੀਨੀ ਬਣਾਉਣਾ ਜਿਹੜੀ ਕੇਵਲ ਪਦਾਰਥਕ ਪੱਖ ਤੋਂ ਹੀ ਪੂਰੀ ਤਰ੍ਹਾਂ ਕਾਫੀ ਨਹੀਂ ਅਤੇ ਜਿਹੜੀ ਦਿਨ ਪ੍ਰਤੀ ਦਿਨ ਵਧੇਰੇ ਭਰਪੂਰ ਹੁੰਦੀ ਜਾ ਰਹੀ ਹੈ ਸਗੋਂ ਇੱਕ ਅਜਿਹੀ ਹੋਂਦ ਯਕੀਨੀ ਬਣਾਉਣਾ ਜਿਹੜੀ ਸਭਨਾਂ ਲਈ ਉਹਨਾਂ ਦੀਆਂ ਸਰੀਰਕ ਅਤੇ ਦਿਮਾਗ਼ੀ ਯੋਗਤਾਵਾਂ ਦਾ ਅਜ਼ਾਦ ਵਿਕਾਸ ਯਕੀਨੀ ਬਣਾਉਂਦੀ ਹੈ—ਇਹ ਸੰਭਾਵਨਾ ਹੁਣ ਪਹਿਲੀ ਵਾਰ ਆ ਗਈ ਹੈ ਪਰ ਇਹ **ਆ ਗਈ ਹੈ**।*

ਸਮਾਜ ਵੱਲੋਂ ਉਤਪਾਦਨ ਦੇ ਸਾਧਨਾਂ ਉੱਤੇ ਕਬਜ਼ਾ ਕਰਨ ਦੇ ਨਾਲ਼ ਹੀ ਨਾਲ਼ ਜਿਣਸਾਂ ਦੇ ਉਤਪਾਦਨ ਦਾ ਅਤੇ ਨਾਲ਼ ਹੀ ਨਾਲ਼ ਉਪਜਕਾਰ ਉੱਤੇ ਉਪਜ ਦੇ ਗ਼ਲਬੇ ਦਾ ਅੰਤ ਕਰ ਦਿੱਤਾ ਜਾਂਦਾ ਹੈ। ਸਮਾਜੀ ਉਤਪਾਦਨ ਵਿੱਚ ਅਰਾਜਕਤਾ ਦੀ ਥਾਂ ਨੇਮ-ਬੱਧ, ਸਪੱਸ਼ਟ ਜਥੇਬੰਦੀ ਲੈ ਲੈਂਦੀ ਹੈ। ਵਿਕੋਲਤ੍ਰੀ ਹੋਂਦ ਲਈ ਘੋਲ਼ ਦਾ ਅੰਤ ਹੋ ਜਾਂਦਾ ਹੈ। ਤਾਂ ਫੇਰ, ਇੱਕ ਵਿਸ਼ੇਸ਼ ਅਰਥ ਵਿੱਚ, ਮਨੁੱਖ ਪਹਿਲੀ ਵਾਰ ਪਸ਼ੂ ਜਗਤ ਤੋਂ ਵੱਖ ਹੁੰਦਾ ਹੈ ਅਤੇ ਅੰਤ ਜੀਵਨ ਦੀਆਂ ਪਸ਼ੂ ਪ੍ਰਸਥਿਤੀਆਂ ਵਿੱਚੋਂ ਨਿਕਲ ਕੇ ਸੱਚਮੁੱਚ ਮਨੁੱਖੀ ਪ੍ਰਸਥਿਤੀਆਂ ਵਿੱਚ ਪ੍ਰਵੇਸ਼ ਕਰਦਾ ਹੈ। ਜੀਵਨ ਦੀਆਂ ਪ੍ਰਸਥਿਤੀਆਂ ਦਾ ਸਮੁੱਚਾ ਘੇਰਾ, ਜਿਹੜਾ ਮਨੁੱਖ ਦਵਾਲੇ ਖਿਲਰਿਆ ਹੋਇਆ ਹੈ, ਅਤੇ ਜਿਸ ਨੇ ਹੁਣ ਤੱਕ ਮਨੁੱਖ ਉੱਤੇ ਹਕੂਮਤ ਕੀਤੀ ਸੀ, ਹੁਣ ਮਨੁੱਖ ਦੇ ਗ਼ਲਬੇ ਅਤੇ ਅਧਿਕਾਰ ਅਧੀਨ ਆ ਜਾਂਦਾ ਹੈ, ਮਨੁੱਖ, ਜਿਹੜਾ ਪਹਿਲੀ ਵਾਰ ਪ੍ਰਕਿਰਤੀ ਦਾ ਅਸਲੀ, ਚੇਤੰਨ ਮਾਲਕ ਬਣਿਆ ਹੈ ਕਿਉਂਕਿ ਉਹ ਹੁਣ ਆਪਣੀ ਸਮਾਜੀ ਜਥੇਬੰਦੀ ਦਾ ਮਾਲਕ ਬਣ ਗਿਆ ਹੈ। ਆਪਣੇ ਸਮਾਜੀ ਅਮਲ ਦੇ ਨਿਯਮਾਂ ਨੂੰ, ਜਿਹੜੇ ਹੁਣ ਤੱਕ ਮਨੁੱਖ ਲਈ ਓਪਰੇ ਅਤੇ ਉਹਦੇ ਉੱਤੇ ਭਾਰੂ ਪ੍ਰਕਿਰਤੀ ਦੇ ਨਿਯਮਾਂ ਵਾਂਗ ਹੀ ਮਨੁੱਖ ਦੇ ਦੂ-ਬਦੂ ਖੜੇ ਸਨ, ਹੁਣ ਉਹ ਪੂਰੀ ਸੂਝ ਨਾਲ਼ ਵਰਤੇਗਾ ਅਤੇ ਇਉਂ ਹੀ ਉਹ ਉਹਨਾਂ ਉੱਤੇ ਸਰਦਾਰੀ ਪ੍ਰਾਪਤ ਕਰ ਲਵੇਗਾ। ਮਨੁੱਖ ਦੀ ਆਪਣੀ ਸਮਾਜੀ ਜਥੇਬੰਦੀ, ਜਿਹੜੀ ਹੁਣ ਤੱਕ ਪ੍ਰਕਿਰਤੀ ਅਤੇ ਇਤਿਹਾਸ ਵੱਲੋਂ ਲਾਗੂ ਕੀਤੀ ਇੱਕ ਲੋੜ ਵੱਜੋਂ ਉਹਦੇ ਦੂ-ਬਦੂ ਸੀ, ਹੁਣ ਉਹਦੇ ਅਜ਼ਾਦ ਅਮਲ ਦਾ ਸਿੱਟਾ ਬਣ ਜਾਂਦੀ ਹੈ। ਬਾਹਰਲੀਆਂ ਯਥਾਰਥਕ ਸ਼ਕਤੀਆਂ

---

* ਕੁੱਝ ਅੰਕੜੇ ਇਸ ਗੱਲ ਦਾ ਲਗਭਗ ਅੰਦਾਜ਼ਾ ਦੇ ਸਕਦੇ ਹਨ ਕਿ ਉਤਪਾਦਨ ਦੇ ਨਵੀਨ ਸਾਧਨਾਂ ਦੀ, ਸਰਮਾਏਦਾਰ ਦਬਾਅ ਹੇਠ ਵੀ, ਕਿੰਨੀ ਅਥਾਹ ਪਸਾਰੂ ਸ਼ਕਤੀ ਹੁੰਦੀ ਹੈ। ਮਿ. ਗਿਫ਼ਨ ਅਨੁਸਾਰ ਬਰਤਾਨੀਆ ਅਤੇ ਆਇਰਲੈਂਡ ਦੀ ਕੁੱਲ ਦੌਲਤ, ਅਟਾ ਸਟਾ ਇਉਂ ਸੀ:

1814 ਵਿੱਚ 2,20,00,00,000 ਪੌਂਡ

1865 ਵਿੱਚ 6,10,00,00,000 ਪੌਂਡ

1875 ਵਿੱਚ 8,50,00,00,000 ਪੌਂਡ

ਸੰਕਟ ਦੇ ਸਮੇਂ ਉਤਪਾਦਨ ਦੇ ਸਾਧਨਾਂ ਅਤੇ ਉਪਜਾਂ ਦੇ ਤਬਾਹ ਕਰਨ ਦੀ ਇੱਕ ਮਿਸਾਲ ਵਜੋਂ, 1873-78 ਦੇ ਸੰਕਟ ਸਮੇਂ ਕੇਵਲ ਜਰਮਨੀ ਦੀ ਲੋਹੇ ਅਤੇ ਅਸਧਾਤ ਦੀ ਸਨਅਤ ਵਿੱਚ ਕੁੱਲ ਨੁਕਸਾਨ ਦੂਜੀ ਜਰਮਨ ਸਨਅਤੀ ਕਾਂਗਰਸ (ਬਰਲਿਨ, 21 ਫਰਵਰੀ 1878) ਵਿੱਚ 2,27,50,000 ਪੌਂਡ ਦੱਸਿਆ ਗਿਆ। (**ਏਂਗਲਜ਼ ਵੱਲੋਂ ਟੂਕ**)

ਜਿਹੜੀਆਂ ਹੁਣ ਤੱਕ ਇਤਿਹਾਸ ਉੱਤੇ ਭਾਰੂ ਸਨ, ਖ਼ੁਦ ਮਨੁੱਖ ਦੇ ਅਧਿਕਾਰ ਅਧੀਨ ਆ ਜਾਂਦੀਆਂ ਹਨ। ਕੇਵਲ ਉਸ ਸਮੇਂ ਤੋਂ ਹੀ ਖ਼ੁਦ ਮਨੁੱਖ, ਸਦਾ ਵਧੇਰੇ ਚੇਤੰਨ ਤੌਰ ’ਤੇ ਖ਼ੁਦ ਆਪਣਾ ਇਤਿਹਾਸ ਘੜੇਗਾ—ਉਸ ਸਮੇਂ ਤੋਂ ਉਸ ਵੱਲੋਂ ਹਰਕਤ ਵਿੱਚ ਲਿਆਂਦੇ ਸਮਾਜੀ ਕਾਰਨਾਂ ਦਾ ਸਿੱਟਾ, ਮੁੱਖ ਤੌਰ ’ਤੇ ਅਤੇ ਸਦਾ ਵੱਧ ਰਹੀ ਮਾਤਰਾ ਵਿੱਚ, ਉਹ ਹੋਵੇਗਾ, ਜੋ ਉਸਦਾ ਆਸ਼ਾ ਸੀ। ਇਹ ਮਨੁੱਖ ਦਾ ਲੋੜ ਦੇ ਜਗਤ ਤੋਂ ਆਜ਼ਾਦੀ ਦੇ ਜਗਤ ਵੱਲ ਉੱਪਰ ਚੜ੍ਹਨਾ ਹੈ।

ਮੈਂ ਆਪਣੇ ਇਤਿਹਾਸਕ ਵਿਕਾਸ ਦੇ ਖਰੜੇ ਦਾ ਸਾਰ ਪੇਸ਼ ਕਰਨਾ ਚਾਹੁੰਦਾ ਹਾਂ।

**I. ਮੱਧ-ਕਲੀਨ ਸਮਾਜ** — ਛੋਟੀ ਪੱਧਰ ਦਾ ਵਿਅਕਤੀਗਤ ਉਤਪਾਦਨ। ਉਤਪਾਦਨ ਦੇ ਸਾਧਨ ਵਿਅਕਤੀਗਤ ਵਰਤੋਂ ਦੇ ਅਨੁਸਾਰੀ; ਇਸੇ ਲਈ ਆਦਿ-ਕਾਲੀਨ, ਕੋਝੇ, ਨਿਗੂਣੇ, ਅਮਲ ਵਿੱਚ ਛੁਟਿਆਏ। ਉਤਪਾਦਨ ਫ਼ੌਰੀ ਉਪਜਕਾਰ ਜਾਂ ਉਹਦੇ ਸਾਮੰਤੀ ਨਵਾਬ ਦੀ ਫੌਰੀ ਖਪਤ ਲਈ। ਕੇਵਲ ਜਿੱਥੇ ਇਸ ਖਪਤ ਤੋਂ ਵੱਧ ਉਤਪਾਦਨ ਹੁੰਦਾ ਹੈ ਉਹ ਵਿਕਰੀ ਲਈ ਪੇਸ਼ ਕੀਤਾ ਜਾਂਦਾ ਹੈ, ਵਟਾਂਦਰੇ ਵਿੱਚ ਦਾਖ਼ਲ ਹੁੰਦਾ ਹੈ। ਇਸ ਲਈ ਜਿਣਸਾਂ ਦਾ ਉਤਪਾਦਨ ਆਪਣੇ ਬਾਲਪੁਣੇ ਵਿੱਚ ਹੈ। ਪਰ ਇਸ ਸਮੇਂ ਹੀ ਇਹਦੇ ਅੰਦਰ ਭਰੂਣ ਰੂਪ ਵਿੱਚ ਸਮੁੱਚੇ ਤੌਰ ’ਤੇ ਸਮਾਜ ਦੇ ਉਤਪਾਦਨ ਦੀ ਅਰਾਜਕਤਾ ਮੌਜੂਦ ਹੈ।

**II. ਸਰਮਾਏਦਾਰ ਇਨਕਲਾਬ** — ਪਹਿਲਾਂ ਪਹਿਲ ਸਾਦਾ ਸਹਿਯੋਗ ਅਤੇ ਕਾਰਖਾਨੇਦਾਰੀ ਰਾਹੀਂ ਸਨਅਤ ਦੀ ਕਾਇਆ-ਪਲਟ। ਹੁਣ ਤੱਕ ਖਿਲਰੇ ਉਤਪਾਦਨ ਦੇ ਸਾਧਨਾਂ ਦਾ ਮਹਾਨ ਵਰਕਸ਼ਾਪਾਂ ਵਿੱਚ ਕੇਂਦਰਿਤ ਹੋਣਾ। ਇਹਦੇ ਸਿੱਟੇ ਵਜੋਂ ਉਨ੍ਹਾਂ ਦਾ ਉਤਪਾਦਨ ਦੇ ਵਿਅਕਤੀਗਤ ਸਾਧਨ ਤੋਂ ਸਮਾਜੀ ਸਾਧਨ ਬਣ ਜਾਣਾ—ਇੱਕ ਅਜਿਹੀ ਤਬਦੀਲੀ ਜਿਹੜੀ ਸਮੁੱਚੇ ਤੌਰ ’ਤੇ ਵਟਾਂਦਰੇ ਦੇ ਢੰਗ ਉੱਤੇ ਅਸਰ ਨਹੀਂ ਪਾਉਂਦੀ। ਕਬਜ਼ੇ ਦੇ ਪੁਰਾਣੇ ਢੰਗ ਜਾਰੀ ਰਹਿੰਦੇ ਹਨ। ਸਰਮਾਏਦਾਰ ਪ੍ਰਗਟ ਹੁੰਦਾ ਹੈ। ਉਤਪਾਦਨ ਦੇ ਸਾਧਨਾਂ ਦੇ ਮਾਲਕ ਦੇ ਰੂਪ ਵਿੱਚ ਉਹ ਉਪਜਾਂ ਉੱਤੇ ਵੀ ਕਬਜ਼ਾ ਕਰ ਲੈਂਦਾ ਹੈ ਅਤੇ ਉਹਨਾਂ ਨੂੰ ਜਿਣਸਾਂ ਵਿੱਚ ਤਬਦੀਲ ਕਰ ਦੇਂਦਾ ਹੈ। ਉਤਪਾਦਨ ਇੱਕ **ਸਮਾਜੀ** ਅਮਲ ਬਣ ਗਿਆ ਹੈ। ਵਟਾਂਦਰਾ ਅਤੇ ਕਬਜ਼ਾ **ਵਿਅਕਤੀਗਤ** ਅਮਲ ਰਹਿੰਦੇ ਹਨ, ਵਿਅਕਤੀਆਂ ਦੇ ਅਮਲ। **ਵਿਕੋਲਤ੍ਰਾ ਸਰਮਾਏਦਾਰ ਸਮਾਜੀ ਉਤਪਾਦਨ ਉੱਤੇ ਕਬਜ਼ਾ ਕਰ ਲੈਂਦਾ ਹੈ।** ਬੁਨਿਆਦੀ ਵਿਰੋਧ, ਜਿਸ ਤੋਂ ਉਹ ਵਿਰੋਧ ਪੈਦਾ ਹੁੰਦੇ ਹਨ ਜਿਨ੍ਹਾਂ ਵਿੱਚ ਸਾਡਾ ਅਜੋਕਾ ਸਮਾਜ ਵਿਚਰਦਾ ਹੈ ਅਤੇ ਜਿਨ੍ਹਾਂ ਨੂੰ ਨਵੀਨ ਸਨਅਤ ਪ੍ਰਗਟ ਕਰਦੀ ਹੈ।

ੳ. ਉਪਜਕਾਰ ਦਾ ਉਤਪਾਦਨ ਦੇ ਸਾਧਨਾਂ ਤੋਂ ਕਟਿਆ ਜਾਣਾ। ਕਿਰਤੀ ਨੂੰ ਜੀਵਨ ਭਰ ਲਈ ਉਜਰਤੀ-ਮਜ਼ਦੂਰ ਬਣਨ ’ਤੇ ਮਜਬੂਰ ਕਰ ਦੇਣਾ। **ਪ੍ਰੋਲਤਾਰੀ ਅਤੇ ਬੁਰਜੂਆਜ਼ੀ ਵਿਚਕਾਰ ਵਿਰੋਧ।**

ਅ. ਜਿਣਸਾਂ ਦੇ ਉਤਪਾਦਨ ਉੱਤੇ ਲਾਗੂ ਹੁੰਦੇ ਨਿਯਮਾਂ ਦਾ ਵੱਧ ਰਹੀ ਹੱਦ ਤੱਕ ਭਾਰੂ ਹੋਣਾ ਅਤੇ ਉਹਨਾਂ ਦੀ ਵੱਧਦੀ ਕਾਰਗਰਤਾ। ਬੇਲਗਾਮ ਮੁਕਾਬਲਾ। **ਵਿਕੋਲਤ੍ਰੇ ਕਾਰਖਾਨੇ ਵਿੱਚ ਸਮਾਜੀ ਕੀਤੀ ਜਤੇਬੰਦੀ ਅਤੇ ਉਤਪਾਦਨ ਵਿੱਚ ਸਮਾਜੀ ਅਰਾਜਕਤਾ ਵਿਚਕਾਰ**

**ਵਿਰੋਧ।**

ੲ. ਇੱਕ ਹੱਥ, ਮਸ਼ੀਨਾਂ ਦਾ ਨਿਪੁੰਨ ਬਣਾਇਆ ਜਾਣਾ, ਜਿਹੜਾ ਮੁਕਾਬਲਾ ਹਰ ਵਿਕੋਲਤ੍ਰੇ ਕਾਰਖਾਨੇਦਾਰ ਲਈ ਲਾਜ਼ਮੀ ਬਣਾਉਂਦਾ ਹੈ ਅਤੇ ਜਿਸ ਵਿੱਚ ਕਿਰਤੀਆਂ ਦੀ ਸਦਾ ਵੱਧ ਰਹੀ ਉਖਾੜ-ਪੁਖਾੜ ਦਾ ਵਾਧਾ ਹੁੰਦਾ ਹੈ। **ਸਨਅਤੀ ਰਾਖਵੀਂ ਫ਼ੌਜ।** ਦੂਜੇ ਹੱਥ ਉਤਪਾਦਨ ਵਿੱਚ ਅਸੀਮ ਵਾਧਾ, ਇਹ ਵੀ ਮੁਕਾਬਲਾ ਹਰ ਕਾਰਖਾਨੇਦਾਰ ਲਈ ਲਾਜ਼ਮੀ ਬਣਾਉਂਦਾ ਹੈ। ਦੋਵੇਂ ਪਾਸੇ ਉਤਪਾਦਕ ਸ਼ਕਤੀਆਂ ਦਾ ਬੇਮਿਸਾਲ ਵਿਕਾਸ, ਮੰਗ ਉੱਤੇ ਪ੍ਰਾਪਤ ਮਾਤਰਾ ਦਾ ਵਾਧਾ, ਖਪਤ ਤੋਂ ਵੱਧ ਉਤਪਾਦਨ, ਮੰਡੀਆਂ ਵਿੱਚ ਮਾਲ ਦੀ ਰੁਲ, ਹਰ ਦਸਾਂ ਵਰ੍ਹਿਆਂ ਪਿੱਛੋਂ ਸੰਕਟ, ਵਿਹੁ-ਚੱਕਰ ਇੱਧਰ ਉਤਪਾਦਨ ਦੇ ਸਾਧਨਾਂ ਅਤੇ ਉਪਜਾਂ ਦੀ ਬਹੁਲਤਾ—ਉੱਧਰ ਕੰਮ ਤੋਂ ਬਿਨਾਂ, ਉਪਜੀਵਕਾ ਦੇ ਸਾਧਨਾਂ ਤੋਂ ਬਿਨਾਂ ਮਜ਼ਦੂਰਾਂ ਦੀ ਬਹੁਲਤਾ। ਪਰ ਉਤਪਾਦਨ ਦੇ, ਸਮਾਜੀ ਭਲਾਈ ਦੇ ਇਹ ਦੋ ਸਾਧਨ ਇਕੱਠੇ ਕੰਮ ਨਹੀਂ ਕਰ ਸਕਦੇ ਕਿਉਂਕਿ ਉਤਪਾਦਨ ਦਾ ਸਰਮਾਏਦਾਰ ਢੰਗ ਉਤਪਾਦਕ ਸ਼ਕਤੀਆਂ ਨੂੰ ਕੰਮ ਕਰਨੋਂ ਅਤੇ ਉਪਜਾਂ ਨੂੰ ਵਿਤਰਣ ਵਿੱਚ ਆਉਣੋਂ ਰੋਕਦਾ ਹੈ, ਜਿੰਨਾਂ ਚਿਰ ਉਹ ਸਰਮਾਏ ਵਿੱਚ ਤਬਦੀਲ ਨਾ ਕਰ ਦਿੱਤੀਆਂ ਗਈਆਂ ਹੋਣ—ਅਤੇ ਉਹਨਾਂ ਦੀ ਐਨ ਪਰਾ-ਬਹੁਲਤਾ ਇਸ ਕੰਮ ਨੂੰ ਰੋਕਦੀ ਹੈ। ਇਹ ਵਿਰੋਧ ਇੱਕ ਵਾਹਯਾਤੀ ਬਣ ਗਿਆ ਹੈ। **ਉਤਪਾਦਨ ਦਾ ਢੰਗ ਵਟਾਂਦਰੇ ਦੇ ਰੂਪ ਵਿਰੁੱਧ ਬਗ਼ਾਵਤ ਕਰ ਦੇਂਦਾ ਹੈ।** ਬੁਰਜੂਆਜ਼ੀ ਆਪਣੀਆਂ ਸਮਾਜੀ ਉਤਪਾਦਕ ਸ਼ਕਤੀਆਂ ਦਾ ਹੋਰ ਪ੍ਰਬੰਧ ਕਰਨ ਦੀ ਨਿਰਯੋਗਤਾ ਦੀ ਦੋਸ਼ੀ ਸਾਬਤ ਹੁੰਦੀ ਹੈ।

ਸ. ਉਤਪਾਦਕ ਸ਼ਕਤੀਆਂ ਦੇ ਸਮਾਜੀ ਖ਼ਾਸੇ ਦੀ ਜੁਜ਼ਵੀ ਸੋਝੀ ਖ਼ੁਦ ਸਰਮਾਏਦਾਰਾਂ ਨੂੰ ਵੀ ਮਜਬੂਰਨ ਹੋ ਜਾਣਾ। ਪਹਿਲਾਂ ਲਿਮੇਟਿਡ ਕੰਪਨੀਆਂ, ਫੇਰ ਟ੍ਰਸਟਾਂ ਅਤੇ ਫੇਰ ਰਾਜ ਵੱਲੋਂ ਉਤਪਾਦਨ ਅਤੇ ਸੰਚਾਰ ਦੇ ਮਹਾਨ ਸਾਧਨਾਂ ਨੂੰ ਆਪਣੇ ਹੱਥ ਵਿੱਚ ਲੈ ਲੈਣਾ। ਬੁਰਜੂਆਜ਼ੀ ਇੱਕ ਵਾਧੂ ਸ਼੍ਰੇਣੀ ਸਾਬਤ ਹੋ ਜਾਂਦੀ ਹੈ। ਇਹਦੇ ਸਭੇ ਸਮਾਜੀ ਕੰਮ ਹੁਣ ਤਨਖਾਹਦਾਰ ਮੁਲਾਜ਼ਮ ਕਰਦੇ ਹਨ।

**III ਪ੍ਰੋਲੇਤਾਰੀ ਇਨਕਲਾਬ** — ਵਿਰੋਧਾਂ ਦਾ ਹੱਲ। ਪ੍ਰੋਲੇਤਾਰੀ ਸਰਵਜਨਕ ਸੱਤ੍ਹਾ ਉੱਤੇ ਕਬਜ਼ਾ ਕਰ ਲੈਂਦਾ ਹੈ ਅਤੇ ਇਉਂ ਉਤਪਾਦਨ ਸਮਾਜੀ ਕੀਤੇ ਸਾਧਨਾਂ ਨੂੰ, ਜਿਹੜੇ ਬੁਰਜੂਆਜ਼ੀ ਦੇ ਹੱਥ ਵਿੱਚੋਂ ਖਿਸਕਦੇ ਜਾ ਰਹੇ ਹਨ, ਸਰਵਜਨਕ ਨਿਧੀ ਬਣਾ ਦੇਂਦਾ ਹੈ। ਅਜਿਹਾ ਕਰਕੇ ਪ੍ਰੋਲੇਤਾਰੀ ਉਤਪਾਦਨ ਦੇ ਸਾਧਨਾਂ ਨੂੰ ਸਰਮਾਏ ਵਜੋਂ ਉਸ ਖਾਸੇ ਤੋਂ ਮੁਕਤ ਕਰਾਉਂਦਾ ਹੈ ਜਿਹੜਾ ਹੁਣ ਤੱਕ ਉਹਨਾਂ ਦਾ ਰਿਹਾ ਹੈ ਅਤੇ ਉਹਨਾਂ ਦੇ ਸਮਾਜੀ ਬਣਾਏ ਖਾਸੇ ਨੂੰ ਆਪਣੇ ਆਪ ਨੂੰ ਸਿਰਜਣ ਦੀ ਪੂਰੀ ਖੁੱਲ੍ਹ ਦੇਂਦਾ ਹੈ। ਹੁਣ ਪਹਿਲਾਂ ਮਿੱਥੀ ਪਲਾਨ ਅਨੁਸਾਰ ਸਮਾਜੀ ਕੀਤਾ ਉਤਪਾਦਨ ਸੰਭਵ ਹੈ। ਉਤਪਾਦਨ ਦਾ ਵਿਕਾਸ ਹੁਣ ਵੱਖ ਵੱਖ ਸ਼੍ਰੇਣੀਆਂ ਦੀ ਹੋਂਦ ਨੂੰ ਇੱਕ ਸਮਾਂ ਵਿਹਾ ਚੁੱਕੀ ਗੱਲ ਬਣਾ ਦੇਂਦਾ ਹੈ। ਜਿਸ ਨਿਸਬਤ ਨਾਲ਼ ਉਤਪਾਦਨ ਵਿੱਚ ਅਰਾਜਕਤਾ ਦਾ ਅੰਤ ਹੁੰਦਾ ਹੈ ਉਸੇ ਨਿਸਬਤ ਨਾਲ਼ ਰਾਜ ਦੇ ਰਾਜਸੀ ਅਧਿਕਾਰ ਦਾ ਅੰਤ ਹੋ ਜਾਂਦਾ ਹੈ। ਮਨੁੱਖ ਅੰਤ ਆਪਣੀ ਸਮਾਜੀ ਜਥੇਬੰਦੀ ਦੇ ਰੂਪ ਦਾ ਮਾਲਕ ਬਣ ਜਾਂਦਾ ਹੈ, ਉਹਦੇ ਨਾਲ਼ ਹੀ ਨਾਲ਼ ਉਹ ਪ੍ਰਕਿਰਤੀ ਦਾ, ਖ਼ੁਦ ਆਪਮਾ ਮਾਲਕ

ਬਣ ਜਾਂਦਾ ਹੈ—ਅਜ਼ਾਦ ਹੋ ਜਾਂਦਾ ਹੈ।

ਜਗਤਰੀ ਮੁਕਤੀ ਦਾ ਇਹ ਕਾਰਜ ਕਰਨਾ ਨਵੀਨ ਪ੍ਰੋਲੇਤਾਰੀ ਦਾ ਇਤਿਹਾਸਕ ਕਰਤੱਵ ਹੈ। ਇਤਿਹਾਸਕ ਪ੍ਰਸਥਿਤੀ ਨੂੰ ਚੰਗੀ ਤਰ੍ਹਾਂ ਸਮਝਣਾ ਅਤੇ ਇਉਂ ਇਸ ਅਮਲ ਦੇ ਐਨ ਖ਼ਾਸੇ ਨੂੰ ਸਮਝਣਾ, ਹੁਣ ਪਸਿਤੀ ਪ੍ਰੋਲੇਤਾਰੀ ਸ਼੍ਰੇਣੀ ਨੂੰ ਪ੍ਰਸਥਿਤੀਆਂ ਅਤੇ ਉਸ ਕਾਰਨਾਮੇ ਦੀ ਜਿਹੜਾ ਉਹਨੇ ਪੂਰਾ ਕਰਨਾ ਹੈ ਪੂਰੀ ਸੋਝੀ ਦੇਣਾ, ਇਹ ਹੈ ਪ੍ਰੋਲੇਤਾਰੀ ਦੀ ਲਹਿਰ, ਵਿਗਿਆਨਕ ਸੋਸ਼ਲਿਜ਼ਮ ਦੇ ਸਿਧਾਂਤਕ ਪ੍ਰਗਟਾਅ ਦਾ ਕਰਤੱਵ।

ਇਹ ਫ਼ਰੈਡਰਿਕ ਏਂਗਲਜ਼ ਨੇ
1880 ਦੇ ਜਨਵਰੀ-ਮਾਰਚ ਦੇ ਪਹਿਲੇ
ਅੱਧ ਵਿੱਚ ਲਿਖਿਆ।
«La Revue socialiste»
ਨਾਂ ਦੇ ਰਸਾਲੇ ਦੇ ਅੰਕ 3, 4, 5—
20 ਮਾਰਚ, 20 ਅਪ੍ਰੈਲ ਅਤੇ
5 ਮਈ 1880 ਵਿੱਚ ਛਪਿਆ
ਅਤੇ ਫ਼ਰਾਂਸੀਸੀ ਵਿੱਚ:
F. Engels. «Socialisme
utopique et socialisme
scientifique». Paris, 1880.

ਕਾਰਲ ਮਾਰਕਸ, ਫ਼ਰੈਡਰਿਕ ਏਂਗਲਜ਼,
ਕਿਰਤਾਂ, ਦੂਜੀ ਛਾਪ, ਸੈਂਚੀ
19, ਪੰਨਾ 185-230
ਅਨੁਸਾਰ ਛਪਿਆ।

# ਨੋਟ

1. ਇਹ ਮੁੱਖ-ਬੰਧ ਫਰੈਡਰਿਕ ਏਂਗਲਜ਼ ਨੇ "ਸੋਸ਼ਲਿਜ਼ਮ-ਵਿਗਿਆਨਕ ਅਤੇ ਯੂਟੋਪੀਆਈ" ਦੀ ਅੰਗ੍ਰੇਜ਼ੀ ਛਾਪ ਲਈ ਲਿਖਿਆ ਜਿਸਦਾ ਐਡਵਰਡ ਐਵਲਿੰਗ ਨੇ ਅਨੁਵਾਦ ਕੀਤਾ ਸੀ ਅਤੇ ਲੰਦਨ ਵਿੱਚ 1892 ਵਿੱਚ "ਯੂਟੋਪੀਆਈ ਸੋਸ਼ਲਿਜ਼ਮ ਅਤੇ ਵਿਗਿਆਨਕ ਸੋਸ਼ਲਿਜ਼ਮ" ਦੇ ਸਿਰਲੇਖ ਹੇਠ ਛਪਿਆ।
2. **ਲਾਸਾਲਵਾਦੀ ਅਤੇ ਆਈਜ਼ਨਾਖਵਾਦੀ** — 19ਵੀਂ ਸਦੀ ਦੇ ਛੇਵੇਂ ਦਹਾਕੇ ਅਤੇ ਸਤਵੇਂ ਦਹਾਕੇ ਦੇ ਮੁੱਢ ਵਿੱਚ ਜਰਮਨੀ ਦੀ ਕਿਰਤੀ ਸ਼੍ਰੇਣੀ ਲਹਿਰ ਵਿੱਚ ਦੋ ਪਾਰਟੀਆਂ।

   **ਲਾਸਾਲਵਾਦੀ** — ਜਰਮਨ ਨਿੱਕ-ਬੁਰਜੂਆ ਸੋਸ਼ਲਿਸਟ ਲਾਸਾਲ ਦੇ ਹਾਮੀ ਅਤੇ ਪੈਰੋ; ਉਹ 1863 ਵਿੱਚ ਸਥਾਪਤ ਹੋਈ ਜਰਮਨ ਕਿਰਤੀਆਂ ਦੀ ਆਮ ਸਭਾ ਦੇ ਮੈਂਬਰ ਸਨ। ਮਾਰਕਸ ਅਤੇ ਏਂਗਲਜ਼ ਨੇ ਅਨੇਕ ਅਵਸਰਾਂ ਉੱਤੇ ਲਾਸਾਲਵਾਦ ਦੇ ਸਿਧਾਂਤ, ਦਾਅ-ਪੇਚਾਂ ਅਤੇ ਜਥੇਬੰਦੀ ਦੇ ਨਿਯਮਾਂ ਦੀ ਜਰਮਨ ਕਿਰਤੀ-ਸ਼੍ਰੇਣੀ ਲਹਿਰ ਵਿੱਚ ਇੱਕ ਮੌਕਾ-ਪ੍ਰਸਤ ਮੁਹਾਣ ਵਜੋਂ ਤਿੱਖੀ ਪੜਚੋਲ ਕੀਤੀ।

   **ਆਈਜ਼ਨਾਖਵਾਦੀ** —1869 ਵਿੱਚ ਆਈਜ਼ਨਾਖ ਵਿਖੇ ਹੋਈ ਆਰੰਭਕ ਕਾਂਗਰਸ ਵਿੱਚ ਸਥਾਪਤ ਹੋਈ ਜਰਮਨੀ ਦੀ ਸੋਸ਼ਲ-ਡੈਮੋਕਰੈਟਕ ਪਾਰਟੀ ਦੇ ਮੈਂਬਰ। ਉਹਨਾਂ ਦੇ ਆਗੂ ਆਗਸਟ ਬੇਬਲ ਅਤੇ ਵਿਲਹਲਮ ਲੀਬਕਨੇਖ਼ਤ ਸਨ, ਜਿਹੜੇ ਮਾਰਕਸ ਅਤੇ ਏਂਗਲਜ਼ ਦੇ ਵਿਚਾਰਧਾਰਕ ਅਸਰ ਅਧੀਨ ਸਨ।

   ਦੋਵੇਂ ਪਾਰਟੀਆਂ 1875 ਵਿੱਚ ਗੋਥਾ ਵਿਖੇ ਹੋਈ ਕਾਂਗਰਸ ਵਿੱਚ ਜਰਮਨੀ ਦੇ ਸੋਸ਼ਲਿਸਟ ਕਿਰਤੀ ਪਾਰਟੀ ਵਿੱਚ ਇੱਕ-ਮੁੱਠ ਹੋ ਗਈਆਂ, ਜਿਸ ਵਿੱਚ ਲਾਸਾਲਵਾਦੀ ਮੌਕਾ-ਪ੍ਰਸਤ ਪੱਖ ਦੇ ਪ੍ਰਤਿਨਿੱਧ ਸਨ।
3. **ਦੋਧਾਤੀਵਾਦ**—ਸਿੱਕੇ ਦਾ ਅਜਿਹਾ ਪ੍ਰਬੰਧ ਜਿਸ ਵਿੱਚ ਸੋਨਾ ਅਤੇ ਚਾਂਦੀ ਦੋਵੇਂ ਵਰਤੇ ਜਾਂਦੇ ਹਨ।
4. **ਮਾਰਕ**— ਇੱਕ ਪ੍ਰਾਚੀਨ ਜਰਮਨ ਪੇਂਡੂ ਭਾਈਚਾਰਾ। ਇਹ ਸਿਰਲੇਖ ਹੇਠ ਏਂਗਲਜ਼ 'ਸੋਸ਼ਲਿਜ਼ਮ: ਵਿਗਿਆਨਕ ਅਤੇ ਯੂਟੋਪੀਆਈ' ਦੀ ਪਹਿਲੀ ਜਰਮਨ ਛਾਪ ਵਿੱਚ ਪ੍ਰਾਚੀਨ ਸਮਿਆਂ ਤੋਂ ਲੈ ਕੇ ਜਰਮਨ ਕਿਸਾਨੀ ਦਾ ਇਤਿਹਾਸ ਬਿਆਨ ਕਰਦਾ ਹੈ।
5. **ਅ-ਬੋਧਵਾਦ**— ਇੱਕ ਆਦਰਸ਼ਵਾਦੀ ਸਿਧਾਂਤ, ਜੋ ਇਹ ਕਹਿੰਦਾ ਹੈ ਕਿ ਸੰਸਾਰ ਜਾਨਿਆ ਨਹੀਂ ਜਾ ਸਕਦਾ ਅਤੇ ਮਨੁੱਖੀ ਅਕਲ ਮਨੁੱਖੀ ਅਨੁਭਵ ਤੋਂ ਅੱਗੇ ਨਹੀਂ ਜਾ ਸਕਦੀ। ਅ-ਬੋਧਵਾਦ ਕਈ ਰੂਪਾਂ ਵਿੱਚ ਪ੍ਰਗਟ ਹੁੰਦਾ ਹੈ: ਕੁੱਝ ਇਹ ਮੰਨਦੇ ਹਨ ਕਿ ਪਦਾਰਥਕ ਸੰਸਾਰ ਦੀ ਬਾਹਰਮੁਖੀ ਹੋਂਦ ਹੈ ਪਰ ਇਹਦੇ ਬੋਧ ਦੀ ਸੰਭਾਵਨਾ ਤੋਂ ਇਨਕਾਰ ਕਰਦੇ ਹਨ, ਕੁੱਝ ਹੋਰ ਪਦਾਰਥਕ ਸੰਸਾਰ ਦੀ ਹੋਂਦ ਤੋਂ ਇਨਕਾਰੀ ਹਨ ਅਤੇ ਇਹ ਕਹਿੰਦੇ ਹਨ ਕਿ ਮਨੁੱਖ ਇਹ ਨਹੀਂ ਕਹਿ ਸਕਦਾ ਕਿ ਉਹਦੀ ਦ੍ਰਿਸ਼ਟੀ ਤੋਂ ਬਾਹਰ ਕਿਸੇ ਚੀਜ਼ ਦੀ ਹੋਂਦ

ਹੈ।

6. Schoolman — ਮੱਧ-ਕਾਲ ਵਿੱਚ ਆਮ ਪ੍ਰਚਲਤ ਦਰਸ਼ਨ—ਇਲਮੀਅਤ— ਦਾ ਹਾਮੀ। ਇਹ ਅਤਿ-ਅੰਤ ਖ਼ਿਆਲੀ, ਯਥਾਰਧ ਤੋਂ ਉੱਕਾ ਹੀ ਕੱਟਿਆ ਹੋਇਆ ਸੀ ਅਤੇ ਹਰ ਤਰ੍ਹਾਂ ਦੇ ਮੰਤਕੀ ਵੱਲ-ਵਲੇਵਿਆਂ ਰਾਹੀਂ ਸਥਾਪਤ ਈਸਾਈ ਧਰਮ ਦੇ ਨਿਸ਼ਚਿਆਂ ਨੂੰ ਸੱਚਾ ਸਿੱਧ ਕਰਨ ਦਾ ਯਤਨ ਕਰਦਾ ਸੀ।
7. **ਧਰਮ-ਵਿੱਦਿਆ** — (ਰੱਬ ਦਾ ਵਿਗਿਆਨ) —ਇੱਕ ਧਾਰਮਕ ਸਿਧਾਂਤ ਜਿਹੜਾ ਧਾਰਮਕ ਸਦਾਚਾਰ, ਨਿਸ਼ਚਿਆਂ ਅਤੇ ਸੰਪ੍ਰਦਾਆਂ ਨੂੰ ਪ੍ਰਣਾਲੀਬੱਧ ਕਰਨ ਅਤੇ "ਵਿਗਿਆਨਕ ਤੌਰ 'ਤੇ" ਸਾਬਤ ਕਰਨ ਦਾ ਯਤਨ ਕਰਦਾ ਹੈ।
8. **ਨਾਂ-ਵਾਦੀ** — ਮੱਧ-ਕਾਲ ਦੇ ਦਰਸ਼ਨ ਵਿੱਚ ਇੱਕ ਮੁਹਾਣ ਦੇ ਪ੍ਰਤਿਨਿੱਧ, ਜਿਹੜਾ ਇਹ ਕਹਿੰਦਾ ਸੀ ਕਿ ਸਰਬ-ਵਰਤੀ ਸੰਕਲਪ ਕੇਵਲ ਅਜਿਹੀਆਂ ਵਿਕੋਲਤ੍ਰੀਆਂ ਵਸਤਾਂ ਦੇ ਨਾਂ ਹੀ ਹਨ ਜਿਨ੍ਹਾਂ ਦੀ ਹੋਂਦ ਹੈ। ਮੱਧ-ਕਾਲ ਦੇ ਯਥਾਰਥਵਾਦੀਆਂ ਦੇ ਉਲਟ ਉਹਨਾਂ ਦਾ ਨਿਸ਼ਚਾ ਸੀ ਕਿ ਵਸਤਾਂ ਦੇ ਅਸਲ ਨਮੂਨੇ ਅਤੇ ਸੋਮਿਆਂ ਵਜੋਂ ਸੰਕਲਪਾਂ ਦੀ ਹੋਂਦ ਨਹੀਂ। ਉਹਨਾਂ ਦਾ ਦਾਅਵਾ ਸੀ ਕਿ ਵਸਤਾਂ ਬੁਨਿਆਦੀ ਹਨ ਅਤੇ ਸੰਕਲਪ ਦੁਜੈਲੀ ਥਾਂ ਆਉਂਦੇ ਹਨ। ਇਹਨਾਂ ਅਰਥਾਂ ਵਿੱਚ ਨਾਂ-ਵਾਦ ਮੱਧ-ਕਾਲ ਵਿੱਚ ਪਦਾਰਥਵਾਦ ਦਾ ਪਹਿਲਾ ਪ੍ਰਗਟਾਅ ਸੀ।
9. **ਹੋਮਿਓਮੀਰੀਏ** — ਯੂਨਾਨੀ ਦਾਰਸ਼ਨਕ ਅਨਾਜ਼ਾਗੋਰਾਸ ਅਨੁਸਾਰ ਅਤਿ-ਨਿੱਕੇ ਸਿਫ਼ਤੀ ਤੌਰ 'ਤੇ ਸਪੱਸ਼ਟ ਪਦਾਰਥਕ ਕਿਣਕੇ ਜਿਹੜੇ ਅਨੰਤ ਹੱਦ ਤੱਕ ਕੱਟੇ ਜਾ ਸਕਦੇ ਹਨ। ਆਨਾਜ਼ਾਗੋਰਾਸ ਦਾ ਕਥਨ ਸੀ ਕਿ ਹੋਮਿਓਮੀਰੀਏ ਹਰ ਵਿਦਮਾਨ ਵਸਤ ਦਾ ਬੁਨਿਆਦੀ ਅਧਾਰ ਹਨ ਅਤੇ ਉਹਨਾਂ ਦੇ ਜੁੜਤ ਨਾਲ਼ ਅਨੇਕ ਵਸਤਾਂ ਬਣਦੀਆਂ ਹਨ।
10. **ਆਸਤਕਤਾਵਾਦੀ** — ਆਸਤਕਤਾਵਾਦ ਸਬੰਧੀ, ਇੱਕ ਧਾਰਮਕ ਦਰਸ਼ਨ ਜਿਸਦਾ ਕਥਨ ਸੀ ਕਿ ਰੱਬ ਦੀ ਇੱਕ ਸ਼ਖਸੀਅਤ ਵਜੋਂ ਅਤੇ ਇੱਕ ਸੋਚਣ ਦੀ ਸ਼ਕਤੀ ਰੱਖਣ ਵਾਲ਼ੇ ਕਰਾਮਾਤੀ ਜੀਵ ਵਜੋਂ ਹੋਂਦ ਹੈ। ਆਸਤਕਤਾਵਾਦ ਅਨੁਸਾਰ ਰੱਬ ਪ੍ਰਕਿਰਤੀ ਅਤੇ ਸਮਾਜ ਦੇ ਜੀਵਨ ਵਿੱਚ ਸਰਗਰਮ ਦਖਲ ਦੇਂਦਾ ਹੈ।
11. **ਈਸ਼ਵਾਦ** — ਇੱਕ ਧਾਰਮ ਦਰਸ਼ਨ ਜਿਹੜਾ ਰੱਬ ਨੂੰ ਬ੍ਰਹਿਮੰਡ ਦਾ ਗੈਰ-ਸਖਸ਼ੀ, ਮੰਤਕੀ, ਮੁੱਖ ਕਾਰਨ ਮੰਨਦਾ ਹੈ ਪਰ ਪ੍ਰਕਿਰਤੀ ਅਤੇ ਸਮਾਜ ਦੇ ਜੀਵਨ ਵਿੱਚ ਇਹਦੇ ਦਖ਼ਲ ਤੋਂ ਇਨਕਾਰੀ ਹੈ।
12. ਮਾਰਕਸ ਅਤੇ ਏਂਗਲਜ਼ ਦਾ «Die heilige Familie oder Kritik der Kritischen Kritik. Gegen Bruno Bauer und Konsorten» ਕ. ਮਾਰਕਸ ਅਤੇ ਫ਼. ਏਂਗਲਜ਼ 'ਪਵਿੱਤਰ ਪਰਿਵਾਰ ਜਾਂ ਪੜਚੋਲੀ ਪੜਚੋਲ ਦੀ ਪੜਚੋਲ। ਬਰੁਨੋ ਬਾਵੇਰ ਅਤੇ ਉਹਦੇ ਸਾਥੀਆਂ ਵਿਰੁੱਧ'।
13. ਇੱਥੇ ਇਸ਼ਾਰਾ ਹੈ ਮਈ 1851 ਤੋਂ ਅਕਤੂਬਰ 1851 ਤੱਕ ਲੰਦਨ ਵਿਖੇ ਹੋਈ ਸੰਸਾਰ ਸਨਅਤੀ ਅਤੇ ਵਪਾਰਕ ਨੁਮਾਇਸ਼ ਵੱਲ।

14. **ਮੁਕਤੀ ਫ਼ੌਜ** — ਇੱਕ ਪਿੱਛੇ-ਖਿੱਚੂ ਧਾਰਮਕ ਅਤੇ ਪਰਉਪਕਾਰੀ ਸੰਸਥਾ ਜਿਹੜੀ ਧਰਮ-ਪ੍ਰਚਾਰਕ ਵਿਲੀਅਨ ਬੂਥ ਨੇ 1865 ਵਿੱਚ ਇੰਗਲੈਂਡ ਵਿੱਚ ਸਥਾਪਤ ਕੀਤੀ; ਪਿੱਛੋਂ ਜਾ ਕੇ ਇਹਦੀਆਂ ਸਰਗਰਮੀਆਂ ਹੋਰਨਾਂ ਦੇਸ਼ਾਂ ਵਿੱਚ ਫੈਲ ਗਈਆਂ। 1880 ਵਿੱਚ ਇਹਨੂੰ ਮੁਕਤੀ ਫ਼ੌਜ ਦਾ ਨਾਂ ਦਿੱਤਾ ਗਿਆ ਅਤੇ ਇਹਨੂੰ ਫ਼ੌਜੀ ਲੀਹਾਂ ਉੱਤੇ ਮੁੜ-ਜਥੇਬੰਦ ਕੀਤਾ ਗਿਆ। ਇਹਦੀ ਵਧੇਰੇ ਸਹਾਇਤਾ ਬੁਰਜੂਆਜ਼ੀ ਕਰਦੀ ਸੀ। ਇਸ ਜਥੇਬੰਦੀ ਨੇ ਵਿਸ਼ਾਲ ਧਾਰਮਕ ਪ੍ਰਚਾਰ ਸ਼ੁਰੂ ਕੀਤਾ ਅਤੇ ਪਰਉਪਕਾਰੀ ਸੰਸਥਾਵਾਂ ਦਾ ਇੱਕ ਵਿਸ਼ਾਲ ਜਾਲ ਸਥਾਪਤ ਕੀਤਾ ਜਿਨ੍ਹਾਂ ਦਾ ਮੰਤਵ ਕਿਰਤੀ ਲੋਕਾਂ ਦਾ ਧਿਆਨ ਆਪਣੇ ਲੋਟੂਆਂ ਵਿਰੁੱਧ ਘੋਲ਼ ਵੱਲੋਂ ਹਟਾਉਣਾ ਸੀ। ਇਹਦੇ ਕੁੱਝ ਪ੍ਰਚਾਰਕਾਂ ਨੇ ਸਮਾਜੀ ਧੋਖੇਬਾਜ਼ੀ ਕੀਤੀ ਅਤੇ ਅਮੀਰਾਂ ਦੀ ਖ਼ੁਦ-ਗਰਜ਼ੀ ਦੀ ਬਨਾਉਟੀ ਨਿੰਦਾ ਕਰਨੀ ਸ਼ੁਰੂ ਕੀਤੀ।

15. **ਅਧਿਆਤਮਵਾਦ** — ਸਵੈ-ਅਧਾਰਤ, ਮਨੁੱਖੀ ਦਿਮਾਗ਼ ਤੋਂ ਸੁਤੰਤਰ ਅਖੌਤੀ ਆਤਮਾ ਦੀ ਸਦੀਵੀ ਹੋਂਦ ਸਬੰਧੀ, ਬ੍ਰਹਿਮੰਡ ਦੇ ਅਧਿਆਤਮਕ ਤੱਤ ਸਬੰਧੀ ਆਦਰਸ਼ਵਦੀ ਸਿਧਾਂਤ।

16. **ਸ਼ਾਨਦਾਰ ਇਨਕਲਾਬ** — ਅੰਗ੍ਰੇਜ਼ ਬੁਰਜੂਆ ਇਤਿਹਾਸਕ ਲਿਖਤ ਵਿੱਚ ਉਸ ਰਾਜ-ਪਲਟੇ ਦਾ ਨਾਂ ਜਿਹੜਾ 1688 ਵਿੱਚ ਹੋਇਆ ਅਤੇ ਜਿਸਨੇ ਸਟੂਅਰਟਾਂ ਦਾ ਤਖ਼ਤਾ ਉਲਟ ਦਿੱਤਾ ਅਤੇ ਵਿਧਾਨਕ ਬਾਦਸ਼ਾਹੀ ਸਥਾਪਤ ਕੀਤੀ (1689 ਵਿੱਚ), ਜਿਸਦਾ ਮੁਖੀ ਆਰੈਂਜ ਦਾ ਵਿਲਿਅਮ ਸੀ। ਇਹ ਬਾਦਸ਼ਾਹੀ ਭੋਂ-ਮਾਲਕ ਅਮੀਰਸ਼ਾਹੀ ਅਤੇ ਵੱਡੀ ਬੁਰਜੂਆਜ਼ੀ ਵਿਚਕਾਰ ਸਮਝੌਤੇ ਉੱਤੇ ਅਧਾਰਤ ਸੀ।

17. **ਗੁਲਾਬਾਂ ਦੇ ਯੁੱਧ** (1455-1485) — ਤਖ਼ਤ ਲਈ ਜੂਝਣ ਵਾਲ਼ੇ ਦੋ ਸਾਮੰਤੀ ਵੰਸ਼ਾਂ ਵਿਚਕਾਰ ਲੜੇ ਗਏ। ਇਹ ਸਨ ਯਾਰਕ, ਜਿਨ੍ਹਾਂ ਦਾ ਚਿੰਨ੍ਹ ਚਿੱਟਾ ਗੁਲਾਬ ਸੀ ਅਤੇ ਲੰਕਾਸਟਰ, ਜਿਨ੍ਹਾਂ ਦਾ ਚਿੰਨ੍ਹ ਲਾਲ ਗੁਲਾਬ ਸੀ। ਯਾਰਕਾਂ ਨੇ ਆਪਣੇ ਦਵਾਲੇ ਦੇਸ਼ ਦੇ ਦੱਖਣੀ, ਆਰਥਕ ਤੌਰ 'ਤੇ ਵਧੇਰੇ ਵਿਕਸਤ ਹਿੱਸੇ ਦੇ ਵੱਡੇ ਸਾਮੰਤੀ ਰਾਠਾਂ, ਅਤੇ ਨਾਇਕਾਂ ਅਤੇ ਸ਼ਹਿਰਾਂ ਦੇ ਵਸਨੀਕਾਂ ਨੂੰ ਵੀ ਇਕੱਤਰ ਕਰ ਲਿਆ; ਲੰਕਾਸਟਰਾਂ ਦੀ ਹਮਾਇਤ ਉੱਤਰੀ ਕਾਊਂਟੀਆਂ ਦੀ ਸਾਮੰਤੀ ਅਮੀਰਸ਼ਾਹੀ ਕਰ ਰਹੀ ਸੀ। ਇਹਨਾਂ ਯੁੱਧਾਂ ਕਾਰਨ ਪੁਰਾਣੇ ਸਾਮੰਤੀ ਘਰਾਣਿਆਂ ਦਾ ਲੱਗ ਭੱਗ ਉੱਕਾ ਹੀ ਅੰਤ ਹੋ ਗਿਆ ਅਤੇ ਇਹਨਾਂ ਦੇ ਸਿੱਟੇ ਵਜੋਂ ਨਵਾਂ ਵੰਸ਼, ਟਿਊਡਰ ਤਖਤ 'ਤੇ ਆਇਆ, ਜਿਸਨੇ ਨਿਹਕੇਵਲ ਬਾਦਸ਼ਾਹੀ ਸਥਾਪਤ ਕੀਤੀ।

18. **ਕਾਰਟੀਜ਼ੀਅਨਵਾਦ** — ਡੇਸਕਾਰਟੈਜ਼ ਦਾ ਸਿਧਾਂਤ ਅਤੇ 17ਵੀਂ-18ਵੀਂ ਸਦੀ ਦੇ ਦਰਸ਼ਨ ਅਤੇ ਪ੍ਰਕਿਰਤਕ ਵਿਗਿਆਨ ਵਿੱਚ ਇੱਕ ਮੁਹਾਣ ਜਿਸਨੇ ਉਹਦੇ ਵਿਚਾਰਾਂ ਨੂੰ ਵਿਕਸਤ ਕੀਤਾ। ਇਹਦਾ ਨਾਂ ਡੈਸਕਾਰਟੈਜ਼ ਦੇ ਨਾਂ ਦੇ ਲਾਤੀਨੀ ਰੂਪ — Cartesius (ਕਾਰਟੇਸੀਅਸ) ਉੱਤੇ ਪਿਆ।

19. **ਮਹਾਨ-ਕੋਸ਼ਵਾਦੀ** — ਅਠਾਰ੍ਹਵੀਂ ਸਦੀ ਦੇ ਫਰਾਂਸੀਸੀ ਗਿਆਨ-ਪ੍ਰਚਾਰਕ—ਦਾਰਸ਼ਨਿਕ,

ਭੌਤਕ-ਵਿਗਿਆਨੀ, ਪੱਤਰਕਾਰ—ਜਿਹੜੇ «Encyclopédia ou Dictionnaire raisonné des sciences, des arts et des metiers» (1751-1780) (ਮਹਾਨ-ਕੋਸ਼) ਛਾਪਣ ਲਈ ਇੱਕ ਮੁੱਠ ਹੋਏ। ਇਹਨਾਂ ਦਾ ਜਥੇਬੰਦਕ ਅਤੇ ਆਗੂ ਦੇਨੀ ਦੀਦਰੋਤ ਸੀ। ਪਾਲ ਹੈਨਰੀ ਗੋਲਬਾਖ, ਕਲਾਡ ਐਂਦਰੀ ਗਿਲਵੇਸਿਊਜ਼, ਵਾਲਟੇਅਰ ਅਤੇ ਹੋਰਨਾਂ ਨੇ ਮਹਾਨ-ਕੋਸ਼ ਦੇ ਪ੍ਰਕਾਸ਼ਨ ਵਿੱਚ ਸਰਗਰਮ ਹਿੱਸਾ ਲਿਆ।

ਪਦਾਰਥਵਾਦੀਆਂ ਨੇ ਮਹਾਨ-ਕੋਸ਼ਵਾਦੀਆਂ ਵਿੱਚ ਸਰਗਰਮ ਹਿੱਸਾ ਲਿਆ। ਉਹ ਸਰਗਰਮੀ ਨਾਲ਼ ਆਦਰਸ਼ਵਾਦੀ ਦਰਸ਼ਨ ਵਿਰੁੱਧ ਲੜੇ।

ਜਿਨ੍ਹਾਂ ਮਹਾਨ-ਕੋਸ਼ ਲਈ ਲਿਖਿਆ ਉਹਨਾਂ ਦੇ ਵਿਗਿਆਨ ਅਤੇ ਰਾਜਨੀਤੀ ਵਿੱਚ ਵੱਖ ਵੱਖ ਨਿਸ਼ਚੇ ਸਨ ਪਰ ਉਹ ਸਾਮੰਤਵਾਦ ਅਤੇ ਈਸਾਈ ਮਹੰਤਸ਼ਾਹੀ ਦੇ ਜ਼ੁਲਮਾਂ ਵਿਰੁੱਧ ਆਪਣੇ ਨਾਂਹ-ਪੱਖੀ ਵਤੀਰੇ ਅਤੇ ਮੱਧ-ਕਾਲ ਦੀ ਇਲਮੀਅਤ ਲਈ ਘ੍ਰਿਣਾ ਵਿੱਚ ਇੱਕ-ਮੁੱਠ ਸਨ।

ਮਹਾਨ-ਕੋਸ਼ਵਾਦੀਆਂ ਨੇ ਫਰਾਂਸ ਵਿੱਚ 18ਵੀਂ ਸਦੀ ਦੇ ਬੁਰਜੂਆ ਇਨਕਲਾਬ ਲਈ ਵਿਚਾਰਧਾਰਕ ਤਿਆਰੀ ਵਿੱਚ ਸਰਗਰਮ ਹਿੱਸਾ ਲਿਆ।

20. ਏਂਗਲਜ਼ ਦੇ ਮਨ ਵਿੱਚ "ਮਨੁੱਖੀ ਹੱਕਾਂ ਦਾ ਐਲਾਨ" ਹੈ ਜਿਹੜਾ ਵਿਧਾਨ-ਘੜਨੀ ਸਭਾ ਨੇ 1789 ਵਿੱਚ ਪ੍ਰਵਾਨ ਕੀਤਾ। ਇਸ ਵਿੱਚ ਨਵੀਂ ਬੁਰਜੂਆ ਪ੍ਰਣਾਲੀ ਦੇ ਰਾਜਸੀ ਨਿਯਮ ਪੇਸ਼ ਕੀਤੇ ਗਏ ਅਤੇ ਇਹ 1791 ਦੇ ਫ਼ਰਾਂਸੀਸੀ ਵਿਧਾਨ ਵਿੱਚ ਸ਼ਾਮਲ ਕਰ ਲਿਆ ਗਿਆ।

21. Code civil (ਦੀਵਾਨੀ ਸੰਘਤਾ) ਫਰਾਂਸ ਵਿੱਚ 1804-1810 ਵਿੱਚ ਪਹਿਲੇ ਨੈਪੋਲੀਅਨ ਅਧੀਨ ਇਕਤ੍ਰ ਕੀਤੀਆਂ ਪੰਜਾਂ ਸੰਘਤਾਵਾਂ ਵਿਚੋਂ ਇੱਕ (ਇਸੇ ਲਈ ਇਹਨੂੰ Code Napeleón ਕਹਿੰਦੇ ਹਨ)। ਇਹ ਬਰੁਜੂਆ ਕਾਨੂੰਨਾਂ ਦਾ ਆਮ ਵਰਗੀਕਰਣ ਸੀ। ਏਂਗਲਜ਼ ਨੇ 1804 ਵਿੱਚ ਪ੍ਰਵਾਨ ਕੀਤੀ ਦੀਵਾਨੀ ਸੰਘਤਾ ਨੂੰ ਬੁਰਜੂਆ ਸਮਾਜ ਦੀ ਕਲਾਸੀਕੀ ਸੰਘਤਾ ਕਿਹਾ।

22. ਇਥੇ ਇਸ਼ਾਰਾ ਹੈ ਵੋਟ ਦੇ ਹੱਕ ਦੇ ਸੁਧਾਰ ਵੱਲ, ਜਿਸ ਲਈ ਬਿਲ ਹਾਊਸ ਆਫ਼ ਕਾਮਨਜ਼ ਨੇ 1831 ਵਿੱਚ ਪਾਸ ਕੀਤਾ ਅਤੇ ਅੰਤ 1832 ਵਿੱਚ ਹਾਊਸ ਆਫ਼ ਲਾਡਰਜ਼ ਨੇ ਇਹਦੀ ਪ੍ਰੋੜ੍ਹਤਾ ਕਰ ਦਿੱਤੀ। ਇਸ ਸੁਧਾਰ ਦਾ ਰੁੱਖ ਉਸ ਰਾਜਸੀ ਅਜਾਰੇਦਾਰੀ ਵਿਰੁੱਧ ਸੀ ਜਿਹੜੀ ਭੋਂ-ਮਾਲਕ ਅਤੇ ਵਿੱਤੀ ਅਮੀਰਸ਼ਾਹੀ ਨੂੰ ਪ੍ਰਾਪਤ ਸੀ ਅਤੇ ਇਹਨੇ ਸਨਅਤੀ ਬੁਰਜੂਆਜ਼ੀ ਲਈ ਪਾਰਲੀਮੈਂਟ ਦੇ ਦਰ ਖੋਲ੍ਹ ਦਿੱਤੇ। ਪ੍ਰੋਲੇਤਾਰੀ ਅਤੇ ਨਿੱਕੀ ਬੁਰਜੂਆਜ਼ੀ ਨੂੰ, ਜਿਹੜੇ ਸੁਧਾਰ ਲਈ ਘੋਲ਼ ਵਿੱਚ ਮੁੱਖ ਸ਼ਕਤੀ ਸਨ, ਉਦਾਰਪੰਥੀ ਬੁਰਜੂਆਜ਼ੀ ਨੇ ਧੋਖਾ ਦਿੱਤਾ ਅਤੇ ਉਹਨਾਂ ਨੂੰ ਚੋਣ ਵਿੱਚ ਹਿੱਸਾ ਲੈਣ ਦੇ ਹੱਕ ਨਾ ਮਿਲੇ।

23. **ਅਨਾਜ ਸਬੰਧੀ ਕਾਨੂੰਨ** — 1815 ਵਿੱਚ ਪਾਰਲੀਮੈਂਟ ਵੱਲੋਂ ਜ਼ਮੀਨ ਮਾਲਕਾਂ ਦੇ ਹਿੱਤ ਵਿੱਚ ਅਨਾਜ ਦੀ ਦਰਾਮਦ ਉੱਤੇ ਲਾਏ ਭਾਰੇ ਟੈਕਸ। ਇਹ ਵਸੋਂ ਦੇ ਵਧੇਰੇ ਗਰੀਬ

ਹਿੱਸਿਆਂ ਦੀ ਹਾਲਤ ਉੱਤੇ ਬੁਰਾ ਅਸਰ ਪਾਉਂਦੇ ਸਨ ਅਤੇ ਸਨਅਤੀ ਬੁਰਜੂਆਜ਼ੀ ਲਈ ਵੀ ਹਾਨੀਕਾਰਕ ਸਨ ਕਿਉਂਕਿ ਇਹ ਕਿਰਤ ਮਹਿੰਗੀ ਬਣਾਉਂਦੇ ਸਨ, ਘਰੋਗੀ ਮੰਡੀ ਦੀ ਸਮਤਾ ਘੱਟ ਕਰਦੇ ਸਨ ਅਤੇ ਵਿਦੇਸ਼ੀ ਵਪਾਰ ਦੇ ਵਿਕਾਸ ਵਿੱਚ ਰੋਕ ਪਾਉਂਦੇ ਸਨ। ਚੌਥੇ ਦਹਾਕੇ ਵਿੱਚ ਅੰਗ੍ਰੇਜ਼ ਬੁਰਜੂਆਜ਼ੀ ਨੇ ਅਨਾਜ ਸਬੰਧੀ ਕਾਨੂੰਨਾਂ ਵਿਰੁੱਧ ਲੀਗ ਜਥੇਬੰਦ ਕੀਤੀ ਜਿਸਦੇ ਪੱਖੀ ਕਾਬਡਨ ਅਤੇ ਬਰਾਈਟ ਸਨ। ਕੁੱਝ ਵਰ੍ਹਿਆਂ ਤੱਕ ਅਨਾਜ ਸਬੰਧੀ ਕਾਨੂੰਨਾਂ ਵਿਰੁੱਧ ਐਜੀਟੇਸ਼ਨ ਦੇ ਸਿੱਟੇ ਵਜੋਂ 1846 ਵਿੱਚ ਉਹ ਖ਼ਤਮ ਕਰ ਦਿੱਤੇ ਗਏ।

24. 1824 ਵਿੱਚ ਜਨਤਕ ਲਹਿਰ ਦੇ ਦਬਾਅ ਅਧੀਨ ਪਾਰਲੀਮੈਂਟ ਨੂੰ ਇੱਕ ਕਾਨੂੰਨ ਪਾਸ ਕਰਨ 'ਤੇ ਮਜਬੂਰ ਹੋਣਾ ਪਿਆ ਜਿਸਨੇ ਟਰੇਡ-ਯੂਨੀਅਨਾਂ ਉੱਤੇ ਲੱਗੀ ਪਾਬੰਦੀ ਦੂਰ ਕਰ ਦਿੱਤੀ। ਪਰ 1825 ਵਿੱਚ ਪਾਰਲੀਮੈਂਟ ਨੇ "ਮਜ਼ਦੂਰਾਂ ਦੇ ਸਮੂਹਾਂ" ਸਬੰਧੀ ਇੱਕ ਕਾਨੂੰਨ ਪਾਸ ਕੀਤਾ ਜਿਹੜਾ ਟਰੇਡ ਯੂਨੀਅਨਾਂ ਉੱਤੇ ਲੱਗੀ ਪਾਬੰਦੀ ਦੇ ਹਟਾਏ ਜਾਣ ਨੂੰ ਦਹੁਰਾਉਂਦਾ ਹੋਇਆ ਨਾਲ਼ ਹੀ ਨਾਲ਼ ਉਹਨਾਂ ਦੀਆਂ ਸਰਗਰਮੀਆਂ ਉੱਤੇ ਸਖ਼ਤ ਪਾਬੰਦੀਆਂ ਲਾਉਂਦਾ ਸੀ। ਵਿਸ਼ੇਸ਼ ਤੌਰ 'ਤੇ ਕਿਰਤੀਆਂ ਦੇ ਟਰੇਡ ਯੂਨੀਅਨਾਂ ਵਿੱਚ ਸ਼ਾਮਲ ਹੋਣ ਲਈ ਕੇਵਲ ਐਜੀਟੇਸ਼ਨ ਅਤੇ ਉਹਨਾਂ ਦੇ ਹੜਤਾਲਾਂ ਵਿੱਚ ਸ਼ਾਮਲ ਹੋਣ ਨੂੰ "ਹਿੰਸਾ" ਅਤੇ "ਛੇੜ-ਛਾੜ" ਸਮਝਿਆ ਜਾਂਦਾ ਸੀ ਅਤੇ ਇਹਨਾਂ ਲਈ ਫ਼ੌਜਦਾਰੀ ਜੁਰਮ ਵਜੋਂ ਸਜ਼ਾ ਦਿੱਤੀ ਜਾ ਸਕਦੀ ਸੀ।

25. **ਜਨਤਾ ਦਾ ਅਧਿਕਾਰ-ਪੱਤਰ**, ਜਿਸ ਵਿੱਚ ਅਧਿਕਾਰ-ਪਤਰਵਾਦੀਆਂ Chartists ਦੀਆਂ ਮੰਗਾਂ ਸਨ, 8 ਮਈ 1838 ਨੂੰ, ਪਾਰਲੀਮੈਂਟ ਅੱਗੇ ਪੇਸ਼ ਕੀਤੇ ਜਾਣ ਵਾਲ਼ੇ ਵਿਧੇਅਕ ਦੇ ਤੌਰ 'ਤੇ ਪ੍ਰਕਾਸ਼ਤ ਕੀਤਾ ਗਿਆ। ਇਹਦੇ ਵਿੱਚ ਛੇ ਧਾਰਾਵਾਂ ਸਨ: 21 ਵਰ੍ਹੇ ਦੀ ਉਮਰ ਤੋਂ ਉੱਪਰ ਦੇ ਸਭਨਾਂ ਬਾਲਗ਼ ਮਰਦਾਂ ਲਈ ਵੋਟ ਦਾ ਹੱਕ, ਪਾਰਲੀਮੈਂਟ ਲਈ ਸਾਲਾਨਾ ਚੋਣਾਂ, ਗੁਪਤ ਪਰਚੀਆਂ ਰਾਹੀਂ ਵੋਟਾਂ, ਇੱਕੋ ਜਿੰਨੇ ਆਕਾਰ ਦੇ ਪਾਰਲੀਮਾਨੀ ਹਲਕੇ, ਪਾਰਲੀਮੈਂਟ ਦੇ ਉਮੀਦਵਾਰਾਂ ਲਈ ਜਾਇਦਾਦ ਹੋਣ ਦੀ ਸ਼ਰਤ ਦਾ ਅੰਤ ਅਤੇ ਮੈਂਬਰਾਂ ਲਈ ਤਨਖ਼ਾਹ। ਪਾਰਲੀਮੈਂਟ ਨੇ 1839, 1842 ਅਤੇ 1849 ਵਿੱਚ ਅਧਿਕਾਰ-ਪੱਤਰਵਾਦੀਆਂ ਦੀਆਂ ਜਨਤਾਂ ਦੇ ਅਧਿਕਾਰ-ਪੱਤਰ ਦੀ ਪ੍ਰਵਾਨਗੀ ਸਬੰਧੀ ਤਿੰਨ ਅਰਜ਼ਦਾਸ਼ਤਾਂ ਰੱਦ ਕਰ ਦਿੱਤੀਆਂ।

26. **ਅਨਾਜ ਸਬੰਧੀ ਕਾਨੂੰਨਾਂ ਵਿਰੁੱਧ ਲੀਗ** — ਬਰਤਾਨਵੀ ਸਨਅਤੀ ਬਰੁਜੂਆਜ਼ੀ ਦੀ ਇੱਕ ਜਥੇਬੰਦੀ ਜਿਹੜੀ 1838 ਵਿੱਚ ਮਾਨਚੈਸਟਰ ਦੇ ਸਨਅਤਕਾਰਾਂ ਕਾਬਡਨ ਅਤੇ ਬਰਾਈਟ ਨੇ ਸਥਾਪਤ ਕੀਤੀ। ਲੀਗ ਨੇ ਬੇਰੋਕ-ਟੋਕ ਅਜ਼ਾਦ ਵਪਾਰ ਦੀ ਅਤੇ ਅਨਾਜ ਸਬੰਧੀ ਕਾਨੂੰਨਾਂ ਨੂੰ ਖ਼ਤਮ ਕਰਨ (ਵੇਖੋ ਨੋਟ 23) ਦੀ ਮੰਗ ਕੀਤੀ। ਇਹਦਾ ਮੰਤਵ ਮਜ਼ਦੂਰਾਂ ਦੀਆਂ ਉਜਰਤਾਂ ਘੱਟ ਕਰਨਾ ਅਤੇ ਭੋਂ-ਮਾਲਕ ਅਮੀਰਸ਼ਾਹੀ ਦੀਆਂ ਆਰਥਕ ਅਤੇ ਰਾਜਸੀ ਪੁਜ਼ੀਸ਼ਨਾਂ ਕਮਜ਼ੋਰ ਕਰਨਾ ਸੀ। ਲੀਗ ਨੇ ਕਿਰਤੀ ਜਨਤਾ ਨੂੰ ਭੋਂ-ਮਾਲਕਾਂ ਵਿਰੁੱਧ ਵਰਤਣ ਦਾ ਯਤਨ ਕੀਤਾ। ਪਰ ਉਸ ਸਮੇਂ ਤੱਕ ਅੱਗੇ-ਵਧੂ ਬਰਤਾਨਵੀ

ਕਿਰਤੀ ਸੁਤੰਤਰ ਮਜ਼ਦੂਰ ਲਹਿਰ ਦਾ ਰਾਹ ਅਪਣਾ ਚੁੱਕੇ ਸਨ ਜਿਸਨੇ ਰਾਜਸੀ ਰੂਪ (ਅਧਿਕਾਰ-ਪੱਤਰਵਾਦ) ਅਖ਼ਤਿਆਰ ਕਰ ਲਿਆ ਸੀ। ਅਨਜਾ ਸਬੰਧੀ ਕਾਨੂੰਨਾਂ ਦੀ ਸਮਾਪਤੀ ਤੋਂ ਪਿੱਛੋਂ ਲੀਗ ਦਾ ਅੰਤ ਹੋ ਗਿਆ।

27. **ਭਰਾ ਜਾਨਾਥਨ** — ਇੱਕ ਵਿਅੰਗਾਤਮਕ ਨਾਂ ਜਿਹੜਾ ਅੰਗ੍ਰੇਜ਼ਾਂ ਨੇ ਉੱਤਰ ਅਮਰੀਕੀਆਂ ਨੂੰ ਇੰਗਲੈਂਡ ਦੀਆਂ ਉੱਤਰ ਅਮਰੀਕੀ ਬਸਤੀਆਂ ਵੱਲੋਂ ਸੁਤੰਤਰਤਾ ਲਈ ਲੜੇ ਯੁੱਧ (1775-1783) ਸਮੇਂ ਦਿੱਤਾ।

28. **ਜਾਗਰਤੀਵਾਦ** — ਪ੍ਰੋਟਾਸਟੰਟਵਾਦ ਵਿੱਚ ਇੱਕ ਮੁਹਾਣ, ਜਿਸ ਦਾ ਮੁੱਢ 18ਵੀਂ ਸਦੀ ਦੇ ਪਹਿਲੇ ਅੱਧ ਵਿੱਚ ਇੰਗਲੈਂਡ ਵਿੱਚ ਹੋਇਆ ਅਤੇ ਜਿਹੜਾ ਉੱਤਰੀ ਅਮਰੀਕਾ ਵਿੱਚ ਵਿਸ਼ਾਲ ਪੱਧਰ ਉੱਤੇ ਫੈਲ ਗਿਆ। ਇਹਦੇ ਪੈਰੋ ਧਾਰਮਕ ਪ੍ਰਚਾਰ ਰਾਹੀਂ ਅਤੇ ਨਿਸ਼ਚੇਵਾਨਾਂ ਦੀਆਂ ਨਵੀਆਂ ਬਸਤੀਆਂ ਸਥਾਪਤ ਕਰਕੇ ਈਸਾਈ ਧਰਮ ਦੇ ਪ੍ਰਭਾਵ ਨੂੰ ਮਜ਼ਬੂਤ ਅਤੇ ਵਿਸ਼ਾਲ ਬਣਾਉਣ ਦਾ ਯਤਨ ਕਰਦੇ ਸਨ।

29. ਇੱਥੇ ਇਸ਼ਾਰਾ ਹੈ 1867 ਦੇ ਪਾਰਲੀਮਾਨੀ ਸੁਧਾਰ ਵੱਲ ਜਿਹੜਾ ਡਰਬੀ-ਡਿਸਰਾਈਲੀ ਟੋਰੀ ਹਕੂਮਤ ਨੇ ਕੀਤਾ। ਸੁਧਾਰ ਨੇ ਚੋਣਕਾਰਾਂ ਦੀ ਗਿਣਤੀ ਦੂਣੇ ਤੋਂ ਵੱਧ ਕਰ ਦਿੱਤੀ ਅਤੇ ਸੁਯੋਗ ਕਿਰਤੀਆਂ ਦੇ ਇੱਕ ਹਿੱਸੇ ਨੂੰ ਵੋਟ ਦਾ ਹੱਕ ਦਿੱਤੀ।

30. **ਵ੍ਹਿਗ ਅਤੇ ਟੋਰੀ** ਬਰਤਾਨੀਆਂ ਦੀਆਂ ਰਾਜਨੀਤਕ ਪਾਰਟੀਆਂ ਸਨ, ਜਿਹੜੀਆਂ 17ਵੀਂ ਸਦੀ ਦੇ ਅਠਵੇਂ ਅਤੇ ਨੌਂਵੇਂ ਦਹਾਕੇ ਵਿੱਚ ਸਥਾਪਤ ਕੀਤੀਆਂ ਹੋਈਆਂ। ਵ੍ਹਿਗ ਪਾਰਟੀ ਵਿੱਤੀ ਅਤੇ ਵਪਾਰਕ ਬੁਰਜੂਆਜ਼ੀ ਅਤੇ ਬੁਰਜੂਆ ਅਮੀਰਸ਼ਾਹੀ ਦੇ ਹਿੱਤਾਂ ਦੀ ਪ੍ਰਤਿਨਿੱਧਤਾ ਕਰਦੀ ਸੀ। ਪਿੱਛੋਂ ਜਾ ਕੇ ਵ੍ਹਿਗਾਂ ਨੇ ਇੱਕ ਨਵੀਂ ਪਾਰਟੀ, ਲਿਬਰਲ ਪਾਰਟੀ ਬਣਾਈ। ਟੋਰੀ ਵੱਡੇ ਜਾਗਰੀਦਾਰਾਂ ਅਤੇ ਉੱਚੇ ਪ੍ਰੋਟੈਸਟੰਟ ਪਾਦਰੀਆਂ ਦੀ ਪਾਰਟੀ ਬਣ ਗਏ। ਪਿੱਛੋਂ ਜਾ ਕੇ ਇਹ ਕੰਜ਼ਰਵੇਟਿਵ ਪਾਰਟੀ ਬਣ ਗਈ।

31. ਗੁਪਤ ਪਰਚੀਆਂ ਦਾ ਢੰਗ 1772 ਵਿੱਚ ਲਾਗੂ ਕੀਤਾ ਗਿਆ।

32. **ਕਥੈਡੇਰ ਸੋਸ਼ਲਿਜ਼ਮ** — 1870 ਤੋਂ 1900 ਤੱਕ ਬਰੁਜੂਆ ਵਿਚਾਰਧਾਰਾ ਵਿੱਚ ਇੱਕ ਮੁਹਾਣ, ਜਿਸਦੇ ਪ੍ਰਚਾਰਕ, ਜਿਹੜੇ ਵਧੇਰੇ ਜਰਮਨ ਯੂਨੀਵਰਸਿਟੀਆਂ ਵਿੱਚ ਪ੍ਰੋਫੈਸਰ ਸਨ, ਯੂਨੀਵਰਸਿਟੀਆਂ ਦੀ ਪਦਵੀਆਂ ਤੋਂ (ਜਿਨ੍ਹਾਂ ਨੂੰ ਜਰਮਨ ਵਿੱਚ Katheder, ਕਥੈਡਰ ਕਹਿੰਦੇ ਹਨ), ਸੋਸ਼ਲਿਜ਼ਮ ਦੇ ਭੇਸ ਹੇਠ ਬਰੁਜੂਆ ਸੁਧਾਰਵਾਦ ਦਾ ਪ੍ਰਚਾਰ ਕਰਦੇ ਸਨ। ਕਥੈਡਰ-ਸੋਸ਼ਲਿਜ਼ਮ ਦੇ ਪ੍ਰਚਾਰਕ ਇਹ ਦਾਅਵਾ ਕਰਦੇ ਸਨ ਕਿ ਰਾਜ ਇੱਕ ਪਰਾ-ਸ਼੍ਰੇਣੀ ਸੰਸਥਾ ਹੈ ਜਿਹੜੀ ਵਿਰੋਧੀ ਸ਼੍ਰੇਣੀਆਂ ਨੂੰ ਸੁਮੇਲ ਸਕਦੀ ਹੈ ਅਤੇ ਸਰਮਾਏਦਾਰਾਂ ਦੇ ਹਿੱਤਾਂ ਉੱਤੇ ਅਸਰ ਪਾਏ ਬਿਨਾਂ ਹੌਲ਼ੀ ਹੌਲ਼ੀ ਸੋਸ਼ਲਿਜ਼ਮ ਲਾਗੂ ਕਰ ਸਕਦੀ ਹੈ। ਕਥੈਡੇਰ ਸੋਸ਼ਲਿਜ਼ਮ ਦਾ ਪ੍ਰੋਗਰਾਮ ਬਿਮਾਰੀ ਅਤੇ ਹਾਦਸਿਆਂ ਵਿਰੁੱਧ ਕਿਰਤੀਆਂ ਦਾ ਬੀਮਾ ਕਰਨਾ ਅਤੇ ਕਾਰਖ਼ਾਨਿਆਂ ਸਬੰਧੀ ਕਾਨੂੰਨਾਂ ਦੇ ਖੇਤਰ ਵਿੱਚ ਕੁੱਝ ਕਾਨੂੰਨ ਪਾਸ ਕਰਨਾ, ਆਦਿ ਸੀ, ਤਾਂ ਜੁ ਕਿਰਤੀਆਂ ਨੂੰ ਸ਼੍ਰੇਣੀ ਘੋਲ਼ ਵੱਲੋਂ ਕੁਰਾਹੇ ਪਾਇਆ ਜਾਵੇ।

33. **ਰੀਤੀਵਾਦ** ਚਰਚ ਆਫ਼ ਇੰਗਲੈਂਡ ਵਿੱਚ ਇੱਕ ਮੁਹਾਣ ਜਿਹੜਾ 19ਵੀਂ ਸਦੀ ਦੇ ਚੌਥੇ ਦਹਾਕੇ ਵਿੱਚ ਹੋਂਦ ਵਿੱਚ ਆਇਆ। ਇਹਦੇ ਪੈਰੋ ਚਰਚ ਆਫ਼ ਇੰਗਲੈਂਡ ਵਿੱਚ ਕੈਥੋਲਕ ਰੀਤਾਂ ਅਤੇ ਕੈਥੋਲਕ ਮਤ ਦੇ ਕੁੱਝ ਨਿਸ਼ਚਿਆਂ ਦੇ ਮੁੜ ਸਥਾਪਤ ਕਰਨ ਦੇ ਹਾਮੀ ਹਨ।

34. ਏਂਗਲਜ਼ ਇੱਥੇ ਪ੍ਰੋ. ਲੁਜੋ ਬਰੈਨਤਾਨੋ ਦੀਆਂ ਲਿਖਤਾਂ ਅਤੇ ਤਕਰੀਰਾਂ ਵੱਲ ਇਸ਼ਾਰਾ ਕਰ ਰਿਹਾ ਹੈ ਜਿਨ੍ਹਾਂ ਦਾ ਸਬੰਧ ਅੰਗ੍ਰੇਜ਼ ਟਰੇਡ ਯੂਨੀਅਨਾਂ ਨਾਲ਼ ਹੈ। ਉਹਨੇ ਅੰਗ੍ਰੇਜ਼ ਟਰੇਡ ਯੂਨੀਅਨਵਾਦ ਨੂੰ ਕਿਰਤੀ-ਸ਼੍ਰੇਣੀ ਜਥੇਬੰਦੀ ਦੇ ਨਮੂਨੇ ਵਜੋਂ ਪੇਸ਼ ਕੀਤਾ, ਜਿਹੜੀ ਕਿਰਤੀਆਂ ਨੂੰ, ਸਰਮਾਏਦਾਰੀ ਅਧੀਨ, ਆਪਣੀ ਹਾਲਤ ਵਿੱਚ ਬਹੁਤ ਜ਼ਿਆਦਾ ਸੁਧਾਰ ਕਰਨ ਅਤੇ ਸਰਮਾਏਦਾਰ ਲੁੱਟ-ਚੋਂਘ ਤੋਂ ਮੁਕਤ ਬਣਾਉਣ ਯੋਗ ਬਣਾਉਂਦੀ ਹੈ। ਬ੍ਰੈਨਤਾਨੋ ਅਤੇ ਹੋਰਨਾਂ ਕਥੈਡੇਰ ਸੋਸ਼ਲਿਸਟਾਂ ਅਨੁਸਾਰ ਚੰਗੀ ਤਰ੍ਹਾਂ ਜਥੇਬੰਦ ਟਰੇਡ ਯੂਨੀਅਨ ਰਾਜਸੀ ਘੋਲ਼ ਅਤੇ ਕਿਰਤੀ ਸ਼੍ਰੇਣੀ ਦੀਆਂ ਰਾਜਸੀ ਪਾਰਟੀਆਂ ਨੂੰ ਬੇਲੋੜਾ ਬਣਾਉਂਦੀਆਂ ਹਨ। Brentano Contra Marx ("ਮਾਰਕਸ ਦੇ ਮੁਕਾਬਲੇ ਉੱਤੇ ਬਰੈਨਤਾਨੋ") ਵਿੱਚ ਏਂਗਲਜ਼ ਇਹਨਾਂ ਕਥਨਾਂ ਦੀ ਗ਼ਲਤੀ ਅਤੇ ਸ਼੍ਰੇਣੀ ਖਾਸਾ ਪ੍ਰਗਟ ਕਰਦੇ ਹਨ।

35. **ਈਸਟ-ਐਂਡ**, ਲੰਦਨ ਦਾ ਪੂਰਬੀ ਹਿੱਸਾ ਜਿਸ ਵਿੱਚ ਕਿਰਤੀ ਰਹਿੰਦੇ ਹਨ।

36. ਰੂਸੋ ਦੇ ਸਿਧਾਂਤ ਅਨੁਸਾਰ ਪਹਿਲਾਂ ਲੋਕ ਪ੍ਰਕਿਰਤਕ ਹਾਲਤ ਵਿੱਚ ਰਹਿੰਦੇ ਸਨ ਅਤੇ ਬਰਾਬਰ ਸਨ। ਨਿੱਜੀ ਜਾਇਦਾਦ ਦੇ ਹੋਂਦ ਵਿੱਚ ਆਉਣ, ਜਾਇਦਾਦ ਦੀ ਨਾਬਰਾਬਰੀ ਦੇ ਵਿਕਸਤ ਹੋਣ ਨਾਲ਼ ਲੋਕ ਪ੍ਰਕਿਰਤਕ ਤੋਂ ਸ਼ਹਿਰੀ ਅਵਸਥਾ ਵੱਲ, ਸਮਾਜੀ ਕਰਾਰ ਉੱਤੇ ਆਧਾਰਤ ਰਾਜ ਵੱਲ ਚਲੇ ਗਏ। ਪਿੱਛੋਂ ਜਾ ਕੇ ਜਦੋਂ ਰਾਜਸੀ ਨਾਬਰਾਬਰੀ ਵਿਕਸਤ ਹੋਈ ਸਮਾਜੀ ਕਰਾਰ ਦੀ ਉਲੰਘਣਾ ਕੀਤੀ ਗਈ ਅਤੇ ਆਪਹੁਦਰੀ ਹਕੂਮਤ ਦੀ ਨਵੀਂ ਅਵਸਥਾ ਸਾਹਮਣੇ ਆਈ। ਇੱਕ ਨਵੇਂ ਸਮਾਜੀ ਕਰਾਰ ਉੱਤੇ ਅਧਾਰਤ ਤਰਕਸ਼ੀਲ ਰਾਜ ਦੀ ਸਥਾਪਤੀ ਨਾਲ਼ ਇਹਦਾ ਇਲਾਜ ਕੀਤਾ ਜਾ ਸਕਦਾ।

37. ਸੋਸ਼ਲਿਸਟ - ਵਿਰੋਧੀ ਅਸਾਧਾਰਨ ਕਾਨੂੰਨ, ਜਿਹੜਾ ਜਰਮਨੀ ਵਿੱਚ 21 ਅਕਤੂਬਰ 1878 ਵਿੱਚ ਲਾਗੂ ਕੀਤਾ ਗਿਆ। ਜਨਤਕ ਪੱਧਰ 'ਤੇ ਕਿਰਤੀ ਸ਼੍ਰੇਣੀ ਦੇ ਦਬਾਅ ਹੇਠ ਇਹ ਕਾਨੂੰਨ ਅਕਤੂਬਰ 1890 ਨੂੰ ਮਨਸੂਖ਼ ਕਰ ਦਿੱਤਾ ਗਿਆ। — ਸਫ਼ਾ 30

38. **ਮੁੜ-ਬਪਤਸਮਾਵਾਦੀ** — ਜਰਮਨੀ ਅਤੇ ਸਵਿਟਜ਼ਰਲੈਂਡ ਵਿੱਚ 16ਵੀਂ ਸਦੀ ਵਿੱਚ ਪ੍ਰਗਟ ਹੋਏ ਇੱਕ ਧਾਰਮਕ ਸੰਪ੍ਰਦਾ ਦੇ ਮੈਂਬਰ। 1524-1525 ਦੇ ਕਿਸਾਨਾਂ ਦੇ ਯੁੱਧ ਸਮੇਂ ਮੁੜ-ਬਪਤਸਮਾਵਾਦੀ, ਜਿਹੜੇ ਵਧੇਰੇ ਕਿਸਾਨ, ਦਸਤਕਾਰ ਅਤੇ ਨਿੱਕੇ ਵਪਾਰੀ ਸਨ, ਥਾਮਸ ਮੂਨਜ਼ੇਰ ਦੀ ਅਗਵਾਈ ਹੇਠ ਲਹਿਰ ਦੇ ਅਤਿ ਇਨਕਲਾਬੀ ਹਿੱਸੇ ਵਿੱਚ ਸ਼ਾਮਲ ਰਹੇ।

39. ਇੱਥੇ ਏਂਗਲਜ਼ "**ਅਸਲੀ ਪੱਧਰਾ-ਕਰਨ ਵਾਲ਼ਿਆਂ**" ਜਾਂ ਖੋਦਣ ਵਾਲ਼ਿਆਂ ਵੱਲ ਇਸ਼ਾਰਾ ਕਰ ਰਿਹਾ ਹੈ, ਜਿਹੜੇ 17 ਵੀਂ ਸਦੀ ਦੇ ਅੰਗ੍ਰੇਜ਼ ਬਰੁਜੂਆ ਇਨਕਲਾਬ ਦੇ ਅਤਿ-ਅੰਤ ਖੱਬੇ ਪੱਖ ਦੀ ਪ੍ਰਤਿਨਿੱਧਤਾ ਕਰਦੇ ਸਨ ਅਤੇ ਸ਼ਹਿਰਾਂ ਅਤੇ ਪਿੰਡਾਂ ਦੇ ਗ਼ਰੀਬ

ਹਿੱਸਿਆਂ ਨੂੰ ਪ੍ਰਗਟ ਕਰਦੇ। ਉਹਨਾਂ ਮੰਗ ਕੀਤੀ ਕਿ ਭੋਂ ਦੀ ਨਿੱਜੀ ਮਾਲਕੀ ਖ਼ਤਮ ਕਰ ਦਿੱਤੀ ਜਾਵੇ, ਉਹਨਾਂ ਆਦਿ-ਕਾਲੀਨ ਬਰਾਬਰੀ ਵਾਲ਼ੇ ਕਮਿਊਨਿਜ਼ਮ ਦੇ ਵਿਚਾਰਾਂ ਦੀ ਹਮਾਇਤ ਕੀਤੀ ਅਤੇ ਸ਼ਾਮਲਾਟਾਂ 'ਤੇ ਸਾਂਝੇ ਰੂਪ ਵਿੱਚ ਹਲ ਵਾਹ ਕੇ ਉਹਨਾਂ ਵਿਚਾਰਾਂ ਉੱਤੇ ਅਮਲ ਕਰਨ ਦਾ ਯਤਨ ਕੀਤਾ।

40. ਏਂਗਲਜ਼ ਇੱਥੇ ਯੂਟੋਪੀਆਈ ਕਮਿਊਨਿਜ਼ਮ ਦੇ ਪ੍ਰਤਿਨਿੱਧਾਂ ਵੱਲ ਇਸ਼ਾਰਾ ਕਰਦੇ ਹਨ—ਟਾਮਸ ਮੋਰ ਦੀ "ਯੂਟੋਪੀਆ" (1516 ਵਿੱਚ ਪ੍ਰਕਾਸ਼ਤ) ਅਤੇ ਤੋਮਸ ਕੰਪਾਨੇਲਾ ਦੀ "ਸੂਰਜ ਦਾ ਸ਼ਹਿਰ" (1623 ਵਿੱਚ ਪ੍ਰਕਾਸ਼ਤ)।

41. **ਜਬਰ ਦੀ ਹਕੂਮਤ** — ਜੈਕੋਬਿਨਾਂ ਦੀ ਇਨਕਲਾਬੀ ਜਮਹੂਰੀ ਡਿਕਟੇਟਰਸ਼ਿਪ ਦਾ ਇੱਕ ਸਮਾਂ (ਜੂਨ 1793-ਜੁਲਾਈ 1794) ਜਦੋਂ ਉਹਨਾਂ ਗਿਰੋਂਦਵਾਦੀਆਂ ਅਤੇ ਸ਼ਾਹ-ਪਸੰਦਾਂ ਦੇ ਉਲਟ-ਇਨਕਲਾਬੀ ਜਬਰ ਦਾ ਜਵਾਬ ਇਨਕਲਾਬੀ ਜਬਰ ਨਾਲ਼ ਦਿੱਤਾ।

**ਡਾਇਰੈਕਟੋਰੇਟ ਜਾਂ ਡਾਇਰੈਕਟਰੀ** — ਜੈਕੋਬਿਨਾਂ ਵੱਲੋਂ ਚਲਾਈ ਇਨਕਲਾਬੀ ਡਿਕਟੇਟਰਸ਼ਿਪ ਦੇ ਡਿੱਗਣ ਪਿੱਛੋਂ 1795 ਵਿੱਚ ਪ੍ਰਵਾਨ ਕੀਤੇ ਵਿਧਾਨ ਅਧੀਨ ਫ਼ਰਾਂਸ ਵਿੱਚ ਪ੍ਰਬੰਧਕ ਸ਼ਕਤੀ ਦੀ ਮਾਲਕ ਪੰਜ ਡਾਇਰੈਕਟਰਾਂ ਦੀ ਸੰਸਥਾ। ਇਹਨਾਂ ਵਿੱਚੋਂ ਇੱਕ ਹਰ ਵਰ੍ਹੇ ਚੁਣਿਆ ਜਾਂਦਾ ਸੀ। ਇਹ 1799 ਵਿੱਚ ਨੈਪੋਲੀਅਨ ਵੱਲੋਂ ਰਾਜ-ਪਲਟੇ ਤੱਕ ਹੋਂਦ ਵਿੱਚ ਰਹੀ ਅਤੇ ਇਹਨੇ ਜਮਹੂਰੀ ਸ਼ਕਤੀਆਂ ਵਿਰੁੱਧ ਜ਼ੁਲਮ ਦੇ ਰਾਜ ਦੀ ਹਮਾਇਤ ਕੀਤੀ ਅਤੇ ਵੱਡੀ ਬੁਰਜੂਆਜ਼ੀ ਦੇ ਹਿੱਤਾਂ ਦੀ ਰੱਖਿਆ ਕੀਤੀ।

42. ਇੱਥੇ 18ਵੀਂ ਸਦੀ 'ਤੇ ਅੰਤ ਦੇ ਹੋਏ ਬੁਰਜੂਆ ਇਨਕਲਾਬ ਦੇ ਨਾਅਰੇ ਵੱਲ ਇਸ਼ਾਰਾ ਹੈ: ਅਜ਼ਾਦੀ, ਬਰਾਬਰੀ, ਭਰਾਤ੍ਰੀਅਤਾ।

43. **ਨਿਊ ਲਾਨਾਰਕ** — ਸਕਾਟਲੈਂਡ ਦੇ ਲਾਨਾਰਕ ਨਾਂ ਦੇ ਸ਼ਹਿਰ ਦੇ ਨੇੜੇ ਉਸਾਰੀ ਸੂਤੀ ਕੱਪੜੇ ਦੀ ਇੱਕ ਮਿੱਲ ਅਤੇ ਪਿੰਡ।

44. ਛੇ-ਕੌਮੀ ਫ਼ਰਾਂਸ-ਵਿਰੋਧੀ ਏਕੇ (ਰੂਸ, ਆਸਟਰੀਆ, ਇੰਗਲੈਂਡ, ਪਰੂਸ਼ੀਆ ਅਤੇ ਹੋਰ ਰਿਆਸਤਾਂ) ਦੀਆਂ ਫ਼ੌਜਾਂ 31 ਮਾਰਚ 1814 ਨੂੰ ਪੈਰਿਸ ਵਿੱਚ ਦਾਖ਼ਲ ਹੋਈਆਂ। ਨੈਪੋਲੀਅਨ ਦੀ ਸਲਤਨਤ ਖ਼ਤਮ ਹੋ ਗਈ ਅਤੇ ਖ਼ੁਦ ਨੈਪੋਲੀਅਨ ਨੇ ਰਾਜ ਗੱਦੀ ਤਿਆਗ ਦਿੱਤੀ ਅਤੇ ਐਲਬਾ ਦੇ ਟਾਪੂ ਉੱਤੇ ਜਲਾਵਤਨ ਕਰ ਦਿੱਤਾ ਗਿਆ। ਫ਼ਰਾਂਸ ਨੇ ਬੋਰਬੋਨ ਵੰਸ਼ ਦੀ ਬਾਦਸ਼ਾਹੀ ਦੀ ਪਹਿਲੀ ਮੁੜ-ਸਥਾਪਤੀ ਵੇਖੀ।

**ਸੌ ਦਿਨ** — ਨੈਪੋਲੀਅਨ ਦੇ ਐਲਬਾ ਵਿਖੇ ਆਪਣੀ ਜਲਾਵਤਨੀ ਦੀ ਥਾਂ ਤੋਂ 20 ਮਾਰਚ 1815 ਨੂੰ ਪੈਰਿਸ ਮੁੜਨ ਅਤੇ ਉਹਦੇ ਉਸੇ ਵਰ੍ਹੇ ਦੀ 22 ਜੂਨ ਨੂੰ ਦੂਜੀ ਵਾਰ ਰਾਜ ਗੱਦੀ ਤਿਆਗਣ ਦੇ ਵਿਚਕਾਰ ਨੈਪੋਲੀਅਨ ਦੀ ਸਲਤਨਤ ਦੀ ਮੁੜ-ਸਥਾਪਤੀ ਦੀ ਸੰਖੇਪ ਸਮਾਂ।

45. 18 ਜੂਨ 1815 ਨੂੰ **ਵਾਟਰਲੂ** (ਬੈਲਜੀਅਮ) ਵਿਖੇ ਵਿਲੰਗਟਨ ਦੀ ਅਗਵਾਈ ਹੇਠ ਸਾਂਝੀਆਂ ਅੰਗ੍ਰੇਜ਼-ਵਲੰਦੇਜ਼ੀ ਫੌਜਾਂ ਨੇ ਅਤੇ ਬਲੂਖ਼ਰ ਦੀ ਅਗਵਾਈ ਹੇਠ ਪਰੂਸ਼ੀਆਈ ਫੌਜ ਨੇ ਨੈਪੋਲੀਅਨ ਦੀ ਫ਼ੌਜ ਨੂੰ ਹਾਰ ਦਿੱਤੀ। ਇਸ ਲੜਾਈ ਨੇ 1815 ਦੀ ਮੁਹਿੰਮ

ਵਿੱਚ ਨਿਰਣਾਇਕ ਰੋਲ਼ ਅਦਾ ਕੀਤਾ ਅਤੇ ਸੱਤਵੇਂ ਫ਼ਰਾਂਸ-ਵਿਰੋਧੀ ਏਕੇ (ਇੰਗਲੈਂਡ, ਰੂਸ, ਆਸਟਰੀਆ, ਪਰੂਸ਼ੀਆ, ਸਵੀਡਨ, ਸਪੇਨ ਅਤੇ ਹੋਰ ਰਿਆਸਤਾਂ) ਦੀ ਜਿੱਤ ਅਤੇ ਨੈਪੋਲੀਅਨ ਦੀ ਸਲਤਨਤ ਦੇ ਨਿਘਾਰ ਨੂੰ ਅਗਾਉਂ ਮਿੱਥ ਦਿੱਤਾ।

46. ਜਨਵਰੀ 1815 ਵਿੱਚ ਗਲਾਸਗੋ ਵਿਖੇ ਇੱਕ ਵੱਡੀ ਸਰਵਜਨਕ ਸਭਾ ਵਿੱਚ ਤਕਰੀਰ ਕਰਦੇ ਹੋਏ ਓਵਨ ਨੇ ਮਿਲਾਂ ਵਿੱਚ ਬੱਚਿਆਂ ਅਤੇ ਬਾਲ਼ਗ ਕਿਰਤੀਆਂ ਦੀ ਹਾਲਤ ਚੰਗੇਰੀ ਬਣਾਉਣ ਸਬੰਧੀ ਕਈ ਕਦਮ ਤਜਵੀਜ਼ ਕੀਤੇ। ਉਹਦੀ ਪਹਿਲ-ਕਦਮੀ ਉੱਤੇ ਜੂਨ 1815 ਵਿੱਚ ਪਾਰਲੀਮੈਂਟ ਵਿੱਚ ਇੱਕ ਬਿੱਲ ਪੇਸ਼ ਕੀਤਾ ਗਿਆ ਪਰ ਇਹ ਜੁਲਾਈ 1819 ਤੋਂ ਪਹਿਲਾਂ ਨਾ ਪਾਸ ਕੀਤਾ ਗਿਆ ਅਤੇ ਉਹ ਵੀ ਬਹੁਤ ਘਟਾਏ ਰੂਪ ਵਿੱਚ। ਇਸ ਕਾਨੂੰਨ ਅਨੁਸਾਰ, ਜਿਹੜਾ ਸੂਤੀ ਕਪੜੇ ਦੀਆਂ ਮਿੱਲਾਂ ਵਿੱਚ ਕਿਰਤ ਨੂੰ ਨੇਮ-ਬੱਧ ਕਰਦਾ ਸੀ, ਨੌਂ ਵਰ੍ਹੇ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਮੁਲਾਜ਼ਮ ਰੱਖਣ ਉੱਤੇ ਪਾਬੰਦੀ ਲਾ ਦਿੱਤੀ ਗਈ, 18 ਵਰ੍ਹੇ ਤੋਂ ਘੱਟ ਉਮਰ ਦੇ ਲੋਕਾਂ ਦੀ ਕੰਮ ਦਿਹਾੜੀ 12 ਘੰਟੇ ਤੱਕ ਸੀਮਤ ਕਰ ਦਿੱਤੀ ਗਈ ਅਤੇ ਕਿਰਤੀਆਂ ਲਈ ਸਵੇਰ ਅਤੇ ਲੋਢੇ ਵੇਲ਼ੇ ਦੇ ਖਾਣੇ ਲਈ ਛੁੱਟੀ ਦੇ ਦੋ ਸਮੇਂ, ਜਿਹੜੇ ਕੱਲ੍ਹ ਡੇਢ ਘੰਟਾ ਸਨ, ਮੁਕੱਰਰ ਕੀਤੇ ਗਏ।

47. ਦੀ ਗਰੈਂਡ ਨੇਸ਼ਨਲ ਕਨਸਾਲੀਡੇਟਿਡ ਟਰੇਡ ਯੂਨੀਅਨ ਆਫ਼ ਗਰੇਟ ਬ੍ਰਿਟੇਨ ਐਂਡ ਆਇਰਲੈਂਡ ਰਸਮੀ ਤੌਰ 'ਤੇ ਅਕਤੂਬਰ 1833 ਵਿੱਚ ਲੰਦਨ ਵਿਖੇ ਸਹਿਕਾਰ ਸਭਾਵਾਂ ਅਤੇ ਟਰੇਡ ਯੂਨੀਅਨਾਂ ਦੀ ਇੱਕ ਕਾਂਗਰਸ ਵਿੱਚ ਸਥਾਪਤ ਕੀਤੀ ਗਈ, ਜਿਸ ਦੀ ਪ੍ਰਧਾਨਗੀ ਓਵਨ ਨੇ ਕੀਤੀ। ਯੂਨੀਅਨ ਦੇ ਨਿਯਮ ਫ਼ਰਵਰੀ 1834 ਵਿੱਚ ਪ੍ਰਵਾਨ ਕੀਤੇ ਗਏ। ਓਵਨ ਦੀ ਵਿਉਂਤ ਅਨੁਸਾਰ ਯੂਨੀਅਨ ਨੇ ਉਪਜ ਦਾ ਪ੍ਰਬੰਧ ਆਪਣੇ ਹੱਥ ਵਿੱਚ ਲੈਣਾ ਸੀ ਅਤੇ ਅਮਨ-ਭਰੇ ਢੰਗਾਂ ਨਾਲ਼ ਸਮਾਜ ਦੀ ਮੁਕੰਮਲ ਕਾਇਆ-ਪਲਟ ਕਰਨੀ ਸੀ। ਛੇਤੀ ਹੀ ਇਹ ਖ਼ਿਆਲੀ ਵਿਉਂਤ ਅਸਫ਼ਲ ਹੋ ਗਈ ਅਤੇ ਅਗਸਤ 1834 ਵਿੱਚ ਬੁਰਜੂਆ ਸਮਾਜ ਅਤੇ ਰਾਜ ਵੱਲੋਂ ਜ਼ੋਰਦਾਰ ਵਿਰੋਧ ਦੇ ਸਨਮੁੱਖ ਯੂਨੀਅਨ ਟੁੱਟ ਗਈ।

48. ਇੱਥੇ ਮੁਨਸਫ਼ੀ ਕਿਰਤ ਵਟਾਂਦਰਾ ਬਾਜ਼ਾਰਾਂ (Equitable Labour Exchange Bazars) ਵੱਲ ਇਸ਼ਾਰਾ ਹੈ, ਜਿਹੜੇ ਇੰਗਲੈਂਡ ਦੇ ਕਈ ਸ਼ਹਿਰਾਂ ਵਿੱਚ ਕਿਰਤੀਆਂ ਦੀਆਂ ਸਹਿਕਾਰ ਸਭਾਵਾਂ ਨੇ ਸਥਾਪਤ ਕੀਤੇ; ਅਜਿਹਾ ਪਹਿਲਾ ਬਾਜ਼ਾਰ ਰਾਬਰਟ ਓਵਨ ਨੇ ਸਤੰਬਰ 1832 ਵਿੱਚ ਸਥਾਪਤ ਕੀਤਾ ਅਤੇ 1834 ਦੇ ਅੱਧ ਤੱਕ ਇਹ ਹੋਂਦ ਵਿੱਚ ਸੀ।

49. ਪ੍ਰੋਦੋਨ ਨੇ 1848-1849 ਦੇ ਇਨਕਲਾਬ ਸਮੇਂ ਵਟਾਂਦਰੇ ਦਾ ਬੈਂਕ ਜਥੇਬੰਦ ਕਰਨ ਦਾ ਯਤਨ ਕੀਤਾ। ਉਹਦਾ Banque du peuple (ਜਨਤਾ ਦਾ ਬੈਂਕ) 31 ਜਨਵਰੀ 1849 ਨੂੰ ਪੈਰਿਸ ਵਿੱਚ ਸਥਾਪਤ ਕੀਤਾ ਗਿਆ; ਇਹ ਕੇਵਲ ਦੋ ਮਹੀਨੇ ਹੋਂਦ ਵਿੱਚ ਰਿਹਾ ਅਤੇ ਉਹ ਵੀ ਕਾਗਜ਼ਾਂ ਉੱਤੇ; ਇਹ ਨੇਮ-ਬੱਧ ਤਰੀਕੇ ਨਾਲ਼ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਹੀ ਅਸਫ਼ਲ ਹੋ ਗਿਆ ਅਤੇ ਅਪ੍ਰੈਲ ਦੇ ਸ਼ੁਰੂ ਵਿੱਚ ਬੰਦ ਕਰ ਦਿੱਤਾ ਗਿਆ।

50. ਵਿਗਿਆਨਕ ਵਿਕਾਸ ਦਾ **ਸਿਕੰਦਰਿਆਈ ਯੁੱਗ** ਤੀਜੀ ਸਦੀ ਪੂਰਬ ਈਸਾ ਤੋਂ ਸੱਤਵੀਂ ਸਦੀ ਈਸਵੀ ਤੱਕ ਫੈਲਿਆ ਹੋਇਆ ਹੈ। ਇਹਦਾ ਨਾਂ ਸਿਕੰਦਰੀਆ ਦੇ ਮਿਸਰੀ ਸ਼ਹਿਰ ਦੇ ਨਾਂ ਤੋਂ ਪਿਆ ਜਿਹੜਾ ਉਸ ਸਮੇਂ ਕੌਮਾਂਤਰੀ ਆਰਥਕ ਲੈਣ ਦੇਣ ਦਾ ਇੱਕ ਕੇਂਦਰ ਸੀ। ਸਿਕੰਦਰਿਆਈ ਯੁੱਗ ਵਿੱਚ ਕਈ ਵਿਗਿਆਨਾਂ ਨੂੰ ਮਹੱਤਤਾ ਦਿੱਤੀ ਗਈਃ ਗਣਿਤ, ਗਤੀ-ਵਿੱਦਿਆ (ਯੂਕਲਿਡ ਅਤੇ ਅਰਸ਼ਮੀਦਸ਼), ਭੂਗੋਲ, ਤਾਰਾ-ਵਿਗਿਆਨ, ਸਰੀਰ ਬਣਤਰ-ਵਿਗਿਆਨ ਅਤੇ ਹੋਰ।

51. ਇਹਨਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਸਨ 1492 ਵਿੱਚ ਕ੍ਰਿਸਟੋਫ਼ਰ ਕੋਲੰਬਸ ਰਾਹੀਂ ਅਮਰੀਕਾ ਦੀ ਲੱਭਤ ਅਤੇ 1498 ਵਿੱਚ ਪੁਰਤਗੇਜ਼ੀ ਜਹਾਜ਼ਰਾਨ ਵਾਸਕੋ ਡਾ ਗਾਮਾ ਵੱਲੋਂ ਹਿੰਦ ਨੂੰ ਜਾਂਦੇ ਸਮੁੰਦਰੀ ਰਸਤੇ ਦੀ ਲੱਭਤ।

52. ਇੱਥੇ ਸਤਾਰ੍ਹਵੀਂ ਅਤੇ ਅਠਾਰ੍ਹਵੀਂ ਸਦੀ ਵਿਚਕਾਰ ਮੁੱਖ ਯੂਰਪੀ ਸ਼ਕਤੀਆਂ ਵੱਲੋਂ ਹਿੰਦ ਅਤੇ ਅਮਰੀਕਾ ਨਾਲ਼ ਵਪਾਰ ਵਿੱਚ ਸਰਦਾਰੀ ਅਤੇ ਮੰਡੀਆਂ ਉੱਤੇ ਕਬਜ਼ੇ ਲਈ ਯੁੱਧਾਂ ਵੱਲ ਇਸ਼ਾਰਾ ਹੈ। ਪਹਿਲਾਂ ਪਹਿਲ ਮੁੱਖ ਵਿਰੋਧੀ ਬਰਤਾਨੀਆ ਅਤੇ ਨੀਦਰਲੈਂਡ (ਹਾਲੈਂਡ) ਸਨ। ਉਹਨਾਂ ਵਿਚਕਾਰ ਮਿਸਾਲੀ ਵਪਾਰਕ ਯੁੱਧ 1652-54, 1664-67 ਅਤੇ 1672-74 ਵਿੱਚ ਲੜੇ ਗਏ। ਪਿੱਛੋਂ ਨਿਰਣਾਇਕ ਘੋਲ਼ ਇੰਗਲੈਂਡ ਅਤੇ ਫ਼ਰਾਂਸ ਵਿਚਕਾਰ ਹੋਇਆ। ਬਰਤਾਨੀਆਂ ਇਹਨਾਂ ਸਭਨਾਂ ਯੁੱਧਾਂ ਵਿੱਚੋਂ ਜੇਤੂ ਹੋਕੇ ਨਿਕਲਿਆ ਅਤੇ ਅਠਾਰ੍ਹਵੀਂ ਸਦੀ ਦੇ ਅੰਤ ਤੱਕ ਸੰਸਾਰ ਦਾ ਲੱਗਭੱਗ ਸਾਰਾ ਵਪਾਰ ਇਹਦੇ ਹੱਥਾਂ ਵਿੱਚ ਕੇਂਦਰਿਤ ਹੋ ਗਿਆ।

53. ਇੱਥੇ ਏਂਗਲਜ਼ 'ਪੂੰਜੀ', ਪਹਿਲੀ ਸੈਂਚੀ ਵਿੱਚੋਂ ਟੂਕ ਦੇ ਰਹੇ ਹਨ। (ਵੇਖੋ ਕਾਰਲ ਮਾਰਕਸ, "ਪੂੰਜੀ", ਪਹਿਲੀ ਸੈਂਚੀ, ਮਾਸਕੋ, 1965, ਪੰਨਾਃ 435)।

54. ਕਾ. ਮਾਰਕਸ 'ਪੂੰਜੀ', ਸੈਂਚੀ 1। (ਰੂਸੀ ਛਾਪ, ਸੈਂਚੀ 23, ਪੰਨਾ 473।)

55. Seehandlung (**ਸਮੁੰਦਰੀ ਵਪਾਰ**) — ਵਪਾਰ ਅਤ ਉਧਾਰ ਦੀ ਸਭਾ ਜਿਹੜੀ 1772 ਵਿੱਚ ਪਰੂਸ਼ੀਆ ਵਿੱਚ ਸਥਾਪਤ ਕੀਤੀ ਗਈ ਸੀ; ਇਸ ਸਭਾ ਨੂੰ ਕੁੱਝ ਮਹਤੱਵ-ਪੂਰਨ ਹਕੂਮਤੀ ਵਿਸ਼ੇਸ਼-ਅਧਿਕਾਰ ਪ੍ਰਾਪਤ ਸਨ ਅਤੇ ਇਹਨੇ ਹਕੂਮਤ ਨੂੰ ਵੱਡੀਆਂ ਰਕਮਾਂ ਦਿੱਤੀਆਂ ਅਤੇ ਅਮਲੀ ਤੌਰ ਇਹਨੇ ਇਹਦੇ ਬੈਂਕਰ ਅਤੇ ਸਾਹੂਕਾਰ ਦਾ ਕੰਮ ਕੀਤਾ। 1904 ਵਿੱਚ ਇਹਨੂੰ ਸਰਕਾਰੀ ਤੌਰ 'ਤੇ ਪਰੂਸ਼ਿਆਈ ਰਾਜਕੀ ਬੈਂਕ ਵਿੱਚ ਤਬਦੀਲ ਕਰ ਦਿੱਤਾ ਗਿਆ।

56. **"ਜਨਤਾ ਦਾ ਅਜ਼ਾਦ ਰਾਜ"** — ਉਨ੍ਹੀਵੀਂ ਸਦੀ ਦੇ ਅਠਵੇਂ ਦਹਾਕੇ ਵਿੱਚ ਜਰਮਨ ਸੋਸ਼ਲ-ਡੈਮੋਕਰੈਟਾਂ ਦੀ ਪ੍ਰੋਗਰਾਮ ਸਬੰਧੀ ਮੰਗ ਅਤੇ ਚਾਲੂ ਨਾਅਰਾ ਸੀ।

# ਨਾਮਾਵਲੀ

ੳ

**ਓਵਨ**, Owen, **ਰਾਬਰਟ** (1771–1858)— ਅੰਗ੍ਰੇਜ਼ ਖ਼ਿਆਲੀ ਸੋਸ਼ਲਿਸਟ।

ਅ

**ਅਰਸਤੂ** (384–322 ਈਸਾ ਪੂਰਬ) —ਯੂਨਾਨੀ ਦਾਰਸ਼ਨਕ, ਉਹਦੀਆਂ ਲਿਖਤਾਂ ਵਿੱਚ ਉਸ ਸਮੇਂ ਪ੍ਰਾਪਤ ਸਾਰਾ ਗਿਆਨ ਸ਼ਾਮਲ ਸੀ, ਉਹ ਪਦਾਰਥਵਾਦ ਅਤੇ ਆਦਰਸ਼ਵਾਦ ਵਿਚਕਾਰ ਡੋਲਦਾ ਰਿਹਾ।

**ਅਨਾਜ਼ਾਗੋਰਸ** (ਲਗਭਗ 500–428 ਈਸਾ ਪੂਰਬ) — ਯੂਨਾਨੀ ਪਦਾਰਥਵਾਦੀ ਦਾਰਸ਼ਨਕ।

**ਆਰਕਰਾਈਟ**, Arkwright, **ਰਿਚਰਡ** (1732–1792) —ਅੰਗ੍ਰੇਜ਼ ਸਨਅਤਕਾਰ, ਉਹਨੇ ਇੰਗਲੈਂਡ ਵਿੱਚ ਕੀਤੀਆਂ ਕਈ ਕਾਢਾਂ ਲਈ ਪੇਟੰਟ ਹਥਿਆ ਲਏ।

ਸ

**ਸਪਿਨੋਜ਼ਾ**, Spinosa, **ਬਾਰੁਖ਼ (ਬੈਨੀਡਿਕਟ)** (1632–1677) ਹਾਲੈਂਡ ਦਾ ਪਦਾਰਥਵਾਦੀ ਦਾਰਸ਼ਨਕ।

**ਸਟੂਅਰਟ** — ਸ਼ਾਹੀ ਵੰਸ਼ ਜਿਸਨੇ ਸਕਾਟਲੈਂਡ ਉੱਤੇ (1371 ਤੋਂ) ਅਤੇ ਇੰਗਲੈਂਡ ਉੱਤੇ (1603–1649, 1660–1714) ਹਕੂਮਤ ਕੀਤੀ।

**ਸਾਂਕੇ**, Sankey, **ਈਰਾ ਡੇਵਿਡ** (1740–1908)— ਅਮਰੀਕੀ ਪ੍ਰੋਟੈਸਟੰਟ ਪ੍ਰਚਾਰਕ, ਮੁੜ-ਸੁਰਜੀਤਤਾ ਲਹਿਰ ਦਾ ਇੱਕ ਜਥੇਬੰਦਕ।

**ਸਿਕਿੰਗੇਨ**, Sickingen, **ਫ਼ਰਾਜ਼ ਫਾਨ** (1481–1523) —ਜਰਮਨ ਸੂਰਮਾ, 1522–1523 ਵਿੱਚ ਵੱਡੇ ਰਾਠਾਂ ਵਿਰੁੱਧ ਨਿੱਕੇ ਰਾਠਾਂ ਦੀ ਬਗ਼ਾਵਤ ਦਾ ਆਗੂ।

**ਸੇਂਟ-ਸਾਇਮਨ**, Saint-Simon, **ਹੈਨਰੀ** (1760–1825) —ਫ਼ਰਾਂਸੀਸੀ ਖ਼ਿਆਲੀ ਸੋਸ਼ਲਿਸਟ।

**ਸ਼ੈਫਟਸਬਰੀ**, Shaftesbury, **ਐਨਥੋਨੀ** (1671–1713) —ਅੰਗ੍ਰੇਜ਼ ਈਸ਼ਵਾਦੀ ਦਾਰਸ਼ਨਕ।

ਹ

ਐਫ਼ੇਸੁਸ ਦਾ **ਹਰਾਕਲੀਟਸ** (ਲਗਭਗ 540–ਲਗਭਗ 480 ਈਸਾ ਪੂਰਬ)— ਯੂਨਾਨੀ ਦਾਰਸ਼ਨਕ, ਦਵੰਦਵਾਦ ਦੇ ਮੋਢੀਆਂ ਵਿੱਚੋਂ ਇੱਕ, ਸੁਭਾਵਕ ਪਦਾਰਥਵਾਦੀ।

**ਹਾਬਜ਼**, Hobbes, **ਟਾਮਸ** (1588–1679)— ਅੰਗ੍ਰੇਜ਼ ਦਾਰਸ਼ਨਕ, ਮਕਾਨੀਕੀ ਪਦਾਰਥਵਾਦ ਦਾ ਹਾਮੀ; ਉਹਦੇ ਸਮਾਜੀ-ਰਾਜਸੀ ਵਿਚਾਰਾਂ ਵਿੱਚ ਬਲਵਾਨ ਜਮਹੂਰੀਅਤ ਵਿਰੋਧੀ ਝੁਕਾਅ ਪ੍ਰਗਟ ਹੁੰਦੇ ਹਨ।

**ਹਾਰਟਲੇ**, Hartley, **ਡੇਵਿਡ** (1705–1747) —ਅੰਗ੍ਰੇਜ਼ ਡਾਕਟਰ, ਪਦਾਰਥਵਾਦੀ ਦਾਰਸ਼ਨਕ।

**ਹੀਗਲ**, Hegel, **ਜਾਰਜ ਵਿਲਹਲਮ ਫ਼ਰੀਡਰਿਖ਼** (1770–1831)— ਜਰਮਨ ਦਾਰਸ਼ਨਕ, ਜਰਮਨ ਕਲਾਸੀਕੀ ਦਰਸ਼ਨ ਦਾ ਮਹਾਨ ਪ੍ਰਤਿਨਿੱਧ, ਬਾਹਰਮੁਖੀ ਆਦਰਸ਼ਵਾਦੀ; ਉਹਦਾ ਆਦਰਸ਼ਵਾਦੀ ਦਵੰਦਵਾਦ ਦਵੰਦਵਾਦੀ ਪਦਾਰਥਵਾਦ ਦਾ ਇੱਕ ਸਿਧਾਂਤਕ ਸੋਮਾ ਸੀ।

**ਹੈਨਰੀ ਸਤਵਾਂ** (1457–1509)— ਇੰਗਲੈਂਡ ਾਦ ਬਾਦਸ਼ਾਹ (1485–1509)

**ਹੈਨਰੀ ਅਠਵਾਂ** (1491–1547)— ਇੰਗਲੈਂਡ ਦਾ ਬਾਦਸ਼ਾਹ (1509–1547)

**ਕ**

**ਕਰਾਮਵੈਲ**, Cromwell, **ਆਲੀਵਰ** (1599–1658) —17ਵੀਂ ਸਦੀ ਦੇ ਅੰਗ੍ਰੇਜ਼ ਇਨਕਲਾਬ ਸਮੇਂ ਬੁਰਜੂਆਜ਼ੀ ਅਤੇ ਬਰੁਜੂਆਈ ਰਾਠ-ਸ਼ਾਹੀ ਦਾ ਨੇਤਾ; 1653 ਵਿੱਚ ਇੰਗਲੈਂਡ, ਸਕਾਟਲੈਂਡ ਅਤੇ ਆਇਰਲੈਂਡ ਦਾ ਲਾਰਡ ਪ੍ਰੋਟੈਕਟਰ ਬਣਿਆ।

**ਕਾਂਟ**, Kant, **ਇਮਾਨੁਏਲ** (1724–1804) —ਕਲਾਸੀਕੀ ਜਰਮਨ ਦਰਸ਼ਨ ਦਾ ਮੋਢੀ, ਆਦਰਸ਼ਵਾਦੀ; ਪ੍ਰਕਿਰਤਕ ਵਿਗਿਆਨ ਸਬੰਧੀ ਆਪਣੀਆਂ ਕਿਰਤਾਂ ਲਈ ਵੀ ਪ੍ਰਸਿੱਧ।

**ਕਾਬਡਨ**, Cobden, **ਰਿਚਰਡ** (1804–1865) —ਅੰਗ੍ਰੇਜ਼ ਕਾਰਖ਼ਾਨੇਦਾਰ, ਬੁਰਜੂਆ ਰਾਜਸੀ ਨੇਤਾ, ਆਜ਼ਾਦ ਵਪਾਰ ਦਾ ਹਾਮੀ ਅਤੇ ਅਨਾਜ-ਸਬੰਧੀ ਕਾਨੂੰਨਾਂ ਦੇ ਵਿਰੋਧੀ ਸੰਘ ਦੇ ਮੋਢੀਆਂ ਵਿੱਚੋਂ ਇੱਕ।

**ਕਾਰਟਰਾਈਟ**, Cartwright, **ਐਡਮੰਡ** (1743–1823) —ਪ੍ਰਸਿੱਧ ਅੰਗ੍ਰੇਜ਼ ਕਾਢਕਾਰ।

**ਕਾਰਲਾਇਲ**, Carlyle, **ਟਾਮਸ** (1795–1881) —ਅੰਗ੍ਰੇਜ਼ ਲੇਖਕ, ਇਤਿਹਾਸਕਾਰ, ਆਦਰਸ਼ਵਾਦੀ ਦਾਰਸ਼ਨਕ।

**ਕਾਵਰਡ**, Coward, **ਵਿਲੀਅਮ** (ਲਗਭਗ 1656–1725) —ਅੰਗ੍ਰੇਜ਼ ਪਦਾਰਥਵਾਦੀ ਦਾਰਸ਼ਨਕ, ਡਾਕਟਰ।

**ਕੈਲਵਿਨ**, Calvin, **ਯਾਂ** (1509–1564) —ਧਾਰਮਕ ਸੁਧਾਰ ਦਾ ਵਿਚਾਰਧਾਰਕ, ਪ੍ਰੋਟੈਸਟੰਟਵਾਦ ਦੇ ਇੱਕ ਮੁਹਾਣ ਕੈਲਵਿਨਵਾਦ ਦਾ ਮੋਢੀ।

**ਕੋਲਿਨਜ਼**, Collins, **ਐਨਥੋਨੀ** (1676–1729) —ਅੰਗ੍ਰੇਜ਼ ਪਦਾਰਥਵਾਦੀ ਦਾਰਸ਼ਨਕ, ਲਾਕ ਦਾ ਪੈਰੋ।

**ਕੋਵਾਲੇਵਸਕੀ**, **ਮੈਕਸਿਮ ਮੈਕਸੀਮੋਵਿਚ** (1851–1916) —ਰੂਸੀ ਸਮਾਜ-ਵਿਗਿਆਨੀ, ਇਤਿਹਾਸਕਾਰ, ਨਸਲ-ਵਿਗਿਆਨੀ ਅਤੇ ਕਾਨੂੰਨਦਾਨ; ਆਦਿ-ਕਾਲੀਨ-ਭਾਈਚਾਰਕ ਪ੍ਰਬੰਧ ਸਬੰਧੀ ਅਨੇਕ ਕਿਰਤਾਂ ਦਾ ਲੇਖਕ।

**ਗ**

**ਗਿਫ਼ਨ**, Giffen, **ਰਾਬਰਟ** (1837–1910) —ਅੰਗ੍ਰੇਜ਼ ਅਰਥ-ਵਿਗਿਆਨੀ ਅਤੇ ਅੰਕ-ਵਿਗਿਆਨੀ, ਬੋਰਡ ਆਫ਼ ਟਰੇਡ ਦੇ ਅੰਕ-ਸੰਕਲਣ ਵਿਭਾਗ ਦਾ ਮੁਖੀ।

**ਗੋਇਟੇ**, Goethe, **ਜੋਹਾਨ ਵੂਲ਼ਫਗੈਂਗ** (1749–1832) —ਮਹਾਨ ਜਰਮਨ ਲੇਖਕ ਅਤੇ ਵਿਚਾਰਕ।

**ਚ**

**ਚਾਰਲਸ ਪਹਿਲਾ** (1600–1649) —ਬਰਤਾਨੀਆ ਦਾ ਬਾਦਸ਼ਾਹ (1625–1649), ਜਿਸਨੂੰ 17ਵੀਂ ਸਦੀ ਦੇ ਅੰਗ੍ਰੇਜ਼ ਬੁਰਜੂਆ ਇਨਕਲਾਬ ਸਮੇਂ ਕਤਲ ਕਰ ਦਿੱਤਾ ਗਿਆ।

**ਡ**

**ਡਨਜ਼ ਸਕਾਟਸ**, Duns Scotus, **ਜੋਹਾਨਸ** (ਲਗਭਗ 1265–1308) —ਮੱਧ-ਕਾਲੀਨ ਪੰਡਤਾਊ

ਦਾਰਸ਼ਨਕ, ਨਾਂਵਾਦ ਦਾ ਵਿਆਖਿਆਕਾਰ, ਇਹ ਮੱਧ ਕਾਲ ਵਿੱਚ ਪਦਾਰਥਵਾਦ ਦਾ ਪਹਿਲਾ ਪ੍ਰਗਟਾਅ ਸੀ।

**ਡਾਡਵੈਲ**, Dodwell, **ਹੈਨਰੀ** (ਮੌਤ 1784)— ਅੰਗ੍ਰੇਜ਼ ਪਦਾਰਥਵਾਦੀ ਦਾਰਸ਼ਨਕ।

**ਡਾਰਵਿਨ**, Darwin, **ਚਾਰਲਸ ਰਾਬਰਟ** (1809–1882)— ਅੰਗ੍ਰੇਜ਼ ਕੁਦਰਤ-ਵਿਗਿਆਨੀ, ਵਿਗਿਆਨਕ ਵਿਕਾਸੀ ਜੀਵ-ਵਿਗਿਆਨ ਦਾ ਮੋਢੀ।

**ਡਿਸਰਾਇਲੀ**, Disraeli, **ਬੈਂਜਾਮਿਨ (ਲਾਰਡ ਬੀਕਨਜ਼ਫ਼ੀਲਡ)** (1804–1881) —ਬਰਤਾਨਵੀ ਰਾਜਨੇਤਾ ਅਤੇ ਲੇਖਕ, ਕਨਜ਼ਰਵੇਟਿਵ, 1868 ਅਤੇ 1874–1880 ਵਿੱਚ ਪ੍ਰਧਾਨ ਮੰਤਰੀ।

**ਡੂਹਰਿੰਗ**, Dühring, **ਯੂਜੀਨ ਕਾਰਲ** (1833–1921)— ਜਰਮਨ ਦਾਰਸ਼ਨਕ, ਆਪਣੇ ਦਰਸ਼ਨ ਵਿੱਚ ਆਦਰਸ਼ਵਾਦ, ਗੰਵਾਰੂ ਪਦਾਰਥਵਾਦ ਅਤੇ ਪ੍ਰਤੱਖਵਾਦ ਨੂੰ ਮਿਲਾਇਆ; ਨਿੱਕ-ਬੁਰਜੂਆ ਸੋਸ਼ਲਿਜ਼ਮ ਦਾ ਵਿਆਖਿਆਕਾਰ।

**ਡੈਮੋਕ੍ਰਾਈਟਸ** (ਲਗਭਗ 460– ਲਗਭਗ 370 ਈਸਾ ਪੂਰਬ)— ਯੂਨਾਨੀ ਪਦਾਰਥਵਾਦੀ ਦਾਰਸ਼ਨਕ, ਪ੍ਰਮਾਣੂਵਾਦ ਦਾ ਮੋਢੀ।

**ਦ**

**ਦਿਦੇਰੋਤ**, Diderot, **ਦੇਨਿਸ** (1713–1784)— ਫ਼ਰਾਂਸੀਸੀ ਦਾਰਸ਼ਨਕ ਅਤੇ ਬੁੱਧੀ-ਪ੍ਰਕਾਸ਼ਕ, ਮਕਾਨੀਕੀ ਪਦਾਰਥਵਾਦ ਦਾ ਹਾਮੀ, ਨਾਸਤਕ, ਫ਼ਰਾਂਸੀਸੀ ਇਨਕਲਾਬੀ ਬੁਰਜੂਆਜ਼ੀ ਦਾ ਇੱਕ ਵਿਚਾਰਧਾਰਕ।

**ਦੇਸਕਾਰਤੇਜ਼**, Descartes, **ਰੇਨੇ** (1596–1650)— ਫ਼ਰਾਂਸੀਸੀ ਦਵੈਤਵਾਦੀ ਦਾਰਸ਼ਨਕ, ਗਣਤ-ਵਿਗਿਆਨੀ ਅਤੇ ਪ੍ਰਕਿਰਤੀ-ਵਿਗਿਆਨੀ।

**ਨ**

**ਨਿਊਟਨ**, Newton, **ਆਈਜ਼ਕ** (1642–1727)— ਅੰਗ੍ਰੇਜ਼ ਭੌਤਕ-ਵਿਗਿਆਨੀ, ਤਾਰਾ-ਵਿਗਿਆਨੀ ਅਤੇ ਗਣਿਤ-ਵਿਗਿਆਨੀ, ਕਲਾਸੀਕੀ ਗਤੀ-ਵਿਗਿਆਨ ਦਾ ਮੋਢੀ।

**ਨੈਪੋਲੀਅਨ ਪਹਿਲਾ (ਬੋਨਾਪਾਰਟ)** (1769–1821)— ਫ਼ਰਾਂਸੀਸੀ ਸ਼ਹਿਨਸ਼ਾਹ (1804–1814 ਅਤੇ 1815)।

**ਨੈਪੋਲੀਅਨ ਤੀਜਾ (ਲੂਈ ਨੈਪੋਲੀਅਨ ਬੋਨਾਪਾਰਟ)** (1808–1873)— ਨੈਪੋਲੀਅਨ ਪਹਿਲੇ ਦਾ ਭਤੀਜਾ, ਫ਼ਰਾਂਸੀਸੀ ਸ਼ਹਿਨਸ਼ਾਹ (1852–1870)।

**ਪ**

**ਪ੍ਰੀਸਟਲੇ**, Priestley, **ਜੋਜ਼ਫ਼** (1733–1804)— ਅੰਗ੍ਰੇਜ਼ ਰਸਾਇਣ-ਵਿਗਿਆਨੀ, ਪਦਾਰਥਵਾਦੀ ਦਾਰਸ਼ਨਕ ਅਤੇ ਅੱਗੇ-ਵਧੂ ਉੱਘੀ ਸ਼ਖ਼ਸੀਅਤ।

**ਪਰੂਦੋਂ**, Proundhon, **ਪੀਰੇ ਜੋਜ਼ਫ** (1809–1865)— ਫ਼ਰਾਂਸੀਸੀ ਅਰਥ-ਵਿਗਿਆਨੀ ਅਤੇ ਸਮਾਜ-ਵਿਗਿਆਨੀ, ਨਿੱਕੀ-ਬੁਰਜੂਆਜ਼ੀ ਦਾ ਵਿਚਾਰਧਾਰਕ, ਅਰਾਜਕਤਾਵਾਦ ਦੇ ਮੋਢੀਆਂ ਵਿੱਚੋਂ ਇੱਕ।

**ਫ**

**ਫ਼ਰੈਡਰਿਕ ਵਿਲੀਅਮ ਤੀਜਾ** (1770–1840)— ਪਰੂਸ਼ੀਆ ਦਾ ਬਾਦਸ਼ਾਹ (1797–1840)

**ਫ਼ਾਰਸਟਰ**, Forster, **ਵਿਲੀਅਮ ਐਡਵਰਡ** (1818–1886)— ਬਰਤਾਨਵੀ ਸਨਅਤਕਾਰ ਅਤੇ ਲਿਬਰਲ ਰਾਜਸੀ ਨੇਤਾ, ਪਾਰਲੀਮੈਂਟ ਦਾ ਮੈਂਬਰ, ਆਇਰਲੈਂਡ ਲਈ ਚੀਫ਼ ਸਕੱਤਰ (1880–1882): ਕੌਮੀ-ਅਜ਼ਾਦੀ ਦੀ ਲਹਿਰ ਨੂੰ ਬੇਕਿਰਕੀ ਨਾਲ਼ ਕੁਚਲਣ ਦੀ ਨੀਤੀ ਉੱਤੇ ਚੱਲਿਆ।

**ਫ਼ੋਰਿਅਰ**, Fourier, **ਚਾਰਲਸ** (1772–1837)— ਫ਼ਰਾਂਸੀਸੀ ਖ਼ਿਆਲੀ ਸੋਸ਼ਲਿਸਟ।

**ਬ**

**ਬਕਲੈਂਡ**, Buckland, **ਵਿਲੀਅਮ** (1784–1856)— ਅੰਗ੍ਰੇਜ਼ ਭੂ-ਗਰਭ-ਵਿਗਿਆਨੀ ਅਤੇ ਪਾਦਰੀ, ਜਿਸਨੇ ਭੂ-ਗਰਭ-ਵਿਗਿਆਨ ਦੀਆਂ ਲੱਭਤਾਂ ਨੂੰ ਬਾਈਬਲ ਦੀਆਂ ਕਥਾਵਾਂ ਨਾਲ਼ ਸੁਮੇਲਣ ਦਾ ਯਤਨ ਕੀਤਾ।

**ਬ੍ਰਾਈਟ**, Bright, **ਜਾਨ** (1811–1889) ਅੰਗ੍ਰੇਜ਼ ਕਾਰਖਾਨੇਦਾਰ, ਬਰੁਜੂਆ ਰਾਜਸੀ ਨੇਤਾ, ਆਜ਼ਾਦ ਵਪਾਰ ਦਾ ਹਾਮੀ, ਕਾਬਡਨ ਦੇ ਨਾਲ਼ ਅਨਾਜ-ਸਬੰਧੀ ਕਾਨੂੰਨਾਂ ਦੇ ਵਿਰੋਧੀ ਸੰਘ ਦਾ ਨੇਤਾ।

**ਬ੍ਰੈਨਤਾਨੋ**, Brentano, **ਲੁਜੋ** (1844–1931)— ਜਰਮਨ ਗੰਵਾਰੂ ਅਰਥ-ਵਿਗਿਆਨੀ, ਕੈਥੇਡੇਰ-ਸੋਸ਼ਲਿਜ਼ਮ ਦੇ ਮੋਢੀਆਂ ਵਿੱਚੋਂ ਇੱਕ।

**ਬਾਬਿਊਫ਼**, Babeuf, **ਗਰਾਚਸ** (ਅਸਲੀ ਨਾਂ ਫ਼ਰਾਂਸੇਏ ਨੋਏਲ) (1760–1797)— ਫ਼ਰਾਂਸੀਸੀ ਇਨਕਲਾਬੀ, ਸਮਾਨਤਾਵਾਦੀ ਖ਼ਿਆਲੀ ਸੋਸ਼ਲਿਜ਼ਮ ਦਾ ਹਾਮੀ।

**ਬਾਲਿੰਗਬਰੋਕ**, Bolingbroke, **ਹੈਨਰੀ** (1678–1751)— ਅੰਗ੍ਰੇਜ਼ ਰਾਜ-ਨੇਤਾ, ਟੋਰੀ ਨੇਤਾ, ਈਸ਼ਵਾਦੀ ਦਾਰਸ਼ਨਕ।

**ਬਿਸਮਾਰਕ**, Bismarck, **ਓਟੋ** (1815–1898)— ਪਰੂਸ਼ੀਆਈ ਸ਼ਾਹਪ੍ਰਸਤ ਰਾਜ-ਨੇਤਾ। 1871–1890 ਵਿੱਚ ਜਰਮਨ ਸਲਤਨਤ ਦਾ ਚਾਂਸਲਰ ਅਤੇ ਸੋਸ਼ਲਿਸਟ ਵਿਰੋਧੀ ਕਾਨੂੰਨ ਦਾ ਮੋਢੀ।

**ਬੇਕਨ**, Bacon, **ਫ਼ਰਾਂਸਿਸ** (1561–1626)— ਅੰਗ੍ਰੇਜ਼ ਦਾਰਸ਼ਨਕ, ਪ੍ਰਕਿਰਤੀਵਾਦੀ ਅਤੇ ਇਤਿਹਾਸਕਾਰ, ਅੰਗ੍ਰੇਜ਼ੀ ਪਦਾਰਥਵਾਦ ਦਾ ਮੋਢੀ।

**ਬੋਹਿਮੇ**, Böhme, **ਜੈਕਬ** (1575–1624)— ਜਰਮਨ ਦਸਤਕਾਰ, ਛਾਇਆਵਾਦੀ ਦਾਰਸ਼ਨਕ।

**ਮ**

**ਮਾਰਕਸ**, Marx, **ਕਾਰਲ** (1818–1883)

**ਮਾਰੇਲੀ**, Morelly, **(ਅਠਾਰਵੀਂ ਸਦੀ)** ਫ਼ਰਾਂਸ ਵਿੱਚ ਸਾਵੇਂ ਅਧਾਰ ਵਾਲ਼ੇ ਖ਼ਿਆਲੀ ਕਮਿਊਨਿਜ਼ਮ ਦਾ ਉੱਘਾ ਪ੍ਰਚਾਰਕ।

**ਮੂਡੀ**, Moody, **ਡਵਾਈਟ** (1837–1899)— ਅਮਰੀਕੀ ਪ੍ਰੋਟੈਸਟੰਟ ਪਾਦਰੀ ਅਤੇ ਪ੍ਰਚਾਰਕ, ਮੁੜ-ਸੁਰਜੀਤਤਾ ਦੀ ਲਹਿਰ ਦਾ ਇੱਕ ਮੋਢੀ।

**ਮੂਨਜ਼ੇਰ**, Münzer, **ਥਾਮਸ** (ਲਗਭਗ 1490–1525)— ਧਾਰਮਕ ਸੁਧਾਰ ਦੀ ਲਹਿਰ ਅਤੇ 1525 ਦੀ ਕਿਸਾਨ ਬਗ਼ਾਵਤ ਸਮੇਂ ਜਨਤਕ ਕਿਸਾਨ ਧੜੇ ਦਾ ਆਗੂ ਅਤੇ ਵਿਚਾਰਧਾਰਕ; ਸਾਵੇਂ ਅਧਾਰ ਵਾਲ਼ੇ ਖ਼ਿਆਲੀ ਕਮਿਊਨਿਜ਼ਮ ਦੇ ਵਿਚਾਰਾਂ ਦਾ ਪ੍ਰਚਾਰ ਕੀਤਾ।

**ਮੈਂਟਲ**, Mantell, **ਗਿਡੀਅਨ ਅਲਜਰਨਾਨ** (1790–1852)— ਅੰਗ੍ਰੇਜ਼ ਭੂ-ਗਰਭ-ਵਿਗਿਆਨੀ ਅਤੇ ਪੁਰਾ-ਪ੍ਰਾਣੀ-ਵਿਗਿਆਨੀ; ਆਪਣੀਆਂ ਵਿਗਿਆਨਕ ਲੱਭਤਾਂ ਨੂੰ ਬਾਈਬਲ ਦੀਆਂ ਕਥਾਵਾਂ

ਨਾਲ਼ ਸੁਮੇਲਣ ਦਾ ਯਤਨ ਕੀਤਾ।

**ਮੈਨਰਜ਼**, Manners, **ਜਾਨ ਜੇਮਜ਼ ਰਾਬਰਟ** (1818–1906)— ਅੰਗ੍ਰੇਜ਼ ਕੰਜ਼ਰਵੇਟਿਵ ਰਾਜ-ਨੇਤਾ, ਕੰਜ਼ਰਵੇਟਿਵ ਹਕੂਮਤਾਂ ਵਿੱਚ ਕਈ ਹਕੂਮਤੀ ਪਦਵੀਆਂ ਉੱਤੇ ਰਿਹਾ।

**ਮੈਬਲੀ**, Mably, **ਗੇਬਰੀਅਲ** (1709–1785)— ਫ਼ਰਾਂਸੀਸੀ ਸਮਾਜ-ਵਿਗਿਆਨੀ, ਸਾਵੇਂ ਅਧਾਰ ਵਾਲ਼ੇ ਖ਼ਿਆਲੀ ਕਮਿਊਨਿਜ਼ਮ ਦਾ ਹਾਮੀ।

**ਰ**

**ਰੂਸੋ**, Rousseau, **ਜਾਨ-ਜੈਕੂਅਸ** (1712–1778)— ਫ਼ਰਾਂਸੀਸੀ ਬੁੱਧੀ-ਪ੍ਰਕਾਸ਼ਕ ਅਤੇ ਜਮਹੂਰੀਅਤ-ਪਸੰਦ, ਫ਼ਰਾਂਸੀਸੀ ਇਨਕਲਾਬੀ ਨਿੱਕੀ ਬੁਰਜੂਆਜ਼ੀ ਦਾ ਵਿਚਾਰਧਾਰਕ।

**ਲ**

**ਲਾਕ**, Locke, **ਜਾਹਨ** (1632–1704)— ਅੰਗ੍ਰੇਜ਼ ਦਵੈਤਵਾਦੀ ਦਾਰਸ਼ਨਕ, ਬੋਧ ਦਾ ਇੰਦਰਿਆਵੀ ਸਿਧਾਂਤ ਘੜਿਆ।

**ਲਾਫ਼ਾਰਗ**, Lafarque, **ਪਾਲ** (1842–1911)— ਫ਼ਰਾਂਸੀਸੀ ਅਤੇ ਕੌਮਾਂਤਰੀ ਕਿਰਤੀ ਲਹਿਰ ਦਾ ਉੱਘਾ ਨੇਤਾ, ਫ਼ਰਾਂਸੀਸੀ ਕਿਰਤੀਆਂ ਦੀ ਪਾਰਟੀ ਦੇ ਮੋਢੀਆਂ ਵਿੱਚੋਂ ਇੱਕ, ਮਾਰਕਸਵਾਦ ਦਾ ਉੱਘਾ ਪ੍ਰਚਾਰਕ, ਮਾਰਕਸ ਅਤੇ ਏਂਗਲਜ਼ ਦਾ ਪੈਰੋ ਅਤੇ ਸਾਥੀ।

**ਲਾਪਲੇਸ**, Laplace, **ਪਾਅਰ ਸੀਮੋਨ** (1749–1827)— ਫ਼ਰਾਂਸੀਸੀ ਤਾਰਾ-ਵਿਗਿਆਨੀ, ਗਣਤ-ਵਿਗਿਆਨੀ ਅਤੇ ਭੌਤਕ-ਵਿਗਿਆਨੀ, ਕਾਂਟ ਤੋਂ ਸੁਤੰਤਰ ਤੌਰ ’ਤੇ ਉਹਨੇ ਸੂਰਜੀ ਪ੍ਰਬੰਧ ਦੇ ਧੁੰਦੂਕਾਰ ਆਕਾਰਾਂ ਵਿੱਚੋਂ ਉਪਜਣ ਦਾ ਸਿਧਾਂਤ ਘੜਿਆ ਅਤੇ ਸਥਾਪਤ ਕੀਤਾ।

**ਲੀਨੀਉਸ**, Linné, **ਕੋਰੋਲਸ** (1707–1778)— ਸਵੀਡਨ ਦਾ ਕੁਦਰਤ-ਵਿਗਿਆਨੀ, ਬੂਟਿਆਂ ਅਤੇ ਜਾਨਵਰਾਂ ਦੇ ਵਰਗੀਕਰਣ ਦਾ ਪ੍ਰਬੰਧ ਘੜਿਆ।

**ਲੂਈ ਬੋਨਾਪਾਰਟ—** ਵੇਖੋ ਨੈਪੋਲੀਅਨ ਤੀਜਾ।

**ਲੂਈ- ਫ਼ਿਲਪ** (1773–1850)— ਫ਼ਰਾਂਸ ਦਾ ਬਾਦਸ਼ਾਹ (1830–1848)।

**ਲੂਥਰ**, Luther, **ਮਾਰਟਨ** (1483–1546)— ਧਾਰਮਕ ਸੁਧਾਰ ਦੀ ਲਹਿਰ ਦਾ ਉੱਘਾ ਨੇਤਾ ਅਤੇ ਜਰਮਨੀ ਵਿੱਚ ਪ੍ਰੋਟੈਸਟੰਟਵਾਦ (ਲੂਥਰਵਾਦ) ਦਾ ਮੋਢੀ; ਜਰਮਨ ਸ਼ਹਿਰਾਂ ਦੇ ਵਸਨੀਕਾਂ ਦਾ ਵਿਚਾਰਧਾਰਕ; 1525 ਦੇ ਕਿਸਾਨਾਂ ਦੇ ਯੁੱਧ ਸਮੇਂ ਬਾਗ਼ੀ ਕਿਸਾਨਾਂ ਅਤੇ ਸ਼ਹਿਰੀ ਗ਼ਰੀਬਾਂ ਵਿਰੁੱਧ, ਰਈਸਾਂ ਦੀ ਹਮਾਇਤ ਕੀਤੀ।

**ਵ**

**ਵਾਟ**, Watt, **ਜੇਮਜ਼** (1736–1819)— ਭਾਫ਼ ਦੇ ਇੰਜਣ ਦਾ ਅੰਗ੍ਰੇਜ਼ ਕਾਢਕਾਰ।

**ਵਿਕਟੋਰੀਆ**, (1819–1901)— ਇੰਗਲੈਂਡ ਦੀ ਮਲਕਾ (1837–1901)।

**ਵੀਟਲਿੰਗ**, Weitling, **ਵਿਲਹਲਮ** (1808–1871)— ਇਹਦੇ ਮੁੱਢ ਤੋਂ ਹੀ ਜਰਮਨ ਕਿਰਤੀ ਸ਼੍ਰੇਣੀ ਲਹਿਰ ਦੇ ਉੱਘੇ ਨੇਤਾਵਾਂ ਵਿੱਚੋਂ ਇੱਕ; ਸਾਵੇਂ ਆਧਾਰ ਵਾਲ਼ੇ ਖ਼ਿਆਲੀ ਕਮਿਊਨਿਜ਼ਮ ਦਾ ਇੱਕ ਸਿਧਾਂਤਕਾਰ; ਕਿੱਤੇ ਵੱਲੋਂ ਦਰਜ਼ੀ।



ਸ਼ਹੀਦ ਭਗਤ ਸਿੰਘ
ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ

ਕੀਮਤ –35.00 ਰੁ.